ਸ਼ੁੱਕਰਵਾਰ, 3 ਜਨਵਰੀ, 2025
20 ਪੋਹ { ਨਾਨਕਸ਼ਾਹੀ 556
ਬਿਕਰਮੀ 2081
ਜਿਲਦ/VOL. : 73
ਅੰਕ/NO. : 214

# ਨਵਾਂ ਜ਼ਮਾਨਾ

DAILY NAWAN ZAMANA • FRIDAY, 3 JANUARY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਅੰਬੇਡਕਰ ਨੇ ਸਾਡੀ ਸ਼ਾਖਾ ਦਾ ਦੌਰਾ ਕੀਤਾ ਸੀ : ਸੰਘ



**ਨਾਗਪੁਰ** : ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ 85 ਸਾਲ ਪਹਿਲਾਂ ਮਹਾਰਾਸ਼ਟਰ 'ਚ ਰਾਸ਼ਟਰੀ ਸਵੈਮਸੇਵਕ ਸੰਘ (ਆਰ ਐੱਸ ਐੱਸ) ਦੀ 'ਸ਼ਾਖਾ' ਦਾ ਦੌਰਾ ਕੀਤਾ ਸੀ। ਇਹ ਦਾਅਵਾ ਸੰਘ ਦੇ ਮੀਡੀਆ ਵਿੰਗ ਨੇ ਕੀਤਾ ਹੈ।

ਵਿੰਗ ਨੇ ਕਿਹਾ ਹੈ ਕਿ ਆਪਣੀ ਫੇਰੀ ਦੌਰਾਨ ਅੰਬੇਡਕਰ ਨੇ ਕਿਹਾ ਕਿ ਉਹ ਕੁਝ ਮੁੱਦਿਆਂ 'ਤੇ ਮਤਭੇਦਾਂ ਦੇ ਬਾਵਜੂਦ ਸੰਘ ਨੂੰ 'ਪਿਆਰ ਦੀ ਭਾਵਨਾ ਨਾਲ ਦੇਖਦੇ ਹਨ।' ਸੰਘ ਦੇ ਸੰਚਾਰ ਵਿੰਗ 'ਵਿਸ਼ਵ ਸੰਵਾਦ ਕੇਂਦਰ' ਦੇ ਵਿਦਰਭ ਪ੍ਰਾਂਤ ਨੇ ਵੀਰਵਾਰ ਜਾਰੀ ਬਿਆਨ 'ਚ ਇਹ ਦਾਅਵਾ ਕੀਤਾ। ਉਸ ਨੇ ਕਿਹਾ ਕਿ ਸੰਘ ਨੂੰ ਹੁਣ ਤੱਕ ਦੇ ਆਪਣੇ ਸਫ਼ਰ ਦੌਰਾਨ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਇਸ 'ਤੇ ਕਈ ਦੋਸ਼ ਲਗਾਏ ਗਏ ਹਨ, ਪਰ ਇਸ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ 'ਗਲਤ ਸਾਬਤ ਕੀਤਾ' ਅਤੇ ਇੱਕ ਸਮਾਜੀ ਸੰਗਠਨ ਵਜੋਂ ਆਪਣੀ ਪਛਾਣ ਦੀ ਪੁਸ਼ਟੀ ਕੀਤੀ ਹੈ।

ਪ੍ਰਾਂਤ ਨੇ ਆਪਣੇ ਬਿਆਨ 'ਚ ਕਿਹਾ ਹੈ ਕਿ ਸੰਘ 'ਤੇ ਵੱਖ-ਵੱਖ ਕਾਰਨਾਂ ਕਰਕੇ ਤਿੰਨ ਵਾਰ ਪਾਬੰਦੀ ਲਗਾਈ ਗਈ ਸੀ, ਪਰ ਇਹ ਬਿਨਾਂ ਕਿਸੇ ਨੁਕਸਾਨ ਦੇ ਅਜਿਹੇ ਸੰਕਟਾਂ ਤੋਂ ਬਾਹਰ ਆਇਆ। ਸੰਘ 'ਤੇ ਦਲਿਤ ਵਿਰੋਧੀ ਹੋਣ ਦੇ ਦੋਸ਼ ਲੱਗੇ ਸਨ ਅਤੇ ਡਾਕਟਰ ਅੰਬੇਡਕਰ ਤੇ ਸੰਘ ਬਾਰੇ ਗਲਤ ਜਾਣਕਾਰੀ ਫੈਲਾਈ ਗਈ ਸੀ, ਪਰ ਹੁਣ ਡਾ. ਅੰਬੇਡਕਰ ਅਤੇ ਸੰਘ ਬਾਰੇ ਇੱਕ ਨਵਾਂ ਦਸਤਾਵੇਜ਼ ਸਾਹਮਣੇ ਆਇਆ ਹੈ, ਜੋ ਡਾ. ਅੰਬੇਡਕਰ ਅਤੇ ਸੰਘ ਵਿਚਕਾਰ ਸੰਬੰਧਾਂ ਨੂੰ ਉਜਾਗਰ ਕਰਦਾ ਹੈ। ਪ੍ਰਾਂਤ ਦੇ ਬਿਆਨ ਮੁਤਾਬਕ ਡਾ. ਅੰਬੇਡਕਰ ਨੇ 2 ਜਨਵਰੀ, 1940 ਨੂੰ ਸਤਾਰਾ ਜ਼ਿਲ੍ਹੇ ਦੇ ਕਰਾੜ ਵਿਖੇ ਸੰਘ ਦੀ ਇੱਕ 'ਸ਼ਾਖਾ' (ਸਥਾਨਕ ਇਕਾਈ) ਦਾ ਦੌਰਾ ਕੀਤਾ ਸੀ, ਜਿੱਥੇ ਉਨ੍ਹਾ ਸੰਘ ਦੇ ਸਵੈਮਸੇਵਕਾਂ (ਵਲੰਟੀਅਰਾਂ) ਨੂੰ ਵੀ ਸੰਬੋਧਨ ਕੀਤਾ। ਆਪਣੇ ਸੰਬੋਧਨ 'ਚ ਡਾ. ਅੰਬੇਡਕਰ ਨੇ ਕਿਹਾ ਸੀ— ਹਾਲਾਂਕਿ ਕੁਝ ਮੁੱਦਿਆਂ 'ਤੇ ਮਤਭੇਦ ਹਨ, ਪਰ ਮੈਂ ਸੰਘ ਨੂੰ ਪਿਆਰ ਦੀ ਭਾਵਨਾ ਨਾਲ ਦੇਖਦਾ ਹਾਂ। ਬਿਆਨ 'ਚ ਖ਼ਬਰਾਂ ਦੀ ਇੱਕ ਕਾਤਰ ਦੇ ਨਾਲ ਕਿਹਾ ਗਿਆ ਹੈ ਕਿ ਪੁਣੇ ਦੇ ਇੱਕ ਮਰਾਠੀ ਰੋਜ਼ਨਾਮਾ 'ਕੇਸਰੀ' ਵਿੱਚ ਡਾ. ਅੰਬੇਡਕਰ ਦੀ ਸੰਘ ਸ਼ਾਖਾ 'ਚ ਫੇਰੀ ਬਾਰੇ 9 ਜਨਵਰੀ 1940 ਨੂੰ ਇੱਕ ਰਿਪੋਰਟ ਪ੍ਰਕਾਸ਼ਤ ਹੋਈ ਸੀ। ਇਸ ਰਿਪੋਰਟ 'ਚ ਸੰਘ ਦੇ ਵਿਚਾਰਧਾਰਕ ਦੱਤੋਪੰਤ ਠੇਂਗੜੀ ਦੁਆਰਾ ਲਿਖੀ ਗਈ 'ਡਾ. ਅੰਬੇਡਕਰ ਔਰ ਸਮਾਜਿਕ ਕ੍ਰਾਂਤੀ ਕੀ ਯਾਤਰਾ' ਨਾਮੀ ਕਿਤਾਬ ਦਾ ਹਵਾਲਾ ਦਿੱਤਾ ਗਿਆ ਹੈ, ਜਿਸ 'ਚ ਸੰਘ ਅਤੇ ਡਾ. ਅੰਬੇਡਕਰ ਵਿਚਕਾਰ ਸੰਬੰਧਾਂ ਬਾਰੇ ਗੱਲ ਕੀਤੀ ਗਈ ਹੈ। ਕਿਤਾਬ ਦੇ ਅੱਠਵੇਂ ਅਧਿਆਇ ਦੇ ਸ਼ੁਰੂ 'ਚ ਠੇਂਗੜੀ ਕਹਿੰਦਾ ਹੈ ਕਿ ਡਾ. ਅੰਬੇਡਕਰ ਨੂੰ ਸੰਘ ਦਾ ਪੂਰਾ ਗਿਆਨ ਸੀ। ਇਸ ਦੇ ਸਵੈਮਸੇਵਕ ਉਨ੍ਹਾ ਨਾਲ ਨਿਯਮਤ ਸੰਪਰਕ 'ਚ ਸਨ ਅਤੇ ਉਨ੍ਹਾ ਨਾਲ ਵਿਚਾਰ-ਵਟਾਂਦਰਾ ਕਰਦੇ ਰਹਿੰਦੇ ਸਨ। ਬਿਆਨ 'ਚ ਇਹ ਵੀ ਕਿਹਾ ਗਿਆ ਹੈ ਕਿ ਮਹਾਤਮਾ ਗਾਂਧੀ ਨੇ ਵੀ 1934 'ਚ ਵਰਧਾ ਵਿਖੇ ਸੰਘ ਕੈਂਪ ਦਾ ਦੌਰਾ ਕੀਤਾ ਸੀ, ਜਿੱਥੇ ਉਨ੍ਹਾ ਨੂੰ ਅਹਿਸਾਸ ਹੋਇਆ ਕਿ ਸੰਘ 'ਚ ਵੱਖ-ਵੱਖ ਜਾਤਾਂ ਅਤੇ ਧਰਮਾਂ ਦੇ ਵਲੰਟੀਅਰ ਸਨ। ਉਨ੍ਹਾ ਖੁਦ ਅਨੁਭਵ ਕੀਤਾ ਕਿ ਕੈਂਪ 'ਚ ਕੋਈ ਵੀ ਸਵੈਮਸੇਵਕ ਆਪਣੀ ਜਾਤ ਜਾਂ ਦੂਜੇ ਸਵੈਮਸੇਵਕਾਂ ਦੀ ਜਾਤ ਜਾਣਨ 'ਚ ਦਿਲਚਸਪੀ ਨਹੀਂ ਰੱਖਦਾ। ਸਾਰਿਆਂ ਦੇ ਮਨ 'ਚ ਸਿਰਫ ਇੱਕ ਹੀ ਭਾਵਨਾ ਸੀ ਕਿ ਅਸੀਂ ਸਾਰੇ ਹਿੰਦੂ ਹਾਂ। ਇਸ ਲਈ ਸਵੈਮਸੇਵਕਾਂ ਨੇ ਆਪਣੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਆਪਣੇ ਆਪ ਕੀਤੀਆਂ।

## ਕੇਂਦਰ ਅੜੀ ਛੱਡ ਕੇ ਅੰਨਦਾਤੇ ਦੀ ਸਾਰ ਲਵੇ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਕਿਹਾ ਕਿ ਕੇਂਦਰ ਸਰਕਾਰ ਦੇਸ਼ ਦੇ ਅੰਨਦਾਤੇ ਦੀ ਸਾਰ ਲਏ। ਮਾਨ ਨੇ ਕਿਹਾ ਕਿ ਖੇਤੀ ਰਾਜਾਂ ਦਾ ਵਿਸ਼ਾ ਹੈ। ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਦੇ ਮੰਡੀਕਰਨ ਦੇ ਖਰੜੇ ਨੂੰ ਰੱਦ ਕਰਦਿਆਂ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਪਿਛਲੇ ਦਰਵਾਜ਼ਿਓਂ ਮੁੜ ਲਿਆਉਣ ਦੀ ਕੋਸ਼ਿਸ਼ ਕਰਾਰ ਦਿੱਤਾ। ਉਂਝ ਮੁੱਖ ਮੰਤਰੀ ਨੇ ਦੋ ਕਿਸਾਨ ਫੋਰਮਾਂ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਦੀ ਨਿਖੇਧੀ ਕੀਤੀ। ਉਨ੍ਹਾ ਕਿਹਾ ਕਿ ਪੰਜਾਬ ਬੰਦ ਨਾਲ ਨਾ ਸਿਰਫ ਆਮ ਲੋਕਾਂ ਨੂੰ ਖੱਜਲਖੁਆਰੀ ਹੋਈ, ਬਲਕਿ ਸੂਬੇ ਨੂੰ ਇੱਕੋ ਦਿਨ 'ਚ 100 ਕਰੋੜ ਰੁਪਏ ਦਾ ਰਗੜਾ ਲੱਗਾ।

ਕਿਸਾਨ ਵਿਰੋਧੀ ਰਵੱਈਏ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਕਿਸਾਨ ਵਿਰੋਧੀ ਸਖ਼ਤ ਕਾਨੂੰਨ ਨੂੰ ਪਿਛਲੇ ਦਰਵਾਜ਼ੇ ਰਾਹੀਂ ਪਾਸ ਕਰਨ ਲਈ ਕੇਂਦਰ ਸਰਕਾਰ ਵੱਲੋਂ ਕੀਤੀ ਜਾ ਰਹੀ ਕਿਸੇ ਵੀ ਕੋਸ਼ਿਸ਼ ਦਾ ਸੂਬਾ ਸਰਕਾਰ ਜ਼ੋਰਦਾਰ ਵਿਰੋਧ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਤੋਂ ਸ਼ੰਭੂ ਅਤੇ ਖਨੌਰੀ ਸਰਹੱਦਾਂ 'ਤੇ ਕਿਸਾਨ ਅੰਦੋਲਨ ਚੱਲ ਰਿਹਾ ਹੈ। ਕਿਸਾਨ ਸੰਗਠਨ ਨੇ ਕੇਂਦਰ ਸਰਕਾਰ ਨਾਲ ਪਿਛਲੇ ਸਾਲ ਜਨਵਰੀ-ਫਰਵਰੀ ਵਿੱਚ ਵਿਸਥਾਰਪੂਰਵਕ ਗੱਲਬਾਤ ਕੀਤੀ ਅਤੇ ਇਹ ਗੱਲਬਾਤ ਕਰਵਾਉਣ ਲਈ ਸੂਬਾ ਸਰਕਾਰ ਨੇ ਪੁਲ ਦਾ ਕੰਮ ਕੀਤਾ। ਮਾਨ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਮੁੱਖ ਤੌਰ 'ਤੇ ਕੇਂਦਰ ਸਰਕਾਰ ਨਾਲ ਸੰਬੰਧਤ ਹਨ ਅਤੇ ਇਸ ਵਿੱਚ ਪੰਜਾਬ ਦੀ ਕੋਈ ਭੂਮਿਕਾ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਕੇਂਦਰ ਵਿੱਚ ਸੱਤਾ ਹਾਸਲ ਕਰਨ ਤੋਂ ਬਾਅਦ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਕਿਸਾਨਾਂ ਨਾਲ ਕੋਈ ਸਰੋਕਾਰ ਜ਼ਾਹਰ ਨਹੀਂ ਕੀਤਾ। ਉਨ੍ਹਾ ਕਿਹਾ ਕਿ ਹੁਣ ਕੇਂਦਰ ਸਰਕਾਰ ਪਿਛਲੇ ਦਰਵਾਜ਼ੇ ਰਾਹੀਂ ਕਾਲੇ ਕਾਨੂੰਨ ਵਾਪਸ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਕਿਸਾਨਾਂ ਦੀਆਂ ਸਾਰੀਆਂ ਮੰਗਾਂ ਕੇਂਦਰ ਸਰਕਾਰ ਨਾਲ ਜੁੜੀਆਂ ਹੋਈਆਂ ਹਨ, ਪਰ ਮੋਦੀ ਸਰਕਾਰ ਇਸ ਪ੍ਰਤੀ ਉਦਾਸੀਨ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਮਰਨ ਵਰਤ ਜਾਰੀ ਹੈ, ਪਰ ਕੇਂਦਰ ਸਰਕਾਰ ਨੂੰ ਕੋਈ ਫ਼ਿਕਰ ● ਬਾਕੀ ਸਫ਼ਾ 2 'ਤੇ

## ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਦੀ ਖਿਚਾਈ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਵੀਰਵਾਰ ਪੰਜਾਬ ਸਰਕਾਰ ਦੀ ਖਿਚਾਈ ਕਰਦਿਆਂ ਕਿਹਾ ਕਿ ਇਸ ਦੇ ਅਧਿਕਾਰੀ ਅਤੇ ਕੁਝ ਕਿਸਾਨ ਆਗੂ ਮੀਡੀਆ 'ਚ ਇਹ ਗਲਤ ਪ੍ਰਭਾਵ ਪਾ ਰਹੇ ਹਨ ਕਿ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਉੱਜਲ ਭੂਈਆਂ ਦੀ ਬੈਂਚ ਨੇ ਸਾਫ ਕੀਤਾ ਕਿ ਅਦਾਲਤ ਨੇ ਕਦੇ ਵੀ ਡੱਲੇਵਾਲ ਦਾ ਅੰਦੋਲਨ (ਮਰਨ ਵਰਤ) ਤੋੜਨ ਜਾਂ ਖਤਮ ਕਰਾਉਣ ਦੀ ਹਦਾਇਤ ਨਹੀਂ ਦਿੱਤੀ। ਬੈਂਚ ਨੇ ਕਿਹਾ ਕਿ ਅਦਾਲਤ ਦੀ ਚਿੰਤਾ ਸਿਰਫ ਡੱਲੇਵਾਲ ਦੀ ਸਿਹਤ ਨਾਲ ਸੰਬੰਧਤ ਹੈ ਅਤੇ ਉਹ ਚਾਹੁੰਦੀ ਹੈ ਕਿ ਉਨ੍ਹਾ ਨੂੰ ਤੁਰੰਤ ਡਾਕਟਰੀ ਸਹਾਇਤਾ ਦਿੱਤੀ ਜਾਵੇ।

ਜਸਟਿਸ ਸੂਰੀਆ ਕਾਂਤ ਨੇ ਕਿਹਾ ਕਿ ਅਦਾਲਤ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦੀ, ਪਰ ਅਜਿਹਾ ਲੱਗਦਾ ਹੈ ਕਿ ਪੰਜਾਬ ਸਰਕਾਰ ਦੇ ਅਧਿਕਾਰੀ ਅਤੇ ਕੁਝ ਕਿਸਾਨ ਆਗੂ ਜ਼ਮੀਨੀ ਸਥਿਤੀ ਨੂੰ ਹੋਰ ਗੁੰਝਲਦਾਰ ਬਣਾਉਣ ਲਈ ਮੀਡੀਆ 'ਚ ਗੈਰ-ਜ਼ਿੰਮੇਵਾਰਾਨਾ ਬਿਆਨ ਦੇ ਰਹੇ ਹਨ। ਬੈਂਚ ਨੇ ਕਿਹਾ—ਸਾਨੂੰ ਡੱਲੇਵਾਲ ਪ੍ਰਤੀ ਕੁਝ ਕਿਸਾਨ ਆਗੂਆਂ ਦੀ ਸੱਚੀ ਸੰਜੀਦਗੀ ਦੀ ਘੋਖ ਕਰਨ ਦੀ ਲੋੜ ਹੈ। ਇਸ ਮੌਕੇ ਅਦਾਲਤ ਵਿਚ ਪੇਸ਼ ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਸਥਿਤੀ ਨੂੰ ਉਲਝਾਉਣ ਦੀ ਅਜਿਹੀ ਕਿਸੇ ਵੀ ਕੋਸ਼ਿਸ਼ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਡੱਲੇਵਾਲ ਨੂੰ ਆਪਣਾ ਵਰਤ ਤੋੜੇ ਬਿਨਾਂ ਡਾਕਟਰੀ ਸਹਾਇਤਾ ਲੈਣ ਲਈ ਮਨਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ। ਬੈਂਚ ਨੇ ਕਿਹਾ ਕਿ ਕਿਉਂਕਿ ਪੰਜਾਬ ਦੇ ਮੁੱਖ ਸਕੱਤਰ ਅਤੇ ਡੀ ਜੀ ਪੀ ਇਸ ਮਾਮਲੇ 'ਚ ਵਰਚੁਅਲੀ ਪੇਸ਼ ਹੋ ਰਹੇ ਹਨ, ਉਮੀਦ ਹੈ ਕਿ ਅਦਾਲਤ ਦਾ ਸੁਨੇਹਾ ਸਰਕਾਰ ਤੱਕ ਸਹੀ ਢੰਗ ਨਾਲ ਪਹੁੰਚ ਜਾਵੇਗਾ। ਅਦਾਲਤ ਨੇ ਦੋਵਾਂ ਅਧਿਕਾਰੀਆਂ ਨੂੰ 20 ਦਸੰਬਰ ਦੇ ਆਪਣੇ ਹੁਕਮ ਦੀ ਪਾਲਣਾ ਕਰਨ ਵਾਲਾ ਆਪਣਾ ਹਲਫਨਾਮਾ ਦਾਇਰ ਕਰਨ ਲਈ ਕਿਹਾ, ਜਿਸ 'ਚ ਅਦਾਲਤ ਨੇ ਪੰਜਾਬ ਸਰਕਾਰ ਨੂੰ ਡੱਲੇਵਾਲ ਨੂੰ ਸਰਕਾਰ ਵੱਲੋਂ ਬਣਾਈਆਂ ਗਈਆਂ ਨੇੜਲੀਆਂ ਮੈਡੀਕਲ ਸਹੂਲਤਾਂ 'ਚ ਤਬਦੀਲ ਕਰਨ ਦਾ ਹੁਕਮ ਦਿੱਤਾ ਹੈ। ਸੁਪਰੀਮ ਕੋਰਟ ਨੇ ਮਾਮਲੇ ਨੂੰ ਅਗਲੀ ਸੁਣਵਾਈ ਲਈ 6 ਜਨਵਰੀ ਵਾਸਤੇ ਸੂਚੀਬੱਧ ਕੀਤਾ ਹੈ। ਉਸ ਨੇ ਡੱਲੇਵਾਲ ਵੱਲੋਂ ਦਾਇਰ ਇੱਕ ਨਵੀਂ ਪਟੀਸ਼ਨ 'ਤੇ ਕੇਂਦਰ ਨੂੰ ਨੋਟਿਸ ਵੀ ਜਾਰੀ ਕੀਤਾ, ਜਿਸ 'ਚ ਕੇਂਦਰ ਸਰਕਾਰ ਨੂੰ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਤੇ ਹੋਰ ਵਾਅਦਿਆਂ ਦੀ ਪਾਲਣਾ ਕਰਨ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ, ਜੋ ਕਿ 2021 'ਚ ਖੇਤੀ ਕਾਨੂੰਨਾਂ ਨੂੰ ਰੱਦ ਕੀਤੇ ਜਾਣ ਤੋਂ ਬਾਅਦ ਅੰਦੋਲਨਕਾਰੀ ਕਿਸਾਨਾਂ ਨਾਲ ਕੀਤੇ ਗਏ ਸਨ।

## ਕੇਂਦਰ ਨੀਟ-ਯੂ ਜੀ ਪ੍ਰੀਖਿਆ 'ਚ ਸੁਧਾਰ ਦੀਆਂ ਸਾਰੀਆਂ ਸਿਫਾਰਸ਼ਾਂ ਲਾਗੂ ਕਰੇਗਾ

**ਨਵੀਂ ਦਿੱਲੀ** : ਕੇਂਦਰ ਨੇ ਵੀਰਵਾਰ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਹ ਪਿਛਲੇ ਸਾਲ ਨੀਟ-ਯੂਜੀ ਦੇ ਆਯੋਜਨ 'ਚ ਨੈਸ਼ਨਲ ਟੈਸਟਿੰਗ ਏਜੰਸੀ (ਐੱਨ ਟੀ ਏ) ਦੇ ਕੰਮਕਾਜ ਦੀ ਸਮੀਖਿਆ ਕਰਨ ਤੋਂ ਬਾਅਦ ਪ੍ਰੀਖਿਆ ਸੁਧਾਰਾਂ 'ਤੇ ਆਪਣੇ ਸੱਤ ਮੈਂਬਰੀ ਮਾਹਰ ਪੈਨਲ ਵੱਲੋਂ ਸੁਝਾਏ ਗਏ ਸਾਰੇ ਸੁਧਾਰਾਤਮਕ ਉਪਾਵਾਂ ਨੂੰ ਲਾਗੂ ਕਰੇਗਾ।

ਸੁਪਰੀਮ ਕੋਰਟ ਨੇ ਪਿਛਲੇ ਸਾਲ 2 ਅਗਸਤ ਨੂੰ ਵਿਵਾਦਗ੍ਰਸਤ ਨੀਟ-ਯੂਜੀ 2024 ਨੂੰ ਰੱਦ ਕਰਨ ਤੋਂ ਇਨਕਾਰ ਕਰਦੇ ਹੋਏ ਕਿਹਾ ਸੀ ਕਿ ਇਸ ਸਮੇਂ ਰਿਕਾਰਡ 'ਤੇ ਅਜਿਹੀ ਕੋਈ ਸਮੱਗਰੀ ਨਹੀਂ ਹੈ, ਜੋ ਪ੍ਰੀਖਿਆ ਦੀ ਅਖੰਡਤਾ ਨਾਲ ਸਮਝੌਤਾ ਕਰਨ ਵਾਲੀ ਪ੍ਰਣਾਲੀਗਤ ਲੀਕ ਜਾਂ ਗਲਤ ਪ੍ਰਥਾ ਨੂੰ ਦਰਸਾਉਂਦੀ ਹੈ। ਉਸ ਨੇ ਐੱਨ ਟੀ ਏ ਦੇ ਕੰਮਕਾਜ ਦੀ ਸਮੀਖਿਆ ਕਰਨ ਅਤੇ ਨੀਟ-ਯੂਜੀ ਨੂੰ ਪਾਰਦਰਸ਼ੀ ਬਣਾਉਣ ਅਤੇ ਕਿਸੇ ਦੁਰਵਰਤੋਂ ਤੋਂ ਮੁਕਤ ਕਰਨ ਲਈ ਪ੍ਰੀਖਿਆ ਸੁਧਾਰਾਂ ਦੀ ਸਿਫਾਰਸ਼ ਕਰਨ ਲਈ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਸਾਬਕਾ ਮੁਖੀ ਕੇ ਰਾਧਾਕ੍ਰਿਸ਼ਨਨ ਦੀ ਅਗਵਾਈ ਵਾਲੇ ਸੱਤ ਮੈਂਬਰੀ ਮਾਹਰ ਪੈਨਲ ਦੀ ਮਿਆਦ ਦਾ ਵੀ ਵਿਸਤਾਰ ਕੀਤਾ ਸੀ।

ਵੀਰਵਾਰ ਨੂੰ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਕੇਂਦਰ ਵੱਲੋਂ ਪੇਸ਼ ਹੋਏ ਅਤੇ ਉਨ੍ਹਾ ਜਸਟਿਸ ਪੀ ਐੱਸ ਨਰਸਿਮ੍ਹਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੂੰ ਦੱਸਿਆ ਕਿ ਕੇਂਦਰ ਵੱਲੋਂ ਨਿਯੁਕਤ ਕਮੇਟੀ ਨੇ ਆਪਣੀ ਰਿਪੋਰਟ ਦਾਖਲ ਕਰ ਦਿੱਤੀ ਹੈ ਅਤੇ ਸਰਕਾਰ ਸਾਰੀਆਂ ਸਿਫਾਰਸ਼ਾਂ ਨੂੰ ਲਾਗੂ ਕਰੇਗੀ। ਉਸ ਨੇ ਕਿਹਾ— ਅਸੀਂ ਸਾਰੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਜਾ ਰਹੇ ਹਾਂ ਅਤੇ ਇਹ ਮਾਮਲਾ ਛੇ ਮਹੀਨਿਆਂ ਬਾਅਦ ਸੂਚੀਬੱਧ ਕੀਤਾ ਜਾ ਸਕਦਾ ਹੈ।

ਮਾਮਲਾ ਤਿੰਨ ਮਹੀਨਿਆਂ ਲਈ ਮੁਲਤਵੀ ਕਰਦਿਆਂ ਬੈਂਚ ਨੇ ਪਟੀਸ਼ਨ ਨੂੰ ਅਪ੍ਰੈਲ ਮਹੀਨੇ ਲਈ ਸੂਚੀਬੱਧ ਕਰਨ ਲਈ ਕਿਹਾ। ਪੂਰੀ ਰਿਪੋਰਟ ਨੂੰ ਕੋਰਟ ਦੇ ਰਿਕਾਰਡ 'ਤੇ ਨਹੀਂ ਰੱਖਿਆ ਗਿਆ ਹੈ, ਕਿਉਂਕਿ ਇਸ ਵਿਚ ਪ੍ਰਸ਼ਨ-ਪੱਤਰਾਂ ਦੀ ਛਪਾਈ ਆਦਿ ਵਰਗੇ ਮੁੱਦਿਆਂ ਬਾਰੇ ਕੁਝ ਵੇਰਵੇ ਵੀ ● ਬਾਕੀ ਸਫ਼ਾ 2 'ਤੇ

## 377 ਟਨ ਜ਼ਹਿਰੀਲਾ ਕੂੜਾ 40 ਸਾਲ ਬਾਅਦ ਚੁੱਕਿਆ

**ਧਾਰ (ਮੱਧ ਪ੍ਰਦੇਸ਼)** : ਭੋਪਾਲ ਵਿੱਚ ਵਾਪਰੇ ਭਿਆਨਕ ਗੈਸ ਦੁਖਾਂਤ ਦਾ ਕਾਰਨ ਬਣੀ ਤੇ ਉਦੋਂ ਤੋਂ ਹੀ ਬੰਦ ਪਈ ਯੂਨੀਅਨ ਕਾਰਬਾਈਡ ਫੈਕਟਰੀ ਵਿਚਲੇ 377 ਟਨ ਖਤਰਨਾਕ ਕੂੜੇ (ਰਹਿੰਦ-ਖੂੰਹਦ) ਨੂੰ 40 ਸਾਲਾਂ ਬਾਅਦ ਹੁਣ ਧਾਰ ਜ਼ਿਲ੍ਹੇ ਵਿਚਲੀ ਇੱਕ ਯੂਨਿਟ 'ਚ ਨਿਬੇੜੇ ਲਈ ਭੇਜਿਆ ਗਿਆ ਹੈ।

ਧਾਰ ਦੇ ਐੱਸ ਪੀ ਮਨੋਜ ਸਿੰਘ ਨੇ ਦੱਸਿਆ ਕਿ ਜ਼ਹਿਰੀਲੇ ਕੂੜੇ ਨੂੰ ਬੁੱਧਵਾਰ ਰਾਤ ਲੱਗਭੱਗ 9 ਵਜੇ 12 ਸੀਲਬੰਦ ਕੰਟੇਨਰ ਟਰੱਕਾਂ ਰਾਹੀਂ ਭੋਪਾਲ ਤੋਂ 250 ਕਿਲੋਮੀਟਰ ਦੂਰ ਸਥਿਤ ਧਾਰ ਜ਼ਿਲ੍ਹੇ ਦੇ ਪੀਥਮਪੁਰ ਉਦਯੋਗਿਕ ਖੇਤਰ 'ਚ 'ਗਰੀਨ ਕੋਰੀਡੋਰ' ਰਾਹੀਂ ਲਿਜਾਇਆ ਗਿਆ, ਭਾਵ ਰਸਤੇ ਦੀਆਂ ਸੜਕਾਂ ਨੂੰ ਆਵਾਜਾਈ ਤੋਂ ਪੂਰੀ ਤਰ੍ਹਾਂ ਖਾਲੀ ਕਰਵਾਇਆ ਗਿਆ। ਸਖਤ ਸੁਰੱਖਿਆ ਦੌਰਾਨ ਇਹ ਵਾਹਨ ਸਾਢੇ ਸੱਤ ਘੰਟੇ ਦਾ ਸਫਰ ਕਰਕੇ ਵੀਰਵਾਰ ਸਵੇਰੇ 4.30 ਵਜੇ ਪੀਥਮਪੁਰ ਦੀ ਸੰਬੰਧਤ ਫੈਕਟਰੀ 'ਚ ਪਹੁੰਚੇ, ਜਿੱਥੇ ਕੂੜੇ ਦਾ ਨਿਬੇੜਾ ਕੀਤਾ ਜਾਵੇਗਾ।

ਐਤਵਾਰ ਤੋਂ ਲੱਗਭੱਗ 100 ਵਿਅਕਤੀਆਂ ਨੇ 30-30 ਮਿੰਟ ਦੀਆਂ ਸ਼ਿਫਟਾਂ 'ਚ ਕੰਮ ਕਰਦਿਆਂ ਕੂੜੇ ਨੂੰ ਪੈਕ ਅਤੇ ਟਰੱਕਾਂ 'ਚ ਲੋਡ ਕੀਤਾ। ਲਗਾਤਾਰ ਉਨ੍ਹਾਂ ਦੀ ਸਿਹਤ ਜਾਂਚ ਕੀਤੀ ਜਾਂਦੀ ਰਹੀ ਅਤੇ ਹਰ ਅੱਧੇ ਘੰਟੇ ਬਾਅਦ ਆਰਾਮ ਦਿੱਤਾ ਜਾਂਦਾ ਰਿਹਾ। 2-3 ਦਸੰਬਰ, 1984 ਦ ੀ ● ਬਾਕੀ ਸਫ਼ਾ 2 'ਤੇ

## ਨਿਤੀਸ਼ ਲਈ ਮੇਰਾ ਦਰਵਾਜ਼ਾ ਖੁੱਲ੍ਹਾ : ਲਾਲੂ



**ਪਟਨਾ** : ਰਾਜਦ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਵੱਲੋਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨਾਲ ਸੁਲ੍ਹਾ ਦੀ ਗੱਲ ਕਹਿਣ ਤੋਂ ਬਾਅਦ ਬਿਹਾਰ 'ਚ ਸਿਆਸੀ ਮਾਹੌਲ ਗਰਮਾ ਗਿਆ ਹੈ। ਬੁੱਧਵਾਰ ਰਾਤ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਤੋਂ ਪੱਤਰਕਾਰਾਂ ਨੇ ਜਦ ਪੁੱਛਿਆ ਕਿ ਕੀ ਉਨ੍ਹਾ ਦਾ ਦਰਵਾਜ਼ਾ ਨਿਤੀਸ਼ ਲਈ ਖੁੱਲ੍ਹਾ ਹੈ, ਲਾਲੂ ਨੇ ਕਿਹਾ—ਮੇਰਾ ਦਰਵਾਜ਼ਾ ਸਦਾ ਲਈ ਖੁੱਲ੍ਹਾ ਹੈ। ਨਿਤੀਸ਼ ਕੁਮਾਰ ਨੂੰ ਵੀ ਆਪਣਾ ਦਰਵਾਜ਼ਾ ਖੁੱਲ੍ਹਾ ਰੱਖਣਾ ਚਾਹੀਦਾ ਹੈ।

ਇਹ ਪੁੱਛੇ ਜਾਣ 'ਤੇ ਕਿ ਜੇ ਨਿਤੀਸ਼ ਮਹਾਂਗੱਠਬੰਧਨ ਵਿੱਚ ਪਰਤਦੇ ਹਨ ਤਾਂ ਉਹ ਉਨ੍ਹਾ ਨੂੰ ਮੁਆਫ ਕਰ ਦੇਣਗੇ, ਲਾਲੂ ਨੇ ਕਿਹਾ—ਮੁਆਫ ਕਰਨਾ ਮੇਰਾ ਕੰਮ। ਜੇ ਉਹ ਪਰਤਦੇ ਹਨ ਤਾਂ ਮੈਂ ਕਿਸੇ ਸਮੱਸਿਆ ਦੇ ਮੁਆਫ ਕਰ ਦੇਵਾਂਗਾ। ਹਰ ਕੋਈ ਮਿਲ ਕੇ ਕੰਮ ਕਰੇਗਾ।

ਹਾਲਾਂਕਿ ਲਾਲੂ ਨਿਤੀਸ਼ ਨੂੰ ਮੁਆਫ ਕਰਨ ਲਈ ਤਿਆਰ ਹਨ, ਪਰ ਉਨ੍ਹਾ ਦੇ ਸਾਬਕਾ ਉਪ ਮੁੱਖ ਮੰਤਰੀ ਪੁੱਤਰ ਤੇਜਸਵੀ ਨਿਤੀਸ਼ ਨਾਲ ਮਿਲਣ ਲਈ ਤਿਆਰ ਨਹੀਂ। ਵੀਰਵਾਰ ਬਿਹਾਰ ਦੇ ਨਵੇਂ ਗਵਰਨਰ ਆਰਿਫ ਮੁਹੰਮਦ ਖਾਨ ਦੇ ਸਹੁੰ ਚੁੱਕ ਸਮਾਗਮ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ—ਨਿਤੀਸ਼ ਵਿੱਚ ਹੁਣ ਕੁਝ ਨਹੀਂ ਬਚਿਆ। ਬਿਹਾਰ ਦੇ ਲੋਕ ਮੇਰੇ ਵਿੱਚ ਵਿਸ਼ਵਾਸ ਕਰਦੇ ਹਨ ਅਤੇ ਇਸ ਵਾਰ ਅਸੀਂ ਆਪਣੇ ਦਮ 'ਤੇ ਸਰਕਾਰ ਬਣਾਵਾਂਗੇ।

ਦਰਅਸਲ ਹੰਢੇ ਹੋਏ ਸਿਆਸਤਦਾਨ ਲਾਲੂ ਨਿਤੀਸ਼ ਕੁਮਾਰ ਦੀ ਰਣਨੀਤਕ ਅਹਿਮੀਅਤ ਸਮਝਦੇ ਹਨ, ਪਰ ਤੇਜਸਵੀ ਆਪਣੀ ਤੋਰੇ ਤੁਰਨਾ ਚਾਹੁੰਦੇ ਹਨ। ਉਨ੍ਹਾ ਨੂੰ ਭਰੋਸਾ ਹੈ ਕਿ ਚੋਣਾਂ ਵਿੱਚ ਲੋਕ ਉਨ੍ਹਾ ਨੂੰ ਜਿਤਾਉਣਗੇ। ਬਿਹਾਰ ਵਿੱਚ ਇਸ ਸਾਲ ਅਸੰਬਲੀ ਚੋਣਾਂ ਹੋਣੀਆਂ ਹਨ। ਰਾਜਦ ਤੇ ਐੱਨ ਡੀ ਏ ਆਗੂ ਸੂਬੇ ਦੇ ਦੌਰੇ ਕਰ ਰਹੇ ਹਨ।

## ਟਰੰਪ ਹੋਟਲ ਦੇ ਬਾਹਰ ਧਮਾਕਾ




**ਲਾਸ ਵੇਗਾਸ** : ਲਾਸ ਵੇਗਾਸ ਦੇ ਟਰੰਪ ਹੋਟਲ ਦੇ ਬਾਹਰ ਟੈਸਲਾ ਸਾਈਬਰ ਟਰੱਕ 'ਚ ਹੋਏ ਧਮਾਕੇ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ 7 ਹੋਰ ਜ਼ਖ਼ਮੀ ਹੋ ਗਏ। ਐੱਫ ਬੀ ਆਈ ਨੇ ਕਿਹਾ ਕਿ ਉਹ ਜਾਂਚ ਕਰ ਰਹੇ ਹਨ। ਘਟਨਾ ਮੌਕੇ ਹੋਟਲ ਦੇ ਅੰਦਰ ਅਤੇ ਬਾਹਰ ਮੌਜੂਦ ਚਸ਼ਮਦੀਦਾਂ ਵੱਲੋਂ ਲਈਆਂ ਗਈਆਂ ਵੀਡੀਓਜ਼ 'ਚ ਇੱਕ ਵਾਹਨ 'ਚ ਧਮਾਕਾ ਹੁੰਦਾ ਨਜ਼ਰ ਆ ਰਿਹਾ ਹੈ ਅਤੇ ਇਸ ਵਿੱਚੋਂ ਅੱਗ ਦੀਆਂ ਲਪਟਾਂ ਨਿਕਲਦੀਆਂ ਹਨ।

ਲਾਸ ਵੇਗਾਸ ਮੈਟਰੋਪੋਲੀਟਨ ਪੁਲਸ ਵਿਭਾਗ ਦੇ ਸ਼ੈਰਿਫ ਕੇਵਿਨ ਮੈਕਮਾਹਿਲ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਸਪੱਸ਼ਟ ਤੌਰ 'ਤੇ ਸਾਈਬਰ ਟਰੱਕ ਦੇ ਟਰੰਪ ਹੋਟਲ ਦੇ ਬਾਹਰ ਹੋਏ ਇਸ ਧਮਾਕੇ ਲਈ ਬਹੁਤ ਸਾਰੇ ਸਵਾਲ ਹਨ, ਜਿਨ੍ਹਾਂ ਦਾ ਸਾਨੂੰ ਜਵਾਬ ਦੇਣਾ ਪਵੇਗਾ। ਉਧਰ ਟੈਸਲਾ ਦੇ ਸੀ ਈ ਓ ਅਤੇ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਲਾਹਕਾਰ ਐਲੋਨ ਮਸਕ ਨੇ ਕਿਹਾ ਕਿ ਇਹ ਧਮਾਕਾ ਸਾਈਬਰ ਟਰੱਕ ਨਾਲ ਸੰਬੰਧਤ ਨਹੀਂ ਸੀ। ਮਸਕ ਨੇ 'ਐੱਕਸ' 'ਤੇ ਪੋਸਟ 'ਚ ਕਿਹਾ—ਅਸੀਂ ਹੁਣ ਪੁਸ਼ਟੀ ਕੀਤੀ ਹੈ ਕਿ ਧਮਾਕਾ ਬਹੁਤ ਵੱਡੇ ਪਟਾਕਿਆਂ ਜਾਂ ਕਿਰਾਏ ਦੇ ਸਾਈਬਰ ਟਰੱਕ ਦੇ ਬਿਸਤਰੇ 'ਚ ਰੱਖੇ ਬੰਬ ਕਾਰਨ ਹੋਇਆ ਸੀ ਅਤੇ ਇਸ ਦਾ ਵਾਹਨ ਨਾਲ ਕੋਈ ਸੰਬੰਧ ਨਹੀਂ ਹੈ।

ਧਮਾਕੇ ਦੇ ਸਮੇਂ ਸਾਰੇ ਵਾਹਨਾਂ ਦੀ ਟੈਲੀਮੈਟਰੀ ਸਕਾਰਾਤਮਕ ਸੀ। ਟੈਲੀਮੈਟਰੀ 'ਚ ਰਿਮੋਟ ਸਰੋਤਾਂ ਤੋਂ ਡੇਟਾ ਦਾ ਆਟੋਮੈਟਿਕ ਸੰਗ੍ਰਹਿ ਸ਼ਾਮਲ ਹੁੰਦਾ ਹੈ, ਇਸ ਨੂੰ ਵਾਪਸ ਕੇਂਦਰੀ ਸਰੋਤ 'ਚ ਸੰਚਾਰਤ ਕੀਤਾ ਜਾਂਦਾ ਹੈ ਤਾਂ ਜੋ ਬਾਅਦ 'ਚ ਇਸ ਦਾ ਵਿਸ਼ਲੇਸ਼ਣ ਕੀਤਾ ਜਾ ਸਕੇ। ਲਾਸ ਵੇਗਾਸ 'ਚ ਟਰੰਪ ਇੰਟਰਨੈਸ਼ਨਲ ਹੋਟਲ ਡੋਨਾਲਡ ਟਰੰਪ ਦੀ ਕੰਪਨੀ ਟਰੰਪ ਆਰਗੇਨਾਈਜ਼ੇਸ਼ਨ ਦਾ ਹਿੱਸਾ ਹੈ।

ਮੈਕਮਾਹਿਲ ਨੇ ਕਿਹਾ ਕਿ 2024 ਮਾਡਲ ਸਾਈਬਰ ਟਰੱਕ ਦੇ ਅੰਦਰ ਇੱਕ ਵਿਅਕਤੀ ਮਰਿਆ ਹੋਇਆ ਪਾਇਆ ਗਿਆ ਅਤੇ ਧਮਾਕੇ ਕਾਰਨ 7 ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਸਨ। ਖ਼ਬਰਾਂ ਵਿਚ ਕਿਹਾ ਗਿਆ ਹੈ ਕਿ ਸੰਭਾਵੀ ਅੱਤਵਾਦੀ ਕਾਰਵਾਈ ਵਜੋਂ ਵੀ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਵਿਸ਼ੇਸ਼ ਏਜੰਟ ਇੰਚਾਰਜ ਜੇਰੇਮੀ ਸਵਾਰਟਜ਼ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਜਾਂਚ ਜਾਰੀ ਰਹੇਗੀ, ਜਦੋਂ ਤੱਕ ਉਹ ਇਸ ਦੇ ਅੰਤ ਤੱਕ ਨਹੀਂ ਪਹੁੰਚ ਜਾਂਦੇ ਅਤੇ ਇਹ ਪਤਾ ਨਹੀਂ ਲਗਾ ਲੈਂਦੇ ਕਿ ਕੀ ਹੋਇਆ ਅਤੇ ਕਿਉਂ ਹੋਇਆ।

ਉੱਧਰ ਨਿਊ ਓਰਲੀਨਜ਼ : ਨਵੇਂ ਸਾਲ ਦੇ ਦਿਨ ਨਿਊ ਓਰਲੀਨਜ਼ ਦੇ ਭੀੜ-ਭੜੱਕੇ ਵਾਲੇ ਫ੍ਰੈਂਚ ਕੁਆਰਟਰ 'ਚ ਲੋਕਾਂ ਉੱਤੇ ਟਰੱਕ ਚੜ੍ਹਾਉਣ ਵਾਲਾ ਅਮਰੀਕੀ ਫੌਜ ਵਿੱਚ ਰਹਿ ਚੁੱਕਾ ਸੀ ਤੇ ਆਈ ਐੱਸ ਆਈ ਐੱਸ ਤੋਂ ਪ੍ਰਭਾਵਤ ਸੀ। ਇਸ ਹਮਲੇ 'ਚ 15 ਵਿਅਕਤੀਆਂ ਦੀ ਮੌਤ ਹੋ ਗਈ। ਮੁਢਲੀ ਜਾਂਚ ਦੌਰਾਨ ਅਧਿਕਾਰੀਆਂ ਨੇ ਕਿਹਾ ਕਿ ਇਹ ਹਮਲਾ ਦੂਜਿਆਂ ਦੀ ਮਦਦ ਨਾਲ ਕੀਤਾ ਗਿਆ ਹੋ ਸਕਦਾ ਹੈ। ਘਟਨਾ ਤੋਂ ਬਾਅਦ ਪੁਲਸ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ ਮਾਰੇ ਗਏ ਸ਼ੱਕੀ ਦੀ ਪਛਾਣ ਸ਼ਮਸੂਦ-ਦੀਨ ਜੱਬਾਰ (42) ਵਜੋਂ ਹੋਈ ਹੈ, ਜੋ ਟੈਕਸਸ ਦਾ ਅਮਰੀਕੀ ਨਾਗਰਿਕ ਸੀ ਅਤੇ ਕਿਸੇ ਸਮੇਂ ਅਫਗਾਨਿਸਤਾਨ 'ਚ ਸੇਵਾ ਕਰਦਾ ਸੀ। ਹਮਲੇ 'ਚ ਸ਼ੱਕੀ ਦੀ ਗੋਲੀਬਾਰੀ ਨਾਲ ਦੋ ਪੁਲਸ ਅਧਿਕਾਰੀਆਂ ਸਮੇਤ ਕਰੀਬ 30 ਵਿਅਕਤੀ ਜ਼ਖ਼ਮੀ ਹੋ ਗਏ ਸਨ।

ਐੱਫ ਬੀ ਆਈ ਨੇ ਕਿਹਾ ਕਿ ਪੁਲਸ ਨੂੰ ਵਾਹਨ 'ਚ ਹਥਿਆਰ ਅਤੇ ਇੱਕ ਸੰਭਾਵੀ ਵਿਸਫੋਟਕ ਯੰਤਰ ਮਿਲਿਆ ਹੈ, ਜਦੋਂ ਕਿ ਦੋ ਸੰਭਾਵੀ ਵਿਸਫੋਟਕ ਯੰਤਰ ਫ੍ਰੈਂਚ ਕੁਆਰਟਰ 'ਚ ਮਿਲੇ ਹਨ ਅਤੇ ਸੁਰੱਖਿਅਤ ਹਨ। ਐੱਫ ਬੀ ਆਈ ਨੇ ਕਿਹਾ ਕਿ ਜੱਬਾਰ ਦੇ ਅੱਤਵਾਦੀ ਸੰਗਠਨਾਂ ਨਾਲ ਸੰਭਾਵਤ ਸੰਬੰਧਾਂ ਦੀ ਜਾਂਚ ਸ਼ੁਰੂ ਕੀਤੀ ਗਈ ਹੈ। ਐੱਫ ਬੀ ਆਈ ਦੇ ਅਸਿਸਟੈਂਟ ਸਪੈਸ਼ਲ ਏਜੰਟ ਇੰਚਾਰਜ ਅਲੇਥੀਆ ਡੰਕਨ ਨੇ ਪੱਤਰਕਾਰਾਂ ਨੂੰ ਕਿਹਾ—ਅਸੀਂ ਇਹ ਨਹੀਂ ਮੰਨਦੇ ਕਿ ਜੱਬਾਰ ਇਕੱਲਾ ਹੀ ਜ਼ਿੰਮੇਵਾਰ ਸੀ। ਅਸੀਂ ਹਮਲਾਵਰ ਤੌਰ 'ਤੇ ਉਸ ਦੇ ਜਾਣੇ-ਪਛਾਣੇ ਸਾਥੀਆਂ ਸਮੇਤ ਹਰ ਲੀਡ ਨੂੰ ਖਤਮ ਕਰ ਰਹੇ ਹਾਂ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਜਾਂਚਕਰਤਾ ਇਸ ਗੱਲ ਦੀ ਤਫ਼ਤੀਸ਼ ਕਰ ਰਹੇ ਹਨ ਕਿ ਕੀ ਲਾਸ ਵੇਗਾਸ 'ਚ ਟਰੰਪ ਹੋਟਲ ਦੇ ਬਾਹਰ ਟੈਸਲਾ ਟਰੱਕ 'ਚ ਹੋਏ ਧਮਾਕੇ ਨਾਲ ਇਸ ਘਟਨਾ ਦਾ ਕੋਈ ਸੰਬੰਧ ਹੋ ਸਕਦਾ ਹੈ। ਹਾਲਾਂਕਿ ਦੋਵਾਂ ਘਟਨਾਵਾਂ ਨੂੰ ਜੋੜਨ ਵਾਲਾ ਕੋਈ ਸਬੂਤ ਨਹੀਂ ਹੈ।

ਬਾਇਡਨ ਨੇ ਨਿਊ ਓਰਲੀਨਜ਼ ਦੇ ਸ਼ੱਕੀ ਬਾਰੇ ਕਿਹਾ—ਐੱਫ ਬੀ ਆਈ ਨੇ ਮੈਨੂੰ ਇਹ ਦੱਸਿਆ ਹੈ ਕਿ ਹਮਲੇ ਤੋਂ ਕੁਝ ਘੰਟੇ ਪਹਿਲਾਂ ਉਸ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਪੋਸਟ ਕੀਤੇ ਸਨ, ਜੋ ਇਹ ਦਰਸਾਉਂਦੇ ਹਨ ਕਿ ਉਹ ਆਈ ਐੱਸ ਆਈ ਐੱਸ ਤੋਂ ਪ੍ਰੇਰਤ ਹੈ।

## ਪਾਕਿਸਤਾਨੀ ਮਾਸ਼ੂਕਾ ਨੂੰ ਮਿਲਣ ਸਰਹੱਦ ਟੱਪਣ ਵਾਲਾ ਅਲੀਗੜ੍ਹੀਆ ਬਾਦਲ ਬਾਬੂ ਜੇਲ੍ਹ ਪੁੱਜਾ

**ਲਾਹੌਰ** : ਆਪਣੀ ਫੇਸਬੁਕ ਦੋਸਤ ਨੂੰ ਮਿਲਣ ਤੇ ਵਿਆਹ ਕਰਾਉਣ ਲਈ ਗੈਰਕਾਨੂੰਨੀ ਤੌਰ 'ਤੇ ਪਾਕਿਸਤਾਨ ਗਏ ਯੂ ਪੀ ਦੇ ਅਲੀਗੜ੍ਹ ਨਾਲ ਸੰਬੰਧਤ 30 ਸਾਲਾ ਵਿਅਕਤੀ ਨੂੰ ਜੇਲ੍ਹ ਦੀ ਹਵਾ ਖਾਣੀ ਪੈ ਰਹੀ ਹੈ। ਮੁਕਾਮੀ ਪੁਲਸ ਮੁਤਾਬਕ ਜਿਸ ਔਰਤ ਨੂੰ ਮਿਲਣ ਉਹ ਆਇਆ ਸੀ, ਉਸ ਦਾ ਕਹਿਣਾ ਹੈ ਕਿ ਉਹ ਉਸ ਨਾਲ ਵਿਆਹ/ਨਿਕਾਹ ਨਹੀਂ ਕਰਵਾਉਣਾ ਚਾਹੁੰਦੀ।

ਅਲੀਗੜ੍ਹ ਜ਼ਿਲ੍ਹੇ ਦੇ ਬਾਦਲ ਬਾਬੂ ਨੂੰ ਪਿਛਲੇ ਹਫਤੇ ਲਹਿੰਦੇ ਪੰਜਾਬ ਵਿੱਚ (ਲਾਹੌਰ ਤੋਂ ਕਰੀਬ 240 ਕਿਲੋਮੀਟਰ ਦੂਰ) ਮੰਡੀ ਬਹਾਊਦੀਨ ਜ਼ਿਲ੍ਹੇ 'ਚ ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਸ ਨੇ ਬਾਕਾਇਦਾ ਬਾਬੂ ਦੀ ਫੇਸਬੁਕ ਦੋਸਤ 21 ਸਾਲਾ ਸਨਾ ਰਾਣੀ ਦਾ ਬਿਆਨ ਦਰਜ ਕੀਤਾ ਹੈ, ਜਿਸ ਨੇ ਕਿਹਾ ਕਿ ਉਹ ਉਸ ਨਾਲ ਵਿਆਹ ਕਰਾਉਣ ਦੀ ਚਾਹਵਾਨ ਨਹੀਂ ਹੈ।

ਪੁਲਸ ਅਧਿਕਾਰੀ ਨਾਸਿਰ ਸ਼ਾਹ ਨੇ ਵੀਰਵਾਰ ਦੱਸਿਆ ਕਿ ਪੁਲਸ ਨੂੰ ਦਿੱਤੇ ਆਪਣੇ ਬਿਆਨ 'ਚ ਸਨਾ ਰਾਣੀ ਨੇ ਕਿਹਾ ਕਿ ਬਾਬੂ ਅਤੇ ਉਹ ਪਿਛਲੇ ਢਾਈ ਸਾਲਾਂ ਤੋਂ ਫੇਸਬੁਕ 'ਤੇ ਦੋਸਤ ਹਨ, ਪਰ ਉਹ ਉਸ ਨਾਲ ਵਿਆਹ ਕਰਨ 'ਚ ਦਿਲਚਸਪੀ ਨਹੀਂ ਰੱਖਦੀ। ਉਸ ਨੇ ਕਿਹਾ ਕਿ ਬਾਬੂ ਗੈਰ-ਕਾਨੂੰਨੀ ਤੌਰ 'ਤੇ ਸਰਹੱਦ ਪਾਰ ਕਰਕੇ ਮੰਡੀ ਬਹਾਊਦੀਨ 'ਚ ਸਨਾ ਰਾਣੀ ਦੇ ਮੌਂਗ ਪਿੰਡ ਪਹੁੰਚਿਆ, ਜਿੱਥੋਂ ਉਸ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ।

ਜਦੋਂ ਅਫਸਰ ਨੂੰ ਪੁੱਛਿਆ ਗਿਆ ਕਿ ਕੀ ਬਾਬੂ ਦੀ ਰਾਣੀ ਨਾਲ ਮੁਲਾਕਾਤ ਹੋਈ ਸੀ, ਤਾਂ ਉਸ ਨੇ ਕਿਹਾ ਕਿ ਉਹ ਇਸ ਦੀ ਪੁਸ਼ਟੀ ਨਹੀਂ ਕਰ ਸਕਦਾ। ਇਹ ਵੀ ਆਜ਼ਾਦਾਨਾ ਪੁਸ਼ਟੀ ਨਹੀਂ ਕੀਤੀ ਗਈ ਕਿ ਕੀ ਰਾਣੀ ਨੇ ਕਿਸੇ ਦਬਾਅ ਹੇਠ ਬਾਬੂ ਨਾਲ ਵਿਆਹ ਕਰਨ ਤੋਂ ਇਨਕਾਰ ਕੀਤਾ ਹੈ ਜਾਂ ਉਹ ਸੱਚਮੁੱਚ ਅਜਿਹਾ ਨਹੀਂ ਚਾਹੁੰਦੀ।

ਹਾਲਾਂਕਿ, ਇੱਕ ਸੂਤਰ ਨੇ ਦੱਸਿਆ ਕਿ ਇੱਕ ਖੁਫੀਆ ਏਜੰਸੀ ਦੇ ਅਧਿਕਾਰੀਆਂ ਨੇ ਰਾਣੀ ਅਤੇ ਉਸ ਦੇ ਪਰਵਾਰ ਦੇ ਹੋਰ ਮੈਂਬਰਾਂ ਤੋਂ ਬਾਬੂ ਨਾਲ ਉਸ ਦੇ ਸੰਬੰਧਾਂ ਬਾਰੇ ਪੁੱਛਗਿੱਛ ਕੀਤੀ ਹੈ। ਆਪਣੀ ਗ੍ਰਿਫ਼ਤਾਰੀ ਪਿੱਛੋਂ ਬਾਬੂ ਨੇ ਪੁਲਸ ਨੂੰ ਆਪਣੀ ਪ੍ਰੇਮ ਕਹਾਣੀ ਦੱਸੀ। ਬਾਬੂ ਨੂੰ ਪਾਕਿਸਤਾਨ ਦੇ ਵਿਦੇਸ਼ੀ ਐਕਟ ਦੀਆਂ ਧਾਰਾਵਾਂ 13 ਅਤੇ 14 ਦੇ ਤਹਿਤ ਹਿਰਾਸਤ 'ਚ ਲਿਆ ਗਿਆ ਸੀ, ਕਿਉਂਕਿ ਉਹ ਬਿਨਾਂ ਕਿਸੇ ਕਾਨੂੰਨੀ ਦਸਤਾਵੇਜ਼ ਦੇ ਮੁਲਕ ਵਿੱਚ ਦਾਖ਼ਲ ਹੋਇਆ ਸੀ।

ਬਾਅਦ 'ਚ ਉਸ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ, ਜਿਸ ਨੇ ਉਸ ਨੂੰ 14 ਦਿਨਾਂ ਲਈ ਅਦਾਲਤੀ ਹਿਰਾਸਤ ਤਹਿਤ ਜੇਲ੍ਹ ਭੇਜ ਦਿੱਤਾ। ਮਾਮਲੇ ਦੀ ਅਗਲੀ ਸੁਣਵਾਈ 10 ਜਨਵਰੀ ਨੂੰ ਹੈ।

ਇਹ ਪਹਿਲੀ ਵਾਰ ਨਹੀਂ, ਜਦੋਂ ਭਾਰਤ ਤੋਂ ਕੋਈ ਸੋਸ਼ਲ ਮੀਡੀਆ ਰਾਹੀਂ ਉਪਜੇ ਪਿਆਰ ਕਾਰਨ ਆਪਣੇ ਦੋਸਤ ਨੂੰ ਮਿਲਣ ਲਈ ਪਾਕਿਸਤਾਨ 'ਚ ਦਾਖਲ ਹੋਇਆ ਹੈ। ਇਸ ਤੋਂ ਪਹਿਲਾਂ ਅੰਜੂ ਨਾਂਅ ਦੀ ਇੱਕ ਭਾਰਤੀ ਔਰਤ ਆਪਣੇ ਪ੍ਰੇਮੀ ਨੂੰ ਮਿਲਣ ਲਈ ਪਾਕਿਸਤਾਨ ਗਈ ਸੀ। ਉਸ ਨੇ ਇਸਲਾਮ ਕਬੂਲ ਕਰ ਲਿਆ ਅਤੇ ਇੱਕ ਪਾਕਿਸਤਾਨੀ ਵਿਅਕਤੀ ਨਸਰੁੱਲਾ ਨਾਲ ਵਿਆਹ ਕੀਤਾ।

ਪਿਛਲੇ ਸਾਲ ਪਾਕਿਸਤਾਨ ਦੀ ਸੀਮਾ ਹੈਦਰ ਨੇ ਪਬਜੀ ਗੇਮ ਰਾਹੀਂ ਇੱਕ ਭਾਰਤੀ ਆਦਮੀ ਨਾਲ ਦੋਸਤੀ ਕੀਤੀ। ਉਹ ਆਪਣੇ ਚਾਰ ਬੱਚਿਆਂ ਨਾਲ ਨੇਪਾਲ ਰਾਹੀਂ ਭਾਰਤ ਆਈ ਅਤੇ ਬਾਅਦ 'ਚ ਉਸ ਨਾਲ ਵਿਆਹ ਕਰਵਾ ਲਿਆ। ਇਸੇ ਤਰ੍ਹਾਂ ਪਿਛਲੇ ਸਾਲ 19 ਸਾਲਾ ਪਾਕਿਸਤਾਨੀ ਕੁੜੀ ਇਕਰਾ ਜੀਵਾਨੀ ਦਾ ਇੱਕ ਆਨਲਾਈਨ ਗੇਮ ਰਾਹੀਂ 25 ਸਾਲਾ ਭਾਰਤੀ ਨਾਗਰਿਕ ਮੁਲਾਇਮ ਸਿੰਘ ਯਾਦਵ ਪਿਆਰ ਪੈ ਗਿਆ। ਬਾਅਦ ਵਿਚ ਇਕਰਾ ਅਤੇ ਮੁਲਾਇਮ ਨੇ ਨੇਪਾਲ 'ਚ ਵਿਆਹ ਕਰਵਾ ਲਿਆ।

## ਅੱਜ-ਨਾਮਾ

ਪੰਚੀ ਪਿੰਡ ਦੀ ਜਿਹੜੇ ਨਹੀਂ ਕਰਨ ਜੋਗੇ,
ਦਾਗਦੇ ਰਹਿਣ ਕਈ ਰੋਜ਼ ਬਿਆਨ ਬੇਲੀ।
ਸਕੂਲ-ਸੜਕ ਤੋਂ ਬਾਤ ਆ ਸ਼ੁਰੂ ਕਰਦੇ,
ਜਾਂਦਾ ਈ ਦਿੱਲੀ ਦੇ ਤੀਕ ਧਿਆਨ ਬੇਲੀ।
ਪਾਰਲੀਮੈਂਟ ਦੇ ਤੱਕ ਉਹ ਕਰਨ ਟਿੱਪਣੀ,
ਨਹੀਂਉਂ ਕੌਡੀ ਦਾ ਬੇਸ਼ੱਕ ਗਿਆਨ ਬੇਲੀ।
ਪੱਤਰਕਾਰ ਉਹ ਪੰਜ-ਚਾਰ ਸੱਦ ਬਹਿੰਦੇ,
ਲੱਗਦੀ ਹੈ ਚੱਲਣ ਸਰਪੱਟ ਜ਼ਬਾਨ ਬੇਲੀ।
ਕੀਤਾ ਯਤਨ ਕਮਾਲ ਜਿਹਾ ਅਸਰ ਕਰਦਾ,
ਐਧਰ-ਓਧਰ ਤੋਂ ਸੱਦਾ ਕੁਝ ਆਏ ਬੇਲੀ।
ਚੇਲਾ ਬਣਨ ਤਾਂ ਆਗੂ ਵੀ ਮਿਹਰ ਕਰ ਕੇ,
ਖੈਰ ਝੋਲੀ ਵਿੱਚ ਅਹੁਦੇ ਲਈ ਪਾਏ ਬੇਲੀ।

-ਤੀਸ ਮਾਰ ਖਾਂ

## ਹਰਮਨਪ੍ਰੀਤ, ਮਨੂੰ ਭਾਕਰ, ਗੁਕੇਸ਼ ਤੇ ਪ੍ਰਵੀਨ ਕੁਮਾਰ ਨੂੰ ਖੇਲ ਰਤਨ



**ਨਵੀਂ ਦਿੱਲੀ** : ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ, ਉਲੰਪਿਕ ਖੇਡਾਂ ਵਿੱਚ ਕਾਂਸੀ ਦੇ ਦੋ ਤਮਗੇ ਜਿੱਤਣ ਵਾਲੀ ਨਿਸ਼ਾਨੇਬਾਜ਼ ਮਨੂੰ ਭਾਕਰ, ਪੈਰਾ ਉਲੰਪਿਕ ਐਥਲੀਟ ਪ੍ਰਵੀਨ ਕੁਮਾਰ ਤੇ ਮੌਜੂਦਾ ਸ਼ਤਰੰਜ ਵਿਸ਼ਵ ਚੈਂਪੀਅਨ 18 ਸਾਲਾ ਡੀ. ਗੁਕੇਸ਼ ਨੂੰ ਦੇਸ਼ ਦੇ ਸਭ ਤੋਂ ਵੱਡੇ ਖੇਡ ਸਨਮਾਨ ਮੇਜਰ ਧਿਆਨ ਚੰਦ ਖੇਲ ਰਤਨ ਨਾਲ ਸਨਮਾਨਤ ਕੀਤਾ ਜਾਵੇਗਾ।

ਹਰਮਨਪ੍ਰੀਤ ਉਸ ਟੀਮ ਦਾ ਹਿੱਸਾ ਸੀ, ਜਿਸ ਨੇ ਪੈਰਿਸ ਉਲੰਪਿਕ 'ਚ ਦੇਸ਼ ਲਈ ਕਾਂਸੀ ਤਮਗਾ ਜਿੱਤਿਆ। ਇਹ ਹਰਮਨਪ੍ਰੀਤ ਦਾ ਦੂਜਾ ਉਲੰਪਿਕ ਕਾਂਸੀ ਤਮਗਾ ਸੀ। ਪ੍ਰਵੀਨ ਨੇ ਪੈਰਿਸ ਪੈਰਾ ਉਲੰਪਿਕ 'ਚ ਪੁਰਸ਼ਾਂ ਦੀ ਟੀ-64 ਉੱਚੀ ਛਾਲ 'ਚ ਸੋਨ ਤਮਗਾ ਆਪਣੇ ਨਾਂਅ ਕੀਤਾ ਸੀ। ਟੀ-64 ਵਿੱਚ ਉਹ ਐਥਲੀਟ ਹਿੱਸਾ ਲੈਂਦੇ ਹਨ, ਜਿਨ੍ਹਾਂ ਦੀਆਂ ਗੋਡੇ ਤੋਂ ਹੇਠਾਂ ਇੱਕ ਜਾਂ ਦੋਨੋਂ ਲੱਤਾਂ ਨਹੀਂ ਹੁੰਦੀਆਂ ਤੇ ਪ੍ਰੋਸਥੈਟਿਕ ਲੱਤ ਨਾਲ ਦੌੜਦੇ ਹਨ। ਖੇਡ ਐਵਾਰਡਾਂ ਦੇ ਸਾਰੇ ਜੇਤੂਆਂ ਨੂੰ 17 ਜਨਵਰੀ ਨੂੰ ਹੋਣ ਵਾਲੇ ਸਮਾਗਮ 'ਚ ਰਾਸ਼ਟਰਪਤੀ ਵੱਲੋਂ ਸਨਮਾਨਤ ਕੀਤਾ ਜਾਵੇਗਾ। ਖੇਡ ਐਵਾਰਡਾਂ ਦੇ ਜੇਤੂਆਂ ਦੀ ਸੂਚੀ ਦੀ ਸਿਫਾਰਸ਼ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਵੀ ਰਾਮਾਸੁਬਰਾਮਨੀਅਨ ਦੀ ਅਗਵਾਈ ਵਾਲੀ ਅਰਜੁਨ ਪੁਰਸਕਾਰ ਕਮੇਟੀ ਨੇ ਕੀਤੀ ਸੀ ਅਤੇ ਵੀਰਵਾਰ ਐਲਾਨੇ ਗਏ ਜੇਤੂਆਂ 'ਚ ਮਨੂੰ ਭਾਕਰ ਤੇ ਗੁਕੇਸ਼ ਦੇ ਨਾਵਾਂ ਨੂੰ ਸੂਚੀ ਵਿੱਚ ਕੇਂਦਰੀ ਖੇਡ ਮੰਤਰੀ ਮਨਸੁਖ ਮਾਂਡਵੀਆ ਨੇ ਆਪਣੀਆਂ ਅਖ਼ਤਿਆਰੀ ਤਾਕਤਾਂ ਦੀ ਵਰਤੋਂ ਕਰਦਿਆਂ ਸ਼ਾਮਲ ਕੀਤਾ ਹੈ।

ਪਹਿਲਾਂ ਸਿਫਾਰਸ਼ ਕੀਤੇ ਗਏ ਐਥਲੀਟਾਂ ਦੀ ਸੂਚੀ ਵਿੱਚੋਂ ਮਨੂੰ ਭਾਕਰ ਦਾ ਨਾਂਅ ਗਾਇਬ ਹੋਣ ਕਾਰਨ ਵਿਵਾਦ ਪੈਦਾ ਹੋ ਗਿਆ ਸੀ ਅਤੇ ਇਸ ਕਾਰਨ ਖੇਡ ਮੰਤਰਾਲੇ ਨੂੰ ਨਮੋਸ਼ੀ ਝੱਲਣੀ ਪਈ ਸੀ, ਕਿਉਂਕਿ ਬਾਅਦ ਵਿਚ ਇਹ ਖੁਲਾਸਾ ਹੋਇਆ ਕਿ ਮਨੂੰ ਦਾ ਨਾਂਅ ਕਮੇਟੀ ਦੇ ਸਾਹਮਣੇ ਰੱਖਿਆ ਹੀ ਨਹੀਂ ਗਿਆ, ਪਰ ਬਾਅਦ ਵਿਚ ਮੰਤਰਾਲੇ ਦੇ ਸੂਤਰਾਂ ਨੇ ਸੰਕੇਤ ਦਿੱਤਾ ਸੀ ਕਿ ਮੰਤਰੀ ਵੱਲੋਂ ਮਨੂੰ ਅਤੇ ਗੁਕੇਸ਼ ਦੇ ਨਾਂਅ ਸੂਚੀ ਵਿੱਚ ਸ਼ਾਮਲ ਕੀਤੇ ਜਾਣਗੇ।

ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦੇਹਾਂਤ ਕਾਰਨ ਐਵਾਰਡਾਂ ਦੇ ਰਸਮੀ ਐਲਾਨ ਨੂੰ ਕੁਝ ਦਿਨਾਂ ਲਈ ਰੋਕ ਦਿੱਤਾ ਗਿਆ ਸੀ। ਸੂਚੀ ਵਿੱਚ ਚਾਰ ਖੇਲ ਰਤਨ ਜੇਤੂਆਂ ਤੋਂ ਇਲਾਵਾ 32 ਅਰਜੁਨ ਐਵਾਰਡਾਂ ਦਾ ਐਲਾਨ ਵੀ ਕੀਤਾ ਗਿਆ ਹੈ।

ਇਹ ਐਵਾਰਡ ਹਾਸਲ ਕਰਨ ਵਾਲੇ ਖਿਡਾਰੀਆਂ ਵਿੱਚ ਨਿਸ਼ਾਨੇਬਾਜ਼ੀ ਦੇ ਉਲੰਪਿਕ ਤਮਗਾ ਜੇਤੂ ਸਰਬਜੋਤ ਸਿੰਘ ਤੇ ਸਵਪਨਿਲ ਕੁਸਾਲੇ ਦੇ ਨਾਲ ਹੀ ਕੁਸ਼ਤੀ 'ਚ ਕਾਂਸੀ ਦਾ ਤਮਗਾ ਜੇਤੂ ਅਮਨ ਸਹਿਰਾਵਤ ਵੀ ਸ਼ਾਮਲ ਹਨ। ਇਸੇ ਤਰ੍ਹਾਂ 2023 ਮਹਿਲਾ ਵਿਸ਼ਵ ਮੁੱਕੇਬਾਜ਼ੀ ਸੋਨ ਤਮਗਾ ਜੇਤੂ ਸਵੀਟੀ ਬੂਰਾ, ਜੈਵਲਿਨ ਸਟਾਰ ਅਨੂੰ ਰਾਣੀ, ਹਾਕੀ ਖਿਡਾਰਨ ਸਲੀਮਾ ਟੇਟੇ ਅਤੇ ਟਰੈਕ ਐਂਡ ਫੀਲਡ ਸਟਾਰ ਜੋਤੀ ਯਾਰਾਜੀ ਦੇ ਨਾਂਅ ਵੀ ਅਰਜੁਨ ਐਵਾਰਡੀ ਸੂਚੀ 'ਚ ਸ਼ਾਮਲ ਹਨ।

## ਸਲੋਗਰਾ ਨੇੜੇ ਡਾਟਦਾਰ ਪੁਲ ਦੀ ਉਸਾਰੀ ਨੂੰ ਹਰੀ ਝੰਡੀ



**ਸੋਲਨ** : ਹਿਮਾਚਲ 'ਚ ਨੈਸ਼ਨਲ ਹਾਈਵੇਅ-5 'ਤੇ ਸੋਲਨ-ਕੰਡਾਘਾਟ ਪੱਟੀ ਦੇ ਸਲੋਗਰਾ ਨੇੜੇ ਮਹਿਰਾਬਦਾਰ ਪੁਲ ਦੀ ਉਸਾਰੀ ਛੇਤੀ ਮੁੜ ਸ਼ੁਰੂ ਹੋਵੇਗੀ, ਕਿਉਂਕਿ ਟੈਕਨੀਕਲ ਮਾਹਰਾਂ ਦੀ ਟੀਮ ਨੇ ਇਸ ਨੂੰ ਪਾਸ ਕਰ ਦਿੱਤਾ ਹੈ। ਐੱਨ ਐੱਚ-5 ਨੂੰ ਚਾਰ ਮਾਰਗੀ ਬਣਾਉਣ ਦੇ ਚੱਲ ਰਹੇ ਪ੍ਰੋਜੈਕਟ 'ਤੇ ਪਰਵਾਣੂ-ਸੋਲਨ-ਕੈਥਲੀਘਾਟ ਪੱਟੀ 'ਤੇ 120 ਮੀਟਰ ਲੰਬਾ ਇਹ ਤੀਜਾ ਡਾਟਦਾਰ ਪੁਲ ਹੈ, ਜਿਸ ਦਾ ਕੰਮ ਕੁਝ ਮਹੀਨੇ ਪਹਿਲਾਂ ਰੋਕ ਦਿੱਤਾ ਗਿਆ ਸੀ। ਨੈਸ਼ਨਲ ਹਾਈਵੇਜ਼ ਅਥਾਰਟੀ ਆਫ ਇੰਡੀਆ (ਐੱਨ ਐੱਚ ਏ ਆਈ) ਏ ਆਰ ਆਈ ਐੱਫ ਇੰਜੀਨੀਅਰਜ਼ ਰਾਹੀਂ ਇਹ ਕੰਮ ਕਰਵਾ ਰਹੀ ਹੈ। ਐੱਨ ਐੱਚ ਏ ਆਈ ਦੇ ਪ੍ਰੋਜੈਕਟ ਡਾਇਰੈਕਟਰ ਆਨੰਦ ਦਾਹੀਆ ਨੇ ਦੱਸਿਆ ਹੈ ਕਿ ਇਸ ਪੁਲ ਦੇ ਦੋ ਸਰਕੂਲਰ ਥੰਮ੍ਹ ਖਾਸ ਤੌਰ 'ਤੇ 40 ਮੀਟਰ ਉੱਚੇ ਹਨ, ਇਸ ਕਰਕੇ ਮਾਹਰਾਂ ਦੀ ਰਾਇ ਲਈ ਗਈ ਸੀ। ਹਾਲਾਂਕਿ ਪਰਵਾਣੂ ਵਿੱਚ ਟੀ ਟੀ ਆਰ ਨੇੜੇ 30-35 ਮੀਟਰ ਦੇ ਥੰਮ੍ਹ ਬਣਾਏ ਗਏ ਹਨ, ਪਰ ਇਸ ਪੁਲ ਦੀ ਉਚਾਈ 40 ਮੀਟਰ ਹੈ। ਪ੍ਰਾਚੀਨ ਸ਼ਿਵ ਮੰਦਰ ਕਰਕੇ ਇਸ ਲਈ ਢੁੱਕਵੀਂ ਥਾਂ ਐਕੁਆਇਰ ਨਹੀਂ ਕੀਤੀ ਜਾ ਸਕੀ, ਇਸ ਕਰਕੇ ਦੋ ਸਰਕੂਲਰ ਥੰਮ੍ਹ ਖੜ੍ਹੇ ਕਰਨੇ ਪੈਣੇ ਹਨ। ਦਾਹੀਆ ਨੇ ਕਿਹਾ ਕਿ ਸ਼ਿਮਲਾ ਤੋਂ ਚੰਡੀਗੜ੍ਹ ਆਉਣ ਵਾਲੀਆਂ ਗੱਡੀਆਂ ਇਸ ਪੁਲ ਤੋਂ ਲੰਘਣਗੀਆਂ, ਜਦਕਿ ਚੰਡੀਗੜ੍ਹ ਤੋਂ ਸ਼ਿਮਲਾ ਵੱਲ ਜਾਣ ਵਾਲੀਆਂ ਪੁਰਾਣੇ ਪੁਲ ਤੋਂ ਲੰਘਣਗੀਆਂ, ਜਿਸ ਦੀ ਹਾਲਤ ਪੁਲ ਬਣਨ ਤੋਂ ਬਾਅਦ ਸੁਧਰ ਜਾਵੇਗੀ। ਸਟੀਲ ਦਾ ਪੁਲ ਛੇ ਤੋਂ ਅੱਠ ਮਹੀਨਿਆਂ 'ਚ ਬਣ ਜਾਵੇਗਾ।

## ਵੰਸ਼ਮ ਸਿੰਘਲ ਨੂੰ ਅੰਤਰਰਾਸ਼ਟਰੀ ਸਨਮਾਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵੰਸ਼ਮ ਸਿੰਘਲ ਐਂਡ ਐਸੋਸੀਏਟਸ ਦੇ ਵੰਸ਼ਮ ਸਿੰਘਲ ਪੁੱਤਰ ਸੀ ਏ ਵਰਿੰਦਰ ਮੋਹਨ ਸਿੰਘਲ ਨੂੰ ਯੰਗ ਚਾਰਟਰਡ ਅਕਾਊਂਟੈਂਟਸ ਅੰਤਰਰਾਸ਼ਟਰੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਵੰਸ਼ਮ ਸਿੰਘਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪ੍ਰਤਿਸ਼ਠਤ ਅਵਾਰਡ ਉਨ੍ਹਾਂ ਨੂੰ ਤਬਲਿਸੀ (ਜਾਰਜੀਆ) ਵਿੱਚ ਹੋਏ ਵਿਸ਼ਾਲ ਸਮਾਰੋਹ ਦੌਰਾਨ ਪ੍ਰਦਾਨ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਦੇ ਚਾਰਟਰਡ ਅਕਾਊਂਟੈਂਸੀ ਖੇਤਰ ਵਿੱਚ ਕੀਤੇ ਉੱਤਮ ਯੋਗਦਾਨ ਅਤੇ ਨਵੀਆਂ ਉਚਾਈਆਂ ਹਾਸਲ ਕਰਨ ਲਈ ਦਿੱਤਾ ਗਿਆ ਹੈ। ਸੀਏ ਵਰਿੰਦਰ ਮੋਹਨ ਸਿੰਘਲ ਜੋ ਵੰਸ਼ਮ ਦੇ ਪਿਤਾ ਹਨ, ਸਿਰਫ਼ ਇਕ ਤਜਰਬੇਕਾਰ ਚਾਰਟਰਡ ਅਕਾਊਂਟੈਂਟ ਹੀ ਨਹੀਂ ਸਗੋਂ ਸਮਾਜਿਕ ਸੇਵਾ ਦੇ ਖੇਤਰ ਵਿੱਚ ਵੀ ਪ੍ਰੇਰਨਾਦਾਇਕ ਸ਼ਖ਼ਸੀਅਤ ਹਨ। ਉਹ ਜੈਨੇਸਿਸ ਡੈਂਟਲ ਕਾਲਜ ਦੇ ਚੇਅਰਮੈਨ ਹੋਣ ਦੇ ਨਾਲ ਸਮਾਜਿਕ ਕਾਰਜਾਂ ਵਿੱਚ ਵੀ ਸਰਗਰਮ ਹਨ। ਵੰਸ਼ਮ ਦੇ ਪਰਿਵਾਰ ਵਿੱਚ ਉਨ੍ਹਾਂ ਦੇ ਚਾਚਾ ਗਗਨਦੀਪ ਸਿੰਘਲ, ਜੋ ਇਕ ਮਸ਼ਹੂਰ ਕਾਰੋਬਾਰੀ ਅਤੇ ਸਮਾਜਸੇਵੀ ਹਨ ਨੇ ਵੀ ਹਮੇਸ਼ਾ ਪਰਿਵਾਰ ਨੂੰ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ ਹੈ। ਵੰਸ਼ਮ ਦੇ ਦਾਦਾ, ਸਵਰਗਵਾਸੀ ਰੱਤਨ ਲਾਲ ਸਿੰਘਲ, ਪਰਿਵਾਰ ਦੀ ਮਜ਼ਬੂਤ ਨੀਂਹ ਅਤੇ ਉੱਚ ਆਦਰਸ਼ਾਂ ਦਾ ਪ੍ਰਤੀਕ ਸਨ। ਉਨ੍ਹਾਂ ਦੇ ਮੂਲਿਆਂ ਅਤੇ ਯੋਗਦਾਨ ਨੇ ਸਿੰਘਲ ਪਰਿਵਾਰ ਨੂੰ ਸਮਾਜਕ ਅਤੇ ਪੇਸ਼ੇਵਰ ਤੌਰ 'ਤੇ ਮਹਾਨਤਾ ਪ੍ਰਾਪਤ ਕਰਨ ਦੇ ਰਸਤੇ ਦਿਖਾਏ। ਇਹ ਸਨਮਾਨ ਵੰਸ਼ਮ ਸਿੰਘਲ ਦੀ ਮਿਹਨਤ, ਉਨ੍ਹਾਂ ਦੇ ਪਿਤਾ ਸੀਏ ਵਰਿੰਦਰ ਮੋਹਨ ਸਿੰਘਲ ਦੇ ਮਾਰਗ ਦਰਸ਼ਨ, ਉਨ੍ਹਾਂ ਦੇ ਚਾਚਾ ਗਗਨਦੀਪ ਸਿੰਘਲ ਦੀ ਪ੍ਰੇਰਣਾ ਅਤੇ ਉਨ੍ਹਾਂ ਦੇ ਦਾਦਾ ਸਵਰਗਵਾਸੀ ਰਤਨ ਲਾਲ ਸਿੰਘਲ ਦੀ ਵਿਰਾਸਤ ਦਾ ਪ੍ਰਮਾਣ ਹੈ। ਇਹ ਸਿਰਫ਼ ਪਰਿਵਾਰ ਲਈ ਮਾਣ ਦਾ ਵਿਸ਼ਾ ਨਹੀਂ, ਸਗੋਂ ਫਿਰੋਜ਼ਪੁਰ ਅਤੇ ਪੂਰੇ ਦੇਸ਼ ਦਾ ਨਾਮ ਅੰਤਰਰਾਸ਼ਟਰੀ ਮੰਚ 'ਤੇ ਰੌਸ਼ਨ ਕਰਦਾ ਹੈ।

## ਨਵੇਂ ਸਾਲ ਦੀ ਆਮਦ ਮੌਕੇ ਸੀ ਐੱਚ ਸੀ ਵਿਖੇ ਸੁਖਮਨੀ ਸਾਹਿਬ ਦੇ ਜਾਪ ਕਰਵਾਏ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਕਮਿਊਨਿਟੀ ਹੈਲਥ ਸੈਂਟਰ ਮਮਦੋਟ ਦੇ ਸਮੂਹ ਸਟਾਫ ਵੱਲੋਂ ਨਵੇਂ ਸਾਲ 2025 ਦੀ ਸ਼ੁਭ ਆਮਦ ਮੌਕੇ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ ਗਏ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਡਾ: ਰਾਜੂ ਚੌਹਾਨ ਸੀਨੀਅਰ ਮੈਡੀਕਲ ਅਫ਼ਸਰ ਮਮਦੋਟ ਤੇ ਮੈਡੀਕਲ ਅਫ਼ਸਰ ਡਾ: ਰੇਖਾ ਭੱਟੀ ਨੇ ਦੱਸਿਆ ਕਿ ਕਮਿਊਨਿਟੀ ਹੈਲਥ ਸੈਂਟਰ ਮਮਦੋਟ ਦੇ ਸਮੂਹ ਸਟਾਫ ਵੱਲੋਂ ਹਰ ਸਾਲ ਦੀ ਤਰ੍ਹਾਂ ਪ੍ਰਮਾਤਮਾ ਦਾ ਓਟ ਆਸਰਾ ਲੈਂਦੇ ਹੋਏ ਨਵੇਂ ਸਾਲ ਦੀ ਸ਼ੁਰੂਆਤ ਕੀਤੀ ਗਈ ਗਈ ਹੈ। ਉਨ੍ਹਾ ਦੱਸਿਆ ਕਿ ਕਮਿਊਨਿਟੀ ਹੈਲਥ ਸੈਂਟਰ ਮਮਦੋਟ ਦੇ ਸਮੂਹ ਸਟਾਫ ਦੀ ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਇਸ ਸਰਹੱਦੀ ਤੇ ਪੱਛੜੇ ਖੇਤਰ ਦੇ ਲੋਕਾਂ ਨੂੰ ਬਿਮਾਰੀਆਂ ਪ੍ਰਤੀ ਸੁਚੇਤ ਕਰਦਿਆਂ ਜਾਗਰੂਕ ਵੀ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਵਧੀਆ ਸਿਹਤ ਸਹੂਲਤਾਂ ਵੀ ਮਿਲ ਸਕਣ ਅਤੇ ਇਸ ਨਾਲ ਸਮੂਹ ਸਟਾਫ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਸੇਵਾ ਭਾਵਨਾ ਵਜੋਂ ਨਿਭਾਉਣ ਦੀ ਪ੍ਰੇਰਨਾ ਮਿਲਦੀ ਹੈ। ਇਸ ਮੌਕੇ ਡਾ. ਰਾਜੂ ਚੌਹਾਨ ਐੱਸ ਐੱਮ ਓ, ਡਾ. ਮਨਦੀਪ ਕੌਰ ਖੰਗੂਰਾ ਡੀ ਐੱਫ ਓ, ਸਿਵਲ ਸਰਜਨ ਦਫ਼ਤਰ ਫਿਰੋਜ਼ਪੁਰ, ਡਾ. ਜਸਪ੍ਰੀਤ ਸਿੰਘ ਮੈਡੀਕਲ ਅਫ਼ਸਰ, ਅੰਕੁਸ਼ ਭੰਡਾਰੀ ਡਿਪਟੀ ਮਾਸ ਮੀਡੀਆ ਅਫਸਰ, ਸੰਜੀਵ ਕੁਮਾਰ, ਸੁਖਦੇਵ ਸਿੰਘ, ਅਮਰਜੀਤ ਸਿੰਘ, ਮਲਕੀਤ ਸਿੰਘ, ਜਸਵਿੰਦਰ ਸਿੰਘ, ਗੁਰਵਿੰਦਰ ਸਿੰਘ, ਅਮਨ ਕਾਬੋਜ, ਮੋਹਿੰਦਰ ਪਾਲ, ਸ਼ਕਤੀ ਧਵਨ, ਜਿੰਨੀ, ਪਰਵਿੰਦਰ ਕੌਰ, ਹਰਵਿੰਦਰ ਸਿੰਘ ਜੋਸਨ, ਜਸਬੀਰ ਸਿੰਘ ਚੇਅਰਮੈਨ ਐੱਸ ਐੱਮ ਸੀ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ। ਇਸ ਮੌਕੇ ਗੁਰੂ ਦਾ ਅਤੁੱਟ ਲੰਗਰ ਵੀ ਵਰਤਾਇਆ ਗਿਆ।

## ਡੱਲੇਵਾਲ ਆਪਣੀ ਜਾਨ ਦਾਅ 'ਤੇ ਲਾ ਕੇ ਕਰ ਰਹੇ ਨੇ ਪੰਜਾਬ ਲਈ ਸੰਘਰਸ਼ : ਰਣਧੀਰ ਖੰਗੂੜਾ



**ਨਾਭਾ (ਵਰਿੰਦਰ ਵਰਮਾ)**-ਸਰਕਾਰਾਂ ਤੋਂ ਆਪਣੇ ਹੱਕਾਂ ਲਈ ਮੰਗ ਕਰਨਾ ਹਰ ਭਾਰਤੀ ਦਾ ਸੰਵਿਧਾਨਕ ਹੱਕ ਹੈ। ਜਗਜੀਤ ਸਿੰਘ ਡੱਲੇਵਾਲ ਪੰਜਾਬ ਦੇ ਕਿਸਾਨਾਂ-ਮਜ਼ਦੂਰਾਂ ਲਈ ਸੰਘਰਸ਼ ਕਰ ਰਹੇ ਹਨ।ਇਹ ਵਿਚਾਰ ਸਮਾਜ ਕਲਿਆਣ ਜਾਗ੍ਰਿਤੀ ਮੰਚ ਪੰਜਾਬ ਦੇ ਸੂਬਾ ਪ੍ਰਧਾਨ ਰਣਧੀਰ ਸਿੰਘ ਖੰਗੂੜਾ ਨੇ ਪੱਤਰਕਾਰਾਂ ਨਾਲ ਸਾਂਝੇ ਕੀਤੇ।ਖੰਗੂੜਾ ਨੇ ਕਿਹਾ ਪਿਛਲੇ ਤਿੰਨ ਸਾਲਾਂ ਤੋਂ ਕਿਸਾਨਾਂ ਦਾ ਸੰਘਰਸ਼ ਚੱਲ ਰਿਹਾ ਹੈ ਤੇ 800 ਦੇ ਕਰੀਬ ਕਿਸਾਨ ਇਸ ਸੰਘਰਸ਼ ਵਿੱਚ ਆਪਣੀਆਂ ਕੀਮਤੀ ਜਾਨਾਂ ਗੁਆ ਚੁੱਕੇ ਹਨ। ਪਿਛਲੇ ਇੱਕ ਮਹੀਨੇ ਦੇ ਵੱਧ ਸਮੇਂ ਤੋਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਕਿਸਾਨਾਂ ਮਜ਼ਦੂਰਾਂ ਦੇ ਹੱਕਾਂ ਲਈ ਮਰਨ ਵਰਤ 'ਤੇ ਬੈਠੇ ਹਨ, ਪਰ ਕੇਂਦਰ ਦੀ ਮੋਦੀ ਸਰਕਾਰ 'ਤੇ ਅੱਜ ਤੱਕ ਜੂੰ ਨਹੀਂ ਸਰਕੀ। ਖੰਗੂੜਾ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੂੰ ਲਗਦਾ ਹੈ ਕਿ ਕਿਸਾਨਾਂ ਦੀਆਂ ਮੰਗਾਂ ਨਜਾਇਜ਼ ਹਨ ਤਾਂ ਦੇਸ਼ ਦੇ ਲੋਕਾਂ ਸਾਹਮਣੇ ਕੇਂਦਰ ਦੇ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਨੂੰ ਤੱਥ ਪੇਸ਼ ਕਰਨੇ ਚਾਹੀਦੇ ਹਨ ਨਹੀਂ ਤਾਂ ਜਲਦੀ ਤੋਂ ਜਲਦੀ ਕੇਂਦਰ ਸਰਕਾਰ ਕਿਸਾਨਾਂ ਦੀਆਂ ਜਾਇਜ਼ ਮੰਗਾਂ ਮੰਨ ਕੇ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਦੇ ਸੰਘਰਸ਼ ਨੂੰ ਖਤਮ ਕਰਾਉਣ, ਕਿਉਂਕਿ ਹਾਲਾਤ ਦਿਨੋਂ ਦਿਨ ਖਰਾਬ ਹੁੰਦੇ ਜਾ ਰਹੇ ਹਨ। ਅੰਤਾਂ ਦੀ ਠੰਡ ਦਾ ਮੌਸਮ ਚਲ ਰਿਹਾ ਹੈ, ਅਜਿਹੇ ਵਿੱਚ ਕੇਂਦਰ ਦੀ ਸਰਕਾਰ ਨੂੰ ਆਪਣਾ ਅੜੀਅਲ ਰਵੱਈਆ ਨਹੀਂ ਵਰਤਣਾ ਚਾਹੀਦਾ, ਬਲਕਿ ਮੋਦੀ ਸਰਕਾਰ ਨੇ ਜਿਹੜਾ ਨਾਅਰਾ ਭਾਰਤ ਦੇ ਲੋਕਾਂ ਨੂੰ ਦਿੱਤਾ ਹੈ 'ਸਭ ਦਾ ਸਾਥ ਸਭ ਦਾ ਵਿਕਾਸ, ਸਭ ਦਾ ਵਿਸ਼ਵਾਸ਼' ਹੁਣ ਲੋੜ ਹੈ ਉਸ ਨੂੰ ਅਮਲੀ ਰੂਪ ਦੇਣ ਦੀ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੇ ਸੰਘਰਸ਼ ਕਰਨ ਦੀ ਲੋੜ ਨਾ ਪਵੇ ਅਤੇ ਸਾਡਾ ਦੇਸ਼ ਖੇਤੀਬਾੜੀ ਦੇ ਖੇਤਰ ਵਿੱਚ ਹੋਰ ਵੀ ਬੁਲੰਦੀਆਂ ਹਾਸਲ ਕਰ ਕੇ ਪੂਰੀ ਦੁਨੀਆ ਵਿੱਚ ਭਾਰਤ ਦਾ ਨਾਂਅ ਰੋਸ਼ਨ ਕਰ ਸਕੇ।

## ਦੇਸ਼ ਭਗਤ 'ਵਰਸਿਟੀ ਵੱਲੋਂ ਗੁਰਦੁਆਰਾ ਜੋਤੀ ਸਰੂਪ ਵਿਖੇ ਮੁਫ਼ਤ ਮੈਡੀਕਲ ਕੈਂਪ




**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਆਯੁਰਵੈਦਿਕ ਕਾਲਜ ਐਂਡ ਹਸਪਤਾਲ ਤੇ ਦੇਸ਼ ਭਗਤ ਹਸਪਤਾਲ ਵੱਲੋਂ ਗੁਰਦੁਆਰਾ ਜੋਤੀ ਸਵਰੂਪ ਸਾਹਿਬ ਫ਼ਤਿਹਗੜ੍ਹ ਸਾਹਿਬ ਵਿਖੇ ਮੁਫ਼ਤ ਮੈਡੀਕਲ ਤੇ ਦੰਦਾਂ ਦਾ ਚੈੱਕਅਪ ਕੈਂਪ ਲਾਇਆ ਗਿਆ।ਇਹ ਕੈਂਪ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਤੇ ਮਾਤਾ ਗੁਜਰੀ ਜੀ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਯਾਦ ਕਰਦਿਆਂ ਸ਼ਹੀਦੀ ਜੋੜ ਮੇਲ ਦੌਰਾਨ ਲਗਾਇਆ ਗਿਆ।ਇਹ ਕੈਂਪ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਤੇ ਸਰਬੱਤ ਦਾ ਭਲਾ ਟਰੱਸਟ ਦੇ ਸਹਿਯੋਗ ਨਾਲ ਲਗਾਇਆ ਗਿਆ।ਇਸ ਕੈਂਪ ਦਾ ਉਦੇਸ਼ ਸਮਾਜ ਨੂੰ ਮੁਫ਼ਤ ਮੈਡੀਕਲ ਜਾਂਚ ਤੇ ਦਵਾਈਆਂ ਸਮੇਤ ਜ਼ਰੂਰੀ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਸੀ।ਕੈਂਪ ਵਿੱਚ ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ, ਦੇਸ਼ ਭਗਤ ਹਸਪਤਾਲ ਤੇ ਦੇਸ਼ ਭਗਤ ਡੈਂਟਲ ਕਾਲਜ ਅਤੇ ਹਸਪਤਾਲ ਦੇ ਮਾਹਰ ਡਾਕਟਰਾਂ ਦੀ ਟੀਮ ਨੇ ਵਿਦਿਆਰਥੀਆਂ ਦੇ ਨਾਲ ਮਰੀਜ਼ਾਂ ਤੇ ਜ਼ਰੂਰਤਮੰਦ ਲੋਕਾਂ ਦੀ ਜਾਂਚ ਕੀਤੀ।ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ ਨੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਸ਼ਰਧਾਂਜਲੀ ਵਜੋਂ ਅਜਿਹੇ ਕੈਂਪ ਲਗਾਉਣ ਦੀ ਮਹੱਤਤਾ 'ਤੇ ਚਾਨਣਾ ਪਾਇਆ।ਉਨ੍ਹਾਂ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ, ਇੱਕ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਸੰਸਥਾ ਵਜੋਂ ਲੋੜਵੰਦਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੋ ਚਾਂਸਲਰ ਡਾ. ਤੇਜਿੰਦਰ ਕੌਰ ਨੇ ਕਿਫਾਇਤੀ ਤੇ ਮਿਆਰੀ ਸਿਹਤ ਸੰਭਾਲ ਲਈ ਯੂਨੀਵਰਸਿਟੀ ਦੀ ਅਟੁੱਟ ਵਚਨਬੱਧਤਾ 'ਤੇ ਜ਼ੋਰ ਦਿੱਤਾ।

## ਦਾਨੀ ਸੱਜਣਾਂ ਨੇ ਲੋੜਵੰਦਾਂ ਨੂੰ ਗਰਮ ਕੰਬਲ ਵੰਡੇ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਸਰਕਾਰੀ ਐਲੀਮੈਂਟਰੀ ਸਕੂਲ ਮਲਕਾਣਾ ਪੱਤੀ ਵਿਖੇ ਕਰਵਾਏ ਸਮਰੋਹ ਦੌਰਾਨ ਦਾਨੀ ਸੱਜਣ ਦੇ ਸਹਿਯੋਗ ਨਾਲ ਲੋੜਵੰਦ ਪਰਿਵਾਰਾਂ ਨੂੰ ਸਰਦੀ ਤੋਂ ਬਚਣ ਲਈ ਗਰਮ ਕੰਬਲ ਵੰਡੇ ਗਏ।ਇਹ ਨੇਕ ਉਪਰਾਲਾ ਸਟੇਟ ਤੇ ਨੈਸ਼ਨਲ ਐਵਾਰਡੀ ਅਤੇ ਸਾਬਕਾ ਹੈੱਡ ਟੀਚਰ ਪਰਮਜੀਤ ਲਾਲ ਦੀ ਪ੍ਰੇਰਣਾ ਸਦਕਾ ਸ੍ਰੀ ਸੰਜੀਵ ਕੁਮਾਰ ਪੁੱਤਰ ਹੁਕਮ ਚੰਦ ਗੋਇਲ ਤੇ ਅੰਕਿਤ ਗੋਇਲ ਨਿਊ ਪੰਜਾਬੀ ਬਾਗ ਸਮਾਣਾ, ਹੁਕਮ ਚੰਦ ਰਾਈਸ ਮਿੱਲ ਵਾਲਿਆਂ ਵੱਲੋਂ ਕੀਤਾ ਗਿਆ।ਸੰਜੀਵ ਗੋਇਲ ਨੇ ਕਿਹਾ ਕਿ ਮੈਨੂੰ ਲੋੜਵੰਦਾਂ ਦੀ ਸੇਵਾ ਕਰਨ 'ਤੇ ਬਹੁਤ ਖ਼ੁਸ਼ੀ ਮਿਲਦੀ ਹੈ।ਮਾਸਟਰ ਪਰਮਜੀਤ ਲਾਲ ਨੇ ਦੱਸਿਆ ਕਿ ਸੰਜੀਵ ਕੁਮਾਰ ਵੱਲੋਂ ਦਿਵਾਲੀ ਮੌਕੇ ਬੇਸਹਾਰਾ ਤੇ ਲੋੜਵੰਦ 20-25 ਬੱਚਿਆਂ ਨੂੰ ਇੱਕ ਇੱਕ ਡੱਬਾ ਮਿਠਾਈ ਤੇ ਮੋਮਬਤੀਆਂ ਦਿੱਤੀਆਂ ਜਾਂਦੀਆਂ ਹਨ, 2024 ਦੌਰਾਨ 35-35 ਹਜ਼ਾਰ ਦੇ 2 ਵਾਟਰ ਕੂਲਰ 2 ਸਕੂਲਾਂ ਵਿੱਚ ਲਗਾਏ ਗਏ ਤੇ ਬੱਚਿਆਂ ਨੂੰ ਪੜ੍ਹਨ ਸਮਗਰੀ ਕਾਪੀਆਂ ਬੈਗ ਆਦਿ ਵੀ ਦਿੱਤੇ ਗਏ।ਇਸ ਮੌਕੇ ਸ੍ਰੀ ਅਮਰੀਕ ਸਿੰਘ ਹੈੱਡ ਟੀਚਰ ਮਲਕਾਣਾ ਪਤੀ, ਮਨੋਜ ਕੁਮਾਰ ਸਰਕਾਰੀ ਐਲੀਮੈਂਟਰੀ ਸਕੂਲ ਨਵੀ ਬਸਤੀ, ਸ੍ਰੀ ਮੁਕੇਸ਼ ਕੁਮਾਰ ਹੈੱਡ ਟੀਚਰ ਬੁਜਰਕ, ਸ੍ਰੀ ਅਮਨ ਗਰਗ ਟੀਚਰ ਸਹਿਜਪੁਰ ਖੁਰਦ, ਮੌਜੂਦ ਸਨ।ਅੰਤ ਵਿੱਚ ਸ੍ਰੀ ਮਨੋਜ ਕੁਮਾਰ ਹੈੱਡ ਟੀਚਰ ਵੱਲੋਂ ਸ੍ਰੀ ਸਜੀਵ ਕੁਮਾਰ ਗੋਇਲ ਦਾ ਇਸ ਸਹਾਇਤਾ ਲਈ ਧੰਨਵਾਦ ਕੀਤਾ ਗਿਆ।

# ਕਿਸਾਨ ਯੂਨੀਅਨਾਂ ਤੇ ਲੋਕਾਂ ਵੱਲੋਂ ਸਰਹਿੰਦ ਨਹਿਰ ਪੱਕੀ ਕਰਨ ਦਾ ਡਟਵਾਂ ਵਿਰੋਧ

## ਅੱਜ ਤੋਂ ਗੜ੍ਹੀ ਪੁਲ ਵਿਖੇ ਲੱਗਣ ਜਾ ਰਿਹੈ ਨਵਾਂ ਕਿਸਾਨ ਮੋਰਚਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਰੋਪੜ ਤੋਂ ਦੋਰਾਹਾ ਤੱਕ ਵਗਦੀ ਕਰੀਬ 65 ਕਿਲੋਮੀਟਰ ਲੰਬੀ ਸਰਹਿੰਦ ਨਹਿਰ ਨੂੰ ਪੰਜਾਬ ਸਰਕਾਰ ਵਲੋਂ ਪੱਕਾ ਕਰਨ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ ਜਿਸਦੇ ਮੱਦੇਨਜ਼ਰ ਕਈ ਕਿਸਾਨ ਜਥੇਬੰਦੀਆਂ ਅਤੇ ਇਲਾਕੇ ਦੇ ਲੋਕਾਂ ਨੇ ਇੱਕਜੁਟ ਹੋ ਕੇ ਇਸ ਦਾ ਜ਼ੋਰਦਾਰ ਵਿਰੋਧ ਕਰਦਿਆਂ ਕੰਮ ਨੂੰ ਬੰਦ ਕਰਵਾਉਣ ਲਈ ਗੜ੍ਹੀ ਨਹਿਰ ਪੁਲ 'ਤੇ ਪੱਕਾ ਮੋਰਚਾ ਲਗਾਉਣ ਦਾ ਐਲਾਨ ਕਰ ਦਿੱਤਾ ਹੈ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਸਰਹਿੰਦ ਨਹਿਰ ਕਿਨਾਰੇ ਪਿੰਡ ਗੜ੍ਹੀ ਵਿਖੇ ਕਿਸਾਨ ਯੂਨੀਅਨ ਲੱਖੋਵਾਲ, ਕਿਸਾਨ ਯੂਨੀਅਨ ਰਾਜੇਵਾਲ, ਕਿਸਾਨ ਯੂਨੀਅਨ ਕਾਦੀਆਂ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਸਮੇਤ ਹੋਰ ਕਈ ਜਥੇਬੰਦੀਆਂ ਤੋਂ ਇਲਾਵਾ ਲੋਕਾਂ ਦਾ ਭਰਵਾਂ ਇਕੱਠ ਹੋਇਆ ਜਿਸ ਵਿਚ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸਰਪ੍ਰਸਤ ਅਵਤਾਰ ਸਿੰਘ ਮੇਹਲੋਂ ਅਤੇ ਭਾਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਭੱਟੀਆਂ ਨੇ ਕਿਹਾ ਕਿ ਜੇਕਰ ਸਰਹਿੰਦ ਨਹਿਰ ਪੱਕੀ ਕਰ ਦਿੱਤੀ ਗਈ ਤਾਂ ਪਾਣੀ ਦਾ ਪੱਧਰ ਹੇਠਾਂ ਚਲਾ ਜਾਵੇਗਾ ਤੇ ਹਜ਼ਾਰਾਂ ਏਕੜ ਜ਼ਮੀਨ ਬੰਜਰ ਹੋਣ ਵੱਲ ਵਧੇਗੀ। ਕਿਸਾਨਾਂ ਨੇ ਕਿਹਾ ਕਿ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਤਾਂ ਪਹਿਲਾਂ ਹੀ ਹੇਠਾਂ ਡਿੱਗਦਾ ਜਾ ਰਿਹਾ ਹੈ ਅਤੇ ਜੇਕਰ ਸਰਕਾਰਾਂ ਨੇ ਇਹ ਨਹਿਰਾਂ ਪੱਕੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਇਹ ਹੋਰ ਡਿੱਗ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਆਪਣੀਆਂ ਆਉਣ ਵਾਲੀਆਂ ਫਸਲਾਂ ਤੇ ਨਸਲਾਂ ਨੂੰ ਬਚਾਉਣ ਲਈ ਇੱਕਜੁਟ ਹੋ ਕੇ ਸਰਹਿੰਦ ਨਹਿਰ ਨੂੰ ਪੱਕੀ ਕਰਨ ਦਾ ਕੰਮ ਬੰਦ ਕਰਵਾਉਣਾ ਬਹੁਤ ਜ਼ਰੂਰੀ ਹੈ। ਅੱਜ ਸਾਰੀਆਂ ਕਿਸਾਨ ਯੂਨੀਅਨਾਂ ਨੇ ਫੈਸਲਾ ਲਿਆ ਕਿ ਪਹਿਲਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਮਿਲ ਕੇ ਸਰਹਿੰਦ ਨਹਿਰ ਪੱਕੀ ਕਰਵਾਉਣ ਦਾ ਕੰਮ ਬੰਦ ਕਰਵਾਉਣ ਸਬੰਧੀ ਪੱਤਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ 3 ਜਨਵਰੀ ਨੂੰ ਸਵੇਰੇ 10 ਵਜੇ ਪਿੰਡਾਂ ਤੇ ਲੋਕ ਤੇ ਕਿਸਾਨ ਯੂਨੀਅਨਾਂ ਸਰਹਿੰਦ ਨਹਿਰ ਦੇ ਗੜ੍ਹੀ ਪੁਲ 'ਤੇ ਇਕੱਤਰ ਹੋਣਗੀਆਂ ਅਤੇ ਇੱਥੇ ਪੱਕਾ ਕਿਸਾਨ ਮੋਰਚਾ ਲਗਾਇਆ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਮੋਰਚਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਪ੍ਰਸ਼ਾਸਨ ਸਰਹਿੰਦ ਨਹਿਰ ਨੂੰ ਪੱਕੀ ਕਰਨ ਦਾ ਕੰਮ ਮੁਕੰਮਲ ਤੌਰ 'ਤੇ ਬੰਦ ਨਹੀਂ ਕਰਵਾ ਦਿੰਦਾ। ਕਿਸਾਨ ਆਗੂਆਂ ਨੇ ਕਿਹਾ ਕਿ ਅੱਜ 3 ਜਨਵਰੀ ਤੋਂ ਖੰਨਾ-ਜੰਮੂ ਹਾਈਵੇ ਤੇ ਰੋਪੜ-ਦੋਰਾਹਾ ਮਾਰਗ 'ਤੇ ਅਣਮਿੱਥੇ ਸਮੇਂ ਲਈ ਪੱਕਾ ਜਾਮ ਲਗਾ ਦਿੱਤਾ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਸੜਕ ਜਾਮ ਕਰਕੇ ਲੋਕਾਂ ਨੂੰ ਪ੍ਰੇਸ਼ਾਨੀ ਆਉਂਦੀ ਹੈ ਉਸ ਬਾਰੇ ਭਲੀਭਾਂਤ ਜਾਣੂ ਹਨ, ਪਰ ਆਪਣੀਆਂ ਬੰਜਰ ਹੋਣ ਜਾ ਰਹੀਆਂ ਜ਼ਮੀਨਾਂ ਨੂੰ ਬਚਾਉਣ ਲਈ ਇਸ ਪੱਕੀ ਹੋ ਰਹੀ ਸਰਹਿੰਦ ਨਹਿਰ ਦੇ ਕੰਮ ਨੂੰ ਰੋਕਣ ਲਈ ਅਜਿਹੇ ਮੋਰਚੇ ਜ਼ਰੂਰੀ ਹਨ। ਇਸ ਤੋਂ ਇਲਾਵਾ ਰੋਪੜ ਤੋਂ ਲੈ ਕੇ ਦੋਰਾਹਾ ਤੱਕ ਸਰਹਿੰਦ ਨਹਿਰ ਕਿਨਾਰੇ ਪਿੰਡਾਂ ਦੇ ਲੋਕਾਂ ਨੂੰ ਸੁਨੇਹੇ ਲਗਾ ਕੇ ਇੱਕ ਵੱਡਾ ਕਿਸਾਨ ਮੋਰਚਾ ਬਣਾਉਣ ਲਈ ਕਮੇਟੀਆਂ ਬਣਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮੋਰਚੇ ਵਿਚ ਸਿਆਸੀ ਪਾਰਟੀਆਂ ਦੇ ਆਗੂ ਵੀ ਸ਼ਮੂਲੀਅਤ ਕਰ ਸਕਦੇ ਹਨ ਅਤੇ ਸਰਹਿੰਦ ਨਹਿਰ ਨੂੰ ਪੱਕੀ ਕਰਨ ਤੋਂ ਰੋਕਣ ਲਈ ਉਨ੍ਹਾਂ ਦਾ ਸਾਥ ਵੀ ਸਾਡੇ ਲਈ ਅਹਿਮ ਹੋਵੇਗਾ। ਕਿਸਾਨ ਆਗੂਆਂ ਨੇ ਇਹ ਵੀ ਕਿਹਾ ਕਿ ਇਹ ਅਣਮਿੱਥੇ ਸਮੇਂ ਲਈ ਲਗਾਏ ਜਾ ਰਹੇ ਕਿਸਾਨ ਮੋਰਚੇ ਲਈ ਲੰਗਰ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ। ਇਸ ਮੌਕੇ ਅਵਤਾਰ ਸਿੰਘ ਮੇਹਲੋਂ, ਸੁਖਵਿੰਦਰ ਸਿੰਘ ਭੱਟੀਆਂ, ਹਰਦੀਪ ਸਿੰਘ ਗਿਆਸਪੁਰਾ, ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਕਾਂਗਰਸ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਅਮਰਜੀਤ ਬਾਲਿਓਂ, ਹਰਜਿੰਦਰ ਸਿੰਘ ਟੌਡਰਪੁਰ, ਗੁਰਦੀਪ ਸਿੰਘ ਮਿਲਕੋਵਾਲ, ਜੋਗਿੰਦਰ ਸਿੰਘ ਸੇਹ, ਮਨਰਾਜ ਸਿੰਘ ਲੁਬਾਣਗੜ੍ਹ, ਰਵਿੰਦਰ ਸਿੰਘ ਤੱਖਰਾਂ, ਮਨਜੀਤ ਸਿੰਘ ਪਵਾਤ, ਕਰਮਜੀਤ ਸਿੰਘ ਅਢਿਆਣਾ, ਕਰਮਜੀਤ ਸਿੰਘ ਮਾਂਗਟ, ਬਾਬਾ ਹਰਬੰਤ ਸਿੰਘ, ਅਵਤਾਰ ਸਿੰਘ ਸ਼ੇਰੀਆਂ ਮੌਜੂਦ ਸਨ।

## ਤਕਸ਼ਿਲਾ ਬੁੱਧ ਵਿਹਾਰ ਵਿਖੇ ਭੀਮਾ ਕੋਰੇਗਾਓਂ ਵਿਜੇ ਦਿਵਸ ਮਨਾਇਆ

### ਡਾ. ਅੰਬੇਡਕਰ ਹਰ ਸਾਲ ਇੱਥੇ ਨਤਮਸਤਕ ਹੁੰਦੇ : ਐਡ. ਸਾਂਪਲਾ



**ਜਲੰਧਰ (ਨ ਜ਼ ਸ)**-ਤਕਸ਼ਿਲਾ ਬੁੱਧ ਵਿਹਾਰ ਕਾਦੀਆਂ ਵਿਖੇ 'ਭੀਮਾ ਕੋਰੇਗਾਓਂ ਵਿਜੇ ਦਿਵਸ' ਮਨਾਇਆ ਗਿਆ।ਇਸ ਮੌਕੇ ਭੰਤੇ ਪ੍ਰੀਗਿਆ ਬੋਧੀ ਜੀ ਨੇ ਭੀਮਾ ਕੋਰੇਗਾਓਂ ਵਿਜੈ ਦਿਵਸ ਅਤੇ ਨਵੇਂ ਸਾਲ ਦੀ ਵਧਾਈ ਦਿੱਤੀ।ਉਨ੍ਹਾਂ ਬੋਧੀ ਉਪਾਸ਼ਕਾਂ ਨੂੰ ਅਸ਼ੀਰਵਾਦ ਦਿੱਤਾ ਅਤੇ ਵਿਸ਼ਵ ਸ਼ਾਂਤੀ ਲਈ ਪ੍ਰਾਰਥਨਾ ਕੀਤੀ।ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਬੁੱਧਿਸ਼ਟ ਸੋਸਾਇਟੀ (ਰਜਿ.) ਪੰਜਾਬ, ਸ੍ਰੀ ਸ਼ਾਮ ਲਾਲ ਜੱਸਲ (ਨਿਊਜ਼ੀਲੈਂਡ) ਉਪ ਪ੍ਰਧਾਨ, ਰਾਮ ਦਾਸ ਗੁਰੂ ਖਜ਼ਾਨਚੀ, ਹੰਸ ਰਾਜ ਸਮਰਾ ਤੇ ਰਾਜੀਵ ਕੁਮਾਰ ਆਦਿ ਬੁੱਧੀਜੀਵੀਆਂ, ਬੋਧੀ ਉਪਾਸ਼ਕਾਂ ਨੇ ਮਹਾਰ ਫੌਜ ਦੇ ਯੋਧਿਆਂ ਨੂੰ ਯਾਦ ਕੀਤਾ ਤੇ ਨਵੇਂ ਸਾਲ ਦੀ ਵੀ ਵਧਾਈ ਦਿੱਤੀ।ਬੁੱਧੀਜੀਵੀ ਬੋਧੀ ਆਗੂਆਂ ਨੇ ਕਿਹਾ ਕਿ ਮਹਾਰ ਰੈਜੀਮੈਂਟ ਦੇ 500 ਸੂਰਵੀਰ ਸਿਪਾਹੀਆਂ ਨੇ ਪੇਸ਼ਵਾ ਦੇ 28,000 ਸੈਨਿਕਾਂ ਦੀ ਫੌਜ ਨੂੰ ਮਾਰ ਮੁਕਾਇਆ ਸੀ, ਜੋ ਕਿ ਮੂਲ ਨਿਵਾਸੀ ਸੈਨਾ ਦੀ ਬਹਾਦਰੀ ਦੀ ਵਿਸ਼ਵ ਵਿੱਚ ਇੱਕੋ-ਇੱਕ ਉਦਾਹਰਣ ਮਿਲਦੀ ਹੈ।ਐਡਵੋਕੇਟ ਹਰਭਜਨ ਸਾਂਪਲਾ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਹਰ ਸਾਲ ਭੀਮਾ ਕੋਰੇਗਾਓਂ ਦੇ ਮਹਾਨ ਸਥਾਨ 'ਤੇ ਜਾ ਕੇ ਯੋਧਿਆਂ ਨੂੰ ਨਤਮਸਤਕ ਹੁੰਦੇ ਸਨ, ਜਿਸ ਨਾਲ ਉਨ੍ਹਾਂ ਵਿੱਚ ਮਹਾਰ ਯੋਧਿਆਂ ਦੀ ਸੂਰਬੀਰਤਾ ਅਤੇ ਜਿੱਤ ਦੀ ਨਵੀਂ ਊਰਜਾ ਆ ਜਾਂਦੀ ਸੀ। ਇਸ ਮੌਕੇ ਸ੍ਰੀ ਹਰਭਜਨ ਲਾਲ ਫਗਵਾੜਾ, ਅਮਨ, ਅਸੀਸ, ਚੇਤ ਰਾਮ, ਪ੍ਰਮੋਦ, ਅਰੁਣ, ਅਜੇ ਕੁਮਾਰ, ਧਰਮਿੰਦਰ, ਰਾਮ ਸੇਵਕ, ਅੰਜਲੀ ਤੇ ਹੋਰ ਬਹੁਤ ਸਾਰੇ ਉਪਾਸ਼ਕ ਹਾਜ਼ਰ ਸਨ।

## ਮੁੱਖ ਮੰਤਰੀ ਸੈਣੀ ਨੇ ਸੂਬੇ ਦੇ ਖਿਡਾਰੀਆਂ ਦੀ ਮਾਤਾਵਾਂ ਨੂੰ ਕੀਤਾ ਸਨਮਾਨਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਗੁਰੂਗ੍ਰਾਮ ਵਿਚ ਕ੍ਰੀੜਾ ਭਾਰਤੀ ਦੀ ਹਰਿਆਣਾ ਪ੍ਰਾਂਤੀਅ ਇਕਾਈ ਵੱਲੋਂ ਪੈਰਾਲੰਪਿਕ ਤੇ ਓਲੰਪਿਕ ਖੇਡਾਂ ਵਿਚ ਮੈਡਲ ਜੇਤੂ ਅਤੇ ਹੋਰਨਾਂ ਦੀਆਂ ਮਾਤਾਵਾਂ ਦੇ ਸਨਮਾਨ ਵਿਚ ਪ੍ਰਬੰਧਿਤ ਵੀਰ ਮਾਤਾ ਜੀਜਾ ਬਾਈ ਪ੍ਰਾਂਤ ਪੱਧਰੀ ਸਮਾਰੋਹ ਵਿਚ ਸ਼ਿਰਕਤ ਕੀਤੀ। ਪ੍ਰੋਗ੍ਰਾਮ ਦੌਰਾਨ ਮੁੱਖ ਮੰਤਰੀ ਨੇ ਸਾਲ 2024 ਵਿਚ ਪੈਰਿਸ ਓਲੰਪਿਕ ਅਤੇ ਪੈਰਾਲੰਪਿਕ ਵਿਚ ਹਿੱਸਾ ਲੈਣ ਵਾਲੇ ਖਿਡਾਰੀਆਂ ਦੀ ਮਾਤਾਵਾਂ ਨੂੰ ਸਨਮਾਨਤ ਕੀਤਾ।ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਦਰੋਣ ਦੀ ਨਗਰੀ ਗੁਰੂਗ੍ਰਾਮ ਵਿਚ ਪ੍ਰਬੰਧਿਤ ਮਾਤਾ ਜੀਜਾ ਬਾਈ ਸਨਮਾਨ ਸਮਾਰੋਹ ਖੇਡ ਦੇ ਖੇਤਰ ਵਿਚ ਮਾਤਾਵਾਂ ਦੀ ਭੂਮਿਕਾ ਦਾ ਉਤਸਵ ਹੈ। ਦੇਸ਼-ਦੁਨੀਆ ਵਿਚ ਪਰਚਮ ਲਹਿਰਾਉਣ ਵਾਲੇ ਖਿਡਾਰੀਆਂ ਦੀਆਂ ਮਾਤਾਵਾਂ ਦਾ ਸਨਮਾਨ ਮਾਣ ਦਾ ਵਿਸ਼ਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਮਾਰੋਹ ਨੇ ਸਿਰਫ ਸਾਡੇ ਖਿਡਾਰੀਆਂ ਦੇ ਪ੍ਰਤੀ ਹੀ ਨਹੀਂ ਸਗੋ ਉਨ੍ਹਾਂ ਦੀਆਂ ਮਾਤਾਵਾਂ ਦੇ ਪ੍ਰਤੀ ਵੀ ਵਚਨਬੱਧਤਾ ਵਿਅਕਤ ਕਰਨ ਦਾ ਇਕ ਮੌਕਾ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ ਕਿ ਹਰ ਵੱਡੀ ਸਫਲਤਾ ਦੇ ਪਿੱਛੇ ਮਾਂ ਦਾ ਹੱਥ ਹੁੰਦਾ ਹੈ। ਅਜਿਹੀਆਂ ਮਾਤਾਵਾਂ ਦਾ ਸਨਮਾਨ ਕਰਨਾ ਸਮਾਜ ਦੀ ਜਿਮੇਵਾਰੀ ਹੈ। ਇਸ ਨਾਲ ਨਵੀਂ ਪੀੜੀ ਨੂੰ ਪ੍ਰੇਰਿਤ ਕਰਨ ਵਿਚ ਮਦਦ ਮਿਲੇਗੀ। ਮੁੱਖ ਮੰਤਰੀ ਨੇ ਕ੍ਰੀੜਾ ਭਾਰਤੀ ਦੀ ਹਰਿਆਣਾ ਸੂਬੇ ਦੀ ਇਕਾਈ ਨੂੰ ਵੀ ਇਸ ਅਨੋਖੀ ਪਹਿਲ ਲਈ ਵਧਾਈ ਦਿੱਤੀ। ਨਾਲ ਹੀ ਸੰਸਥਾ ਨੂੰ 21 ਲੱਖ ਰੁਪਏ ਦੀ ਸਹਾਇਤਾ ਰਕਮ ਦੇਣ ਦਾ ਐਲਾਨ ਕੀਤਾ।ਮੁੱਖ ਮੰਤਰੀ ਨੇ ਕਿਹਾ ਕਿ ਹਾਲ ਹੀ ਵਿਚ ਕੇਂਦਰ ਸਰਕਾਰ ਨੇ ਮੇਜਰ ਧਿਆਨ ਚੰਦ ਸਨਮਾਨ ਸਮੇਤ ਅਰਜੁਨ ਐਵਾਰਡ ਲਈ ਸੂਬੇ ਦੇ ਕਈ ਖਿਡਾਰੀਆਂ ਦਾ ਨਾਂਅ ਚੋਣ ਕੀਤਾ ਹੈ। ਇਸ ਵਿਚ ਮਨੂ ਭਾਕਰ ਸਮੇਤ ਸਵੀਟੀ ਬੂਰਾ ਤੇ ਹੋਰ ਕਈ ਨਾਂਅ ਸ਼ਾਮਿਲ ਹਨ।ਖੇਡ ਰਾਜ ਮੰਤਰੀ ਗੌਰਵ ਗੌਤਮ ਨੇ ਕਿਹਾ ਕਿ ਸੱਭ ਤੋਂ ਨਿਸਵਾਰਥ ਰਿਸ਼ਤਾ ਮਾਂ ਦਾ ਹੁੰਦਾ ਹੈ। ਦੇਸ਼ ਨੂੰ ਮਾਣ ਮਹਿਸੂਸ ਕਰਨ ਵਾਲੇ ਖਿਡਾਰੀਆਂ ਦੀਆਂ ਮਾਤਾਵਾਂ ਦਾ ਆਸ਼ੀਰਵਾਦ ਪ੍ਰਾਪਤ ਕਰਨਾ ਮਾਣ ਦਾ ਵਿਸ਼ਾ ਹੈ। ਉਨ੍ਹਾਂ ਨੇ ਸਰਕਾਰ ਦੀ ਉਪਲਬਧੀ ਗਿਣਾਉਂਦੇ ਹੋਏ ਕਿਹਾ ਕਿ ਬੀਤੇ ਇਕ ਦਿਹਾਕੇ ਵਿਚ ਖਿਡਾਰੀਆਂ ਲਈ 592 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਹ ਸਰਕਾਰ ਖਿਡਾਰੀਆਂ ਤੇ ਉਨ੍ਹਾਂ ਦੇ ਪਰਿਜਨਾਂ ਦੇ ਹਿੱਤ ਲਈ ਯਤਨਸ਼ੀਲ ਹਨ।

## ਮਸਲੇ ਹੱਲ ਨਾ ਹੋਣ 'ਤੇ ਅੰਗਹੀਣਾਂ ਵੱਲੋਂ ਸਰਕਾਰ ਵਿਰੁੱਧ ਨਾਅਰੇਬਾਜ਼ੀ



**ਮਾਨਸਾ (ਆਤਮਾ ਸਿੰਘ ਪਮਾਰ)**

ਫਿਜੀਕਲੀ ਹੈਂਡੀਕੈਪਡ ਐਸੋਸੀਏਸ਼ਨ ਜ਼ਿਲ੍ਹਾ ਮਾਨਸਾ ਇਕਾਈ ਵੱਲੋਂ ਅੰਗਹੀਣਾਂ ਦੀਆਂ ਜਾਇਜ਼ ਮੰਗਾਂ ਲਈ ਵਿੱਢੇ ਗਏ ਸੰਘਰਸ਼ ਦੇ 5ਵੇਂ ਦਿਨ ਪ੍ਰਦਰਸ਼ਨ ਕਾਰੀਆਂ ਨੇ ਪੰਜਾਬ ਸਰਕਾਰ ਦੀਆਂ ਲਾਰਾ ਲਾਊ ਨੀਤੀਆਂ ਦਾ ਸਖ਼ਤ ਵਿਰੋਧ ਕਰਦਿਆਂ ਨਾਅਰੇਬਾਜ਼ੀ ਕਰਕੇ ਜ਼ਬਰਦਸਤ ਰੋਸ ਪ੍ਰਗਟ ਕੀਤਾ। ਅੰਗਹੀਣਾਂ ਵੱਲੋਂ ਸਥਾਨਕ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਂਕ 'ਚ ਲਾਏ ਪੱਕੇ ਧਰਨੇ 'ਚ ਅੱਜ ਨਗਰ ਕੌਂਸਲ ਦੇ ਵਾਈਸ ਪ੍ਰਧਾਨ ਰਾਮ ਪਾਲ ਬੱਪੀਆਣਾ, ਲਾਲ ਚੰਦ ਯਾਦਵ, ਧੰਨਾਮਲ ਗੋਇਲ ਤੇ ਮਜ਼ਦੂਰ ਮੁਕਤੀ ਮੋਰਚਾ (ਅਜਾਦ) ਸਮਾਜ ਪਾਰਟੀ ਦੇ ਜਰਨੈਲ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਧਰਨੇ ਦੀ ਹਰ ਤਰ੍ਹਾਂ ਨਾਲ ਹਮਾਇਤ ਦਾ ਐਲਾਨ ਕੀਤਾ।ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਅਵਿਨਾਸ਼ ਸ਼ਰਮਾ ਨੇ ਦੋਸ਼ ਲਾਇਆ ਕਿ ਉਹ ਪੰਜ ਦਿਨਾਂ ਤੋਂ ਆਪਣੀਆਂ ਜਾਇਜ਼ ਤੇ ਹੱਕੀ ਮੰਗਾਂ ਲਈ ਇਸ ਹੱਡ ਚੀਰਵੀਂ ਸਰਦੀ 'ਚ ਸੰਘਰਸ਼ ਕਰ ਰਹੇ ਹਨ, ਪਰ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੁਸ਼ਕਲਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਅਤੇ ਨਾ ਹੀ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਦੀ ਸਾਰ ਲੈ ਰਿਹਾ ਹੈ।

## ...ਸ.ਫ਼ਾ 1 ਦੇ ਬਾਕੀ

### ਕੇਂਦਰ ਅੜੀ ਛੱਡ ਕੇ ...

ਨਹੀਂ, ਜਦਕਿ ਸੂਬਾ ਸਰਕਾਰ ਨੇ ਕਿਸਾਨ ਆਗੂ ਦੀ ਸਿਹਤ ਸੰਭਾਲ ਲਈ 50 ਤੋਂ ਵੱਧ ਡਾਕਟਰਾਂ ਦੀ ਤਾਇਨਾਤੀ ਕੀਤੀ ਹੈ। ਮਾਨ ਨੇ ਕਿਹਾ ਕਿ ਉਨ੍ਹਾ ਖ਼ੁਦ ਡੱਲੇਵਾਲ ਨੂੰ ਫੋਨ ਕਰਕੇ ਮਰਨ ਵਰਤ ਖ਼ਤਮ ਕਰਨ ਦੀ ਅਪੀਲ ਕੀਤੀ ਸੀ, ਪਰ ਕੇਂਦਰ ਸਰਕਾਰ ਨੇ ਅੰਨਦਾਤਿਆਂ ਦੀਆਂ ਭਾਵਨਾਵਾਂ ਨੂੰ ਠਾਰਨ ਦਾ ਕੋਈ ਉਪਰਾਲਾ ਨਹੀਂ ਕੀਤਾ।

ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਚਾਹੁੰਦੀ ਹੈ ਕਿ ਸ਼ਾਂਤਮਈ ਢੰਗ ਨਾਲ ਬੈਠੇ ਡੱਲੇਵਾਲ ਅਤੇ ਕਿਸਾਨਾਂ ਨੂੰ ਧਰਨੇ ਵਾਲੀ ਥਾਂ ਤੋਂ ਉਠਾਇਆ ਜਾਵੇ, ਭਾਵੇਂ ਇਸ ਅੰਦੋਲਨ ਨਾਲ ਕਾਨੂੰਨ ਵਿਵਸਥਾ ਦੀ ਕੋਈ ਵੀ ਸਮੱਸਿਆ ਪੈਦਾ ਨਹੀਂ ਹੋ ਰਹੀ। ਮੁੱਖ ਮੰਤਰੀ ਨੇ ਕਿਹਾ ਕਿ ਉਹ ਹੈਰਾਨ ਹਨ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲ ਕਰਨ ਤੋਂ ਕੰਨੀ ਕਤਰਾ ਰਹੀ ਹੈ ਅਤੇ ਇਸ ਦੀ ਜ਼ਿੰਮੇਵਾਰੀ ਸੂਬਾ ਸਰਕਾਰ 'ਤੇ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਕੇਂਦਰ ਸਰਕਾਰ ਕਿਸਾਨਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਨ ਲਈ ਕੋਈ ਉਪਰਾਲਾ ਕਰਨ ਦੀ ਬਜਾਏ ਕਿਸਾਨਾਂ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਫਿਰ ਤੋਂ ਕਾਲੇ ਕਾਨੂੰਨ ਲਾਗੂ ਕਰਨ ਲਈ ਤਿਆਰ ਹੈ।

ਉਹਨਾ ਕਿਹਾ ਕਿ ਸੂਬਾ ਸਰਕਾਰ ਕਿਸੇ ਵੀ ਅਜਿਹੇ ਕਦਮ ਦੀ ਹਮਾਇਤ ਨਹੀਂ ਕਰੇਗੀ, ਜੋ ਪੰਜਾਬ ਅਤੇ ਇਸ ਦੇ ਕਿਸਾਨਾਂ ਦੇ ਹਿੱਤਾਂ ਦੇ ਵਿਰੁੱਧ ਹੈ। ਸੂਬਾ ਸਰਕਾਰ ਕਿਸਾਨਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਪਹਿਲਾਂ ਹੀ ਲਾਗੂ ਕਰ ਰਹੀ ਹੈ।

ਮਾਨ ਨੇ ਕਿਹਾ ਕਿ ਇਹ ਇੱਕ ਵਿਰੋਧਾਭਾਸ ਵਾਲੀ ਸਥਿਤੀ ਹੈ, ਕਿਉਂਕਿ ਕਿਸਾਨਾਂ ਦੇ ਮੁੱਦੇ ਕੇਂਦਰ ਨਾਲ ਸੰਬੰਧਤ ਹਨ ਅਤੇ ਹਰਿਆਣਾ ਸਰਕਾਰ ਕਿਸਾਨਾਂ 'ਤੇ ਤਾਕਤ ਦੀ ਵਰਤੋਂ ਕਰ ਰਹੀ ਹੈ, ਪਰ ਇਸ ਸਾਰੀ ਸਥਿਤੀ ਲਈ ਜਵਾਬਦੇਹ ਪੰਜਾਬ ਨੂੰ ਬਣਾਇਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਸਾਨ ਆਗੂ ਡੱਲੇਵਾਲ ਨੂੰ ਆਪਣਾ ਮਰਨ ਵਰਤ ਖ਼ਤਮ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਉਨ੍ਹਾ ਦੀ ਜਾਨ ਦੇਸ਼ ਅਤੇ ਕਿਸਾਨਾਂ ਲਈ ਬਹੁਤ ਮਹੱਤਵਪੂਰਨ ਹੈ। ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਵੱਲੋਂ ਦੇਸ਼ ਲਈ ਪਾਏ ਜਾਂਦੇ ਏਨੇ ਵੱਡੇ ਯੋਗਦਾਨ ਦੇ ਬਾਵਜੂਦ ਕਿਸਾਨਾਂ ਨਾਲ ਗੱਲਬਾਤ ਸ਼ੁਰੂ ਕਰਨ ਲਈ ਕੋਈ ਉਪਰਾਲਾ ਨਹੀਂ ਕਰ ਰਹੀ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨੂੰ ਡੀ ਏ ਪੀ ਖਾਦ ਮੁਹੱਈਆ ਕਰਵਾਉਣ ਵਿੱਚ ਨਾਕਾਮ ਰਹੀ ਹੈ ਅਤੇ ਸੂਬੇ ਵਿੱਚੋਂ ਚੌਲਾਂ ਦੀ ਚੁਕਾਈ ਅਜੇ ਤੱਕ ਨਹੀਂ ਹੋਈ।

ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਸੂਬੇ ਵਿੱਚ ਖਾਸ ਕਰਕੇ ਕਿਸਾਨਾਂ ਅਤੇ ਸਰਕਾਰ ਦਰਮਿਆਨ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਪੂਰੀ ਤਰ੍ਹਾਂ ਨਾ-ਬਰਦਾਸ਼ਤਯੋਗ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਕਿਸਾਨ ਅੰਦੋਲਨ ਨਾਲ ਨਜਿੱਠਣ ਲਈ ਨਾ ਤਾਂ ਏਅਰ ਐਂਬੂਲੈਂਸ ਦੀ ਲੋੜ ਹੈ ਅਤੇ ਨਾ ਹੀ ਵਾਧੂ ਫੋਰਸ ਦੀ ਲੋੜ ਹੈ, ਪਰ ਕੇਂਦਰ ਸਰਕਾਰ ਨੂੰ ਸਾਰੇ ਭਾਈਵਾਲਾਂ, ਖ਼ਾਸ ਕਰਕੇ ਕਿਸਾਨਾਂ ਨਾਲ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਰੋਜ਼ਾਨਾ ਇਸ ਮੁੱਦੇ ਨੂੰ ਕੇਂਦਰ ਸਰਕਾਰ ਕੋਲ ਉਠਾ ਰਹੇ ਹਨ, ਪਰ ਕੇਂਦਰ ਕਿਸਾਨਾਂ ਦੀ ਕਿਸੇ ਵੀ ਮੰਗ ਵੱਲ ਧਿਆਨ ਨਹੀਂ ਦੇ ਰਹੀ। ਉਨ੍ਹਾਂ ਕਿਹਾ ਕਿ ਖੇਤੀਬਾੜੀ ਸੂਬੇ ਦਾ ਵਿਸ਼ਾ ਹੈ, ਪਰ ਕੇਂਦਰ ਸਰਕਾਰ ਆਪਣਾ ਫੈਸਲਾ ਸੂਬੇ 'ਤੇ ਥੋਪਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਕਿ ਗੈਰ-ਵਾਜਬ ਹੈ। ਮਾਨ ਨੇ ਕਿਹਾ ਕਿ ਇਹ ਇੱਕ ਸੱਚਾਈ ਹੈ ਕਿ ਮੋਦੀ ਸਰਕਾਰ ਨੂੰ ਆਪਣੇ ਫੈਸਲੇ ਲਾਗੂ ਕਰਨ ਲਈ ਤਾਕਤ ਦੀ ਵਰਤੋਂ ਕਰਨ ਦੀ ਆਦਤ ਪੈ ਚੁੱਕੀ ਹੈ। ਮੋਦੀ ਕੋਲ ਖ਼ੁਦ ਨੂੰ ਵਿਸ਼ਵ ਗੁਰੂ ਵਜੋਂ ਦਰਸਾਉਣ ਦਾ ਸਮਾਂ ਹੈ, ਪਰ ਉਹ ਆਪਣੇ ਦੇਸ਼ ਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਨਹੀਂ ਕਰਨਾ ਚਾਹੁੰਦੇ।

### 377 ਟਨ ਜ਼ਹਿਰੀਲਾ ਕੂੜਾ...

ਵਿਚਕਾਰਲੀ ਰਾਤ ਨੂੰ ਕੀੜੇਮਾਰ ਜ਼ਹਿਰਾਂ ਬਣਾਉਣ ਵਾਲੀ ਯੂਨੀਅਨ ਕਾਰਬਾਈਡ ਫੈਕਟਰੀ ਤੋਂ ਬਹੁਤ ਜ਼ਿਆਦਾ ਜ਼ਹਿਰੀਲੀ ਮਿਥਾਈਲ ਆਈਸੋਸਾਈਨੇਟ ਗੈਸ ਲੀਕ ਹੋਈ, ਜਿਸ ਨਾਲ ਘੱਟੋ-ਘੱਟ 5,479 ਲੋਕ ਮਾਰੇ ਗਏ ਅਤੇ ਹਜ਼ਾਰਾਂ ਲੋਕ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਸਨ, ਜੋ ਗੰਭੀਰ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ/ਸਨ।

ਮੱਧ ਪ੍ਰਦੇਸ਼ ਹਾਈ ਕੋਰਟ ਨੇ 3 ਦਸੰਬਰ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਭੋਪਾਲ 'ਚ ਯੂਨੀਅਨ ਕਾਰਬਾਈਡ ਸਾਈਟ ਨੂੰ ਸਾਫ ਨਾ ਕਰਨ ਲਈ ਅਧਿਕਾਰੀਆਂ ਨੂੰ ਫਟਕਾਰ ਲਗਾਈ। ਹਾਈ ਕੋਰਟ ਨੇ ਕੂੜੇ ਨੂੰ ਤਬਦੀਲ ਕਰਨ ਲਈ ਚਾਰ ਹਫਤਿਆਂ ਦਾ ਸਮਾਂ ਦਿੱਤਾ ਸੀ, ਜਿਸ ਤੋਂ ਬਾਅਦ ਇਹ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ।

### ਕੇਂਦਰ ਨੀਟ-ਯੂ ਜੀ ...

ਸ਼ਾਮਲ ਹਨ। ਪਿਛਲੇ ਸਾਲ 21 ਅਕਤੂਬਰ ਨੂੰ ਸੁਪਰੀਮ ਕੋਰਟ ਨੇ ਪ੍ਰੀਖਿਆ ਸੁਧਾਰਾਂ 'ਤੇ ਆਪਣੀ ਰਿਪੋਰਟ ਦਾਇਰ ਕਰਨ ਲਈ ਕੇਂਦਰ ਵੱਲੋਂ ਨਿਯੁਕਤ ਸੱਤ ਮੈਂਬਰੀ ਮਾਹਰ ਪੈਨਲ ਨੂੰ ਦਿੱਤੇ ਸਮੇਂ ਵਿਚ ਵਾਧਾ ਕੀਤਾ ਸੀ। ਮਾਹਰ ਪੈਨਲ ਦੇ ਦਾਇਰੇ ਦਾ ਵਿਸਤਾਰ ਕਰਦੇ ਹੋਏ ਕੋਰਟ ਨੇ ਝਾਰਖੰਡ ਦੇ ਹਜ਼ਾਰੀਬਾਗ 'ਚ ਇੱਕ ਪ੍ਰੀਖਿਆ ਕੇਂਦਰ 'ਚ ਸੁਰੱਖਿਆ ਉਲੰਘਣਾ ਵਰਗੀਆਂ ਐੱਨ ਟੀ ਏ ਦੀਆਂ ਕਈ ਖਾਮੀਆਂ ਨੂੰ ਚੁੱਕਿਆ ਸੀ, ਜਿਸ ਵਿਚ ਸਟ੍ਰਾਂਗਰੂਮ ਦਾ ਪਿਛਲਾ ਦਰਵਾਜ਼ਾ ਖੋਲ੍ਹਿਆ ਗਿਆ ਅਤੇ ਅਣਅਧਿਕਾਰਤ ਲੋਕਾਂ ਨੂੰ ਪ੍ਰਸ਼ਨ-ਪੱਤਰਾਂ ਤੱਕ ਪਹੁੰਚਣ ਦੀ ਇਜਾਜ਼ਤ, ਈ-ਰਿਕਸ਼ਾ ਰਾਹੀਂ ਪ੍ਰਸ਼ਨ ਪੱਤਰਾਂ ਦੀ ਢੋਆ-ਢੁਆਈ ਅਤੇ ਉਮੀਦਵਾਰਾਂ 'ਚ ਪ੍ਰਸ਼ਨ-ਪੱਤਰਾਂ ਦੇ ਗਲਤ ਸੈੱਟਾਂ ਦੀ ਵੰਡ ਆਦਿ ਸੀ।

## ਜਥੇਦਾਰ ਗੋਲੇਵਾਲ ਤੇ ਸਹਿਜੜਾ ਦੇ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜਥੇਦਾਰ ਜੋਗਿੰਦਰ ਸਿੰਘ ਗੋਲੇਵਾਲ ਮੀਤ ਪ੍ਰਧਾਨ ਜ਼ਿਲ੍ਹਾ ਫ਼ਰੀਦਕੋਟ ਅਤੇ ਜਥੇਦਾਰ ਮਹਿੰਦਰ ਸਿੰਘ ਸਹਿਜੜਾ ਦੇ ਤਾਇਆ ਸ੍. ਜਗਤਾਰ ਸਿੰਘ ਸਹਿਜੜਾ ਦੇ ਹੋਏ ਅਕਾਲ ਚਲਾਣੇ ਉਤੇ ਸ੍. ਮਾਨ ਤੇ ਪਾਰਟੀ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਦੋਵਾਂ ਆਤਮਾਵਾਂ ਦੀ ਸ਼ਾਂਤੀ ਲਈ ਜਿੱਥੇ ਸਮੂਹਕ ਤੌਰ 'ਤੇ ਅਰਦਾਸ ਕੀਤੀ ਗਈ, ਉਥੇ ਵਿੱਛੜੀਆਂ ਆਤਮਾਵਾਂ ਦੇ ਦੋਸਤ, ਮਿੱਤਰ, ਸੰਬੰਧੀਆਂ, ਪਰਿਵਾਰਾਂ ਨੂੰ ਗੁਰੂ ਦੇ ਭਾਣੇ ਵਿੱਚ ਵਿਚਰਣ ਦੀ ਅਰਦਾਸ ਵੀ ਕੀਤੀ।ਸ੍. ਜੋਗਿੰਦਰ ਸਿੰਘ ਗੋਲੇਵਾਲ ਇਕ ਬਹੁਤ ਹੀ ਪੰਥਕ ਖਿਆਲਾਂ ਦੇ ਧਾਰਨੀ ਸਨ, ਜੋ ਹਮੇਸ਼ਾ ਖ਼ਾਲਸਾ ਪੰਥ ਦੀ ਚੜ੍ਹਦੀ ਕਲਾਂ ਲਈ ਉੱਦਮ ਕਰਦੇ ਰਹੇ।

ਇਸੇ ਤਰ੍ਹਾਂ ਜਥੇਦਾਰ ਮਹਿੰਦਰ ਸਿੰਘ ਸਹਿਜੜਾ ਵੀ ਪੰਥਕ ਪਰਿਵਾਰ ਵਿੱਚੋਂ ਸਨ, ਜਿਨ੍ਹਾਂ ਦੇ ਸਮੁੱਚੇ ਪਰਿਵਾਰਕ ਮੈਂਬਰਾਂ ਨੇ ਹਮੇਸ਼ਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਪੰਥ ਦੀ ਚੜ੍ਹਦੀ ਕਲਾਂ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ।ਅਜਿਹੀਆਂ ਆਤਮਾਵਾਂ ਦੇ ਚਲੇ ਜਾਣ ਨਾਲ ਕੇਵਲ ਪਰਿਵਾਰਕ ਮੈਂਬਰਾਂ ਤੇ ਸੰਬੰਧੀਆਂ ਨੂੰ ਹੀ ਵੱਡਾ ਘਾਟਾ ਨਹੀਂ ਪਿਆ, ਬਲਕਿ ਖ਼ਾਲਸਾ ਪੰਥ ਦੀ ਨਿਰਸਵਾਰਥ ਸੇਵਾ ਕਰਨ ਵਾਲੀਆਂ ਆਤਮਾਵਾਂ ਦੇ ਚਲੇ ਜਾਣ 'ਤੇ ਗਹਿਰਾ ਸਦਮਾ ਪਹੁੰਚਿਆ ਹੈ। ਇਸ ਅਰਦਾਸ ਕਰਨ ਵਾਲਿਆਂ ਵਿੱਚ ਸ੍. ਮਾਨ ਤੋਂ ਇਲਾਵਾ ਸ੍. ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਮਾਸਟਰ ਕਰਨੈਲ ਸਿੰਘ ਨਾਰੀਕੇ, ਪ੍ਰੋ. ਮਹਿੰਦਰਪਾਲ ਸਿੰਘ, ਕੁਸਲਪਾਲ ਸਿੰਘ ਮਾਨ, ਕੁਲਦੀਪ ਸਿੰਘ ਭਾਗੋਵਾਲ, ਹਰਪਾਲ ਸਿੰਘ ਬਲੇਰ, ਉਪਕਾਰ ਸਿੰਘ ਸੰਧੂ, ਅੰਮ੍ਰਿਤਪਾਲ ਸਿੰਘ ਛੰਦੜਾ, ਗੁਰਜੰਟ ਸਿੰਘ ਕੱਟੂ (ਜਰਨਲ ਸਕੱਤਰ), ਇਮਾਨ ਸਿੰਘ ਮਾਨ, ਗੁਰਦੀਪ ਸਿੰਘ ਢੁੱਡੀ, ਇਕਬਾਲ ਸਿੰਘ ਬਰੀਵਾਲਾ, ਜਸਕਰਨ ਸਿੰਘ ਪੰਜਗਰਾਈਂ, ਬਲਦੇਵ ਸਿੰਘ ਵੜਿੰਗ, ਰੂਬੀ ਬਰਾੜ, ਦਰਸ਼ਨ ਸਿੰਘ ਮੰਡੇਰ, ਜਤਿੰਦਰ ਸਿੰਘ ਥਿੰਦ, ਤਜਿੰਦਰ ਸਿੰਘ ਦਿਓਲ ਆਦਿ ਆਗੂ ਹਾਜ਼ਰ ਸਨ।ਜਥੇਦਾਰ ਜੋਗਿੰਦਰ ਸਿੰਘ ਦੀ ਆਤਮਾ ਦੀ ਸ਼ਾਂਤੀ ਲਈ ਪਰਿਵਾਰ ਵੱਲੋਂ ਰਖਾਏ ਗਏ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ 3 ਜਨਵਰੀ 2025 ਨੂੰ 12:30 ਵਜੇ ਪਿੰਡ ਗੋਲੇਵਾਲ ਪੱਤੀ ਬਾਜਾ ਗੁਰਦੁਆਰਾ ਸਾਹਿਬ ਵਿਖੇ ਪੈਣਗੇ।


## ਉੱਤਰ ਰੇਲਵੇ

**ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁਖ ਸਮਗਰੀ ਪ੍ਰਬੰਧਕ/ ਉਤਰ ਰੇਲਵੇ /ਭੰਡਾਰ ਡਿਪੋ/ਯਾਂਤਰਿਕ ਕਾਰਖਾਨਾ/ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ - ਨਿਵਿਦਾ ਵਿਚ ਨਥੀ ਦਸਤਾਵੇਜ ਦੇ ਸੁਧੀਕਰਨ ਲਈ:-

| ਲ. ਨੰ. | ਨਿਵਿਦਾ ਨੰ. | ਸੁਧੀਪੱਤਰ | |
|---|---|---|---|
| | | ਯੋਗਤਾ ਮਾਪਦੰਡ | ਨਿਵਿਦਾ ਖੁਲਣ ਦੀ ਮਿਤੀ |
| 1. | 62245349 | In keeping with the Public Procurement (Preference to Make in India) Order, 2017 as amended and in terms of Clause 2.4.2 of instructions to tenderers for e-Tender, Rev. 1.21 of April-2024 (along with all correction slips), Public Procurement of this item is restricted to Class-I & Class-II local suppliers only. Thus, only Class-I & Class-II local supplier as defined under the Public Procurement (preference to Make in India) Order, 2017, as amended shall be eligible to bid in this tender. | 09.01.2025 |

**ਨਿਵਿਦਾ ਸ਼ਰਤਾਂ:-** ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।

**ਟੈਂਡਰ ਨੋਟਿਸ ਨੰ.:-19A/2024-2025 ਮਿਤੀ 02.01.2025** 16/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਅਦਾਲਤੀ ਇਸ਼ਤਿਹਾਰ

**ਬਾ-ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ, ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐਨ. ਆਰ. ਆਈਜ਼, ਜਲੰਧਰ।**

ਕੇਸ ਨੰ. 508/ਐਫ. ਟੀ. ਸੀ./ਐਨ. ਆਰ. ਆਈਜ਼
ਕੇਸ ਅਨੁਵਾਨ - ਜਾਗੀਰ ਸਿੰਘ ਬਨਾਮ ਹਰਭਜਨ ਸਿੰਘ ਅਤੇ ਹੋਰ
ਖੇਵਟ ਨੰ: 3/3,4/4, 15/15, 16/16, 46/43, 48/45, 49/46/, 53/43, 85/80, 112/107, 113/108, 127/122, 128/123, 141/135
ਵਾਕਿਆ ਪਿੰਡ -- ਸੂਰਾ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ Jagir Singh Athwal S/o Sh. Pritam Singh S/o Bhagat Singh, R/o 66 Amanda Court, Langley Slough Berks, U.K. at present Village Hirapur, Tehsil & Distt. Jalandhar & others. (Applicant)

ਨੋਟਿਸ ਬਨਾਮ

1. Harbhajan Singh, 2. Gurdev Singh, 3. Bakhshish Singh, 4. Kashmir Singh sons of Jit Singh S/O Bhagat Singh, 5. Kuldip Kaur D/o Tarlok Singh S/o Jit Singh, 6. Gurmit Singh S/o Harbans Singh, 7. Jarnail Singh S/O Lachhman Singh, 8. Balwinder Singh S/O Chanan Singh S/O Achhar Singh, Joga Singh, 9. Joga Singh, 10. Jaswinder Singh sons of Asa Singh S/O Lachhman Singh, 11. Kuldip Singh S/O Jaswant Singh S/O Sham Singh, 12. Sandeep Singh S/O Harjinder Singh S/O Jasbir Singh, 13. Baldev Singh S/O Sewa Singh S/O Bawa Singh, 14. Bhajan Singh S/O Sarwan Singh S/O Sham Singh, 15. Harjinder Singh S/O Jaswant Singh S/O Sham Singh, 16. Swaran Singh S/O Nasib Singh S/O Narain Singh, 17. Kamaljit Singh Athwal, 18. Amrik Singh Atwal sons of Gurdev Singh son Darshan Singh, 19. Naranjan Singh, 20. Mohinder Singh sons of Narain Singh S/O Jawala Singh, 21. Dasso daughter of Narain Singh S/O Jawala Singh, 22. Amarjit Singh S/O Resham Singh S/O Lakha Singh, 23. Baljit Kaur widow of Gurdev Singh S/O Resham Singh, 24. Tara Singh S/O Lakha Singh S/O Jawala Singh, 25. Mehnga Singh S/O Jawala Singh S/O Hakam Singh, 26. Asa Singh S/O Sham Singh S/O Hira Singh, 27. Resham Kaur widow of Harbans Singh S/O Sham Singh, 28. Dalbir Singh, 29. Sarwan Singh Sons of Harbans Singh S/O Sham Singh, 30. Jaswant Kaur daughter of Harbans Singh S/O Sham Singh, 31. Avtar Singh, 32. Dilbagh Singh, 33. Satnam Singh sons of Nand Singh S/O Sham Singh, 34. Gurdev Singh S/O Bikram Singh S/O Thakur Singh, 35. Rattan Singh S/O Thakur Singh S/O Hira Singh, 36. Gulab Singh S/O Ram Singh, 37. Atma Singh S/O Dalip Singh S/O Mayia, 38. Surjit Singh S/O Jassu S/O Dalip Singh, 39. Bakhshi S/O Dalip Singh S/O Mihan Singh, 40. Jawali D/O Mayia S/O Bhulla, 41. Uttam Singh, 42. Joga Singh sons of Inder Singh S/O Udham Singh, 43. Kashmir Singh, 44. Bhajan Singh, 45. Gurdev Singh, 46. Bakhshish Singh sons of Bhagat Singh S/O Jawala Singh, 47. Kuldip Kaur daughter of Tarlok Singh S/O Jawala Singh, 48. Gurwinder Singh S/O Surjit Singh S/O Jassa Singh, 49. Kamaljit Kaur wife of Pargat Singh S/O Harman Singh, 50. Gurdip Singh S/O Pargat Singh S/O Harman Singh, 51. Nasib Singh, 52. Mohinder Singh sons of Surain Singh S/O Jawala Singh, 53. Gurdip Singh, 54. Hardial Singh, 55. Kulwinder Singh sons of Puran Singh S/O Beant Singh, 56. Charan Kaur widow of Chanan Singh, 57. Surjit Kaur, 58. Sukhwinder Kaur, 59. Gurbax Kaur daughters of Chanan Singh, 60. Romeo, 61. Simforian sons of Samuel S/O Arjan Masih, 62. Balbir Kaur wife of Surjit Singh S/O Sarwan Singh, 63. Jaswinder Kaur wd/O Sarwan Singh S/O Daya Singh, 64. Mukhtiar Singh, 65. Jagtar Singh sons of Naranjan Singh S/O Surain Singh, 66. Damanpreet Kaur W/O Sandeep Singh S/O Harjinder Singh, 67. Santa Singh, 68. Banta Singh, 69. Arjan Singh sons of Gopal Singh S/O Fateh Singh, 70. Karnail Singh, 71. Asa Singh, 72. Mohan Singh sons of Lachhman Singh S/O Jawala Singh, 73. Resham Singh, 74. Bhag Singh sons of Lekh Singh S/O Jawala Singh, 75. Pritam Kaur Wd/O Mangal Singh, 76. Jasbir Kaur D/O Harbans Singh S/O Sham Singh, 77. Resham Singh S/O Puran Singh, 78. Iqbal Singh, 79. Jaspal Singh, 80. Gurdev Singh sons of Achhar Singh S/O Mangal Singh, 81. Achhar Singh, 82. Mohinder Singh sons of Mangal Singh S/O Chanda Singh, 83. Kulwant Kaur Wd/O Jarnail Singh S/O Puran Singh, 84. Kewal Singh S/O Didar Singh S/O Mangal Singh, 85. Harbhajan Kaur D/O Didar Singh S/O Mangal Singh, 86. Bikram Singh S/O Rattan Singh S/O Hira Singh, 87. Paramjit Kaur W/O Piara Singh S/O Didar Singh, 88. Jarnail Singh S/O Puran Singh, 89. Avtar Singh S/O Resham Singh S/O Puran Singh, 90. Didar Singh, 91. Mohinder Singh sons of Mangal Singh S/O Ditta, 92. Uma Rani Wd/O Ram Parkash S/O Babu Ram, 93. Rakha Singh, 94. Lachhman Singh sons of Tulsa Singh S/O Jamita Singh, 95. Sewa Singh S/O Tulsi S/O Jamita, 96. Sardara Singh, 97. Balwant Singh, 98. Harbhajan Singh sons of Babu Ram S/O Jamita, 99. Pal Singh, 100. Mohan Singh Sons of Bishan Singh S/O Inder Singh, 101. Kaushalaya Devi D/O Bishan Singh S/O Inder Singh, 102. Harbans Singh, 103. Satnam Singh Sons of Joginder Singh S/O Bishan Singh, 104. Bimla Devi D/O Joginder Singh S/O Bishan Singh, 105. Harbhajan Kaur Wd/O Joginder Singh S/O Bishan Singh, 106. Karamjit Singh S/O Hari Singh S/O Jamita, 107. Kishan Singh, 108. Bhagat Singh, 109. Arjan Singh sons of Inder Singh S/O Balwant Singh, 110. Charan Singh S/O Inder Singh, 111. Pritam Singh S/O Bhagat Singh S/O Jawala Singh, 112. Gurmukh Singh S/O Labh Singh S/O Khushal Singh, 113. Parkash Singh S/O Jagat Singh S/O Uttam Singh, 114. Sarwan Singh S/O Piara Singh, 115. Sarabjit Kaur W/O Harjinder Singh S/O Shingara Singh, 116. Mandip Kaur W/O Rashpal Singh S/O Amrik Singh, 117. Jit Singh S/O Bhagat Singh S/O Jawala Singh, 118 Massa Singh S/O Batan Singh S/O Chuhar Singh, 119. Paramjit Kaur W/O Kulwant Singh S/O Mihan Singh, 120. Chanan Singh S/O Surain Singh, 121. Chanan Kaur D/O Surain Singh, 122. Mohinder Singh S/O Mangal Singh S/O Deva Singh, 123. Gagandeep Singh Cheema S/O Balwinder Singh Cheema S/O Piara Singh, 124. Kuldip Kaur W/O Kulwant Singh S/O Mohinder Singh,125. Lachho wd/o Surain Singh, 126. Mohinder Singh sons of Achhar Singh S/O Mangal Singh, 127. Rajwinder Kaur W/O Balwinder Singh S/O Piara Singh, 128. Arjan Singh S/O Chuhar Singh, 129. Mansha Singh, 130. Mohinder Singh sons of Batan Singh S/O Chuhar Singh, 131. Puran Singh S/O Mangal Singh S/O Chanda Singh, 132. Gurmit Singh S/O Ganga Singh S/O Jawala Singh, 133, Ajit Singh S/O Bhagat Singh S/O Jawala Singh, 134. Gurdial Singh, 135. Jaswinder Singh Sons of Massa Singh S/O Batan Singh, 136. Paramjit Kaur Wd/O Kulwant Singh S/O Mahinder Singh, 137. Gurakash Deep Singh, 138. Inder Sahib Singh sons of Kulwant Singh S/O Mahinder Singh, 139. Tajinderpal Singh S/O Sardul Singh S/O Sher Singh, 140. Sohan Singh S/O Lachhman Singh, 141. Asha Rani Wd/O Hari Kishan S/O Babu Ram, 142. Anil Kumar, 143. Tarsem Kumar, 144. Ajay Kumar sons of Hari Kishan S/O Babu Ram, 145. Shivani Sharma, 146. Prem Lata,147. Madhu, 148. Priyanka daughters of Hari Kishan S/O Babu Ram, all R/O village Hirapur, Tehsil & Distt. Jalandhar. 149. The Jalandhar Primary Co-operative Agricultural Development Bank Ltd. Jalandhar, 150. Bank of India, Jalandhar. 151. Axis Bank Ltd. Maqsudan, Jalandhar. 152. Punjab & Sind Bank, New Sabzi Mandi, Jalandhar

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਲ ਹੈ। ਇਸ ਲਈ ਮਿਤੀ 10.01.2025 ਨੂੰ ਦੁਪਹਿਰ 02 :00 ਵਜੇ ਦੀ ਤਰੀਕ ਪੇਸ਼ੀ ਨੀਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਵੇ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 19.12.24 ਨੂੰ ਮੇਰੇ ਦਸਤਖ਼ਤਾਂ ਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ, ਦਰਜਾ ਅੱਵਲ, ਫਾਰ ਫਾਸਟ ਟਰੈਕ ਕੋਰਟ ਫਾਰ ਐਨ. ਆਰ. ਆਈਜ਼, ਜਲੰਧਰ 1
ਨੰ: 607/ਰੀਡਰ/ਡੀ.ਆਰ.ਓ. ਮਿਤੀ :19/12/24


## ਉੱਤਰ ਰੇਲਵੇ

**ਈ-ਨਿਵਿਦਾ ਸੂਚਨਾ**

ਉਪ ਮੁੱਖ ਇੰਜੀਨੀਅਰ/ਪੁਲ/ਕਾਰਜਸ਼ਾਲਾ, ਉਤਰ ਰੇਲਵੇ, ਜਲੰਧਰ ਛਾਉਣੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਓਪਨ ਈ-ਟੈਂਡਰ ਨੂੰ ਸਿੰਗਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

| ਲੜੀ ਨੰ. | ਟੈਂਡਰ ਨੰ. | ਕੰਮ ਦਾ ਵੇਰਵਾ | ਅੰਦਾਜਨ ਲਾਗਤ (ਰੁਪਏ) | ਬਿਆਨਾ ਰਾਸ਼ੀ (ਰੁਪਏ) | ਖੁਲਣ ਦੀ ਮਿਤੀ | IREPS 'ਤੇ ਬੋਲੀ ਲਗਾਉਣ ਦੀ ਮਿਤੀ | ਟੈਂਡਰ ਫਾਰਮ ਦੀ ਲਾਗਤ (ਰੁਪਏ) | ਕੰਮ ਸਮਾਪਤੀ ਦਾ ਸਮਾਂ |
|---|---|---|---|---|---|---|---|---|
| 1 | OT-26-JRC-2024 | ਫਿਰੋਜਪੁਰ ਮੰਡਲ ਦੇ ਤਹਿਤ JAT-SVDK ਸੈਕਸ਼ਨ ਵਿਚ ਸਥਿਤ ਸਟੀਲ ਪੁਲਾਂ (ਪਲੇਟ ਗਡ਼ਰਾਂ ਅਤੇ ਓ.ਡਬਲਯੂ.ਜੀ ਗਡ਼ਰਾਂ ਦੇ ਫਰਸ਼ ਪ੍ਰਣਾਲੀ) ਅਤੇ ਕੰਕ੍ਰੀਟ ਪੁਲਾਂ ਦੇ ਸਟੀਲ ਭਾਗਾਂ (ਜਿਵੇਂ ਹੈਂਡਰੇਲਿੰਗ, ਟੀ.ਆਰ., ਪੌੜੀਆਂ, ਅਤੇ ਪਾਥਵੇ) ਦੇ ਪੇਂਟਿੰਗ ਦਾ ਕੰਮ ਕਰਨਾ। | 83,27,721.13 | 1,66,600.00 | 23.01.2025 | 09.01.2025 ਤੋਂ 23.01.2025 | 0 | 10 ਮਹੀਨੇ |

| | |
|---|---|
| ਨਿਵਿਦਾ ਪੇਸ਼ ਕਰਨ ਅਤੇ ਟੈਂਡਰ ਖੁਲਣ ਦੇ ਲਈ ਮਿਤੀ ਅਤੇ ਸਮਾਂ। | ਹਰੇਕ ਦੇ ਖਿਲਾਫ ਦਿਖਾਈਆਂ ਗਈਆਂ ਮਿਤੀਆਂ ਤੇ 15:00 ਵਜੇ ਤਕ ਅਤੇ ਉਸੇ ਸਮੇਂ 15:00 ਵਜੇ ਦੇ ਬਾਅਦ। |
| ਵੈਬਸਾਈਟ ਵੇਰਵਾ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ ਅਤੇ ਡਾਉਨਲੋਡ ਕੀਤਾ ਜਾ ਸਕਦਾ ਹੈ। | ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਵੈਬ ਸਾਈਟ www.nr.indianrailways.gov.in ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in ਤੇ ਉਪਲਬਧ ਹੈ। |

No. 80-W/30/Bridges/ Invitation Dated: 01.01.2025 18/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-PRKG24-11 | 15.01.25 ਨੂੰ 12:30 ਵਜੇ | ਬਾਰਾਮੂਲਾ, ਸੋਪੋਰ, ਅਵੰਤੀਪੁਰਾ, ਬਿਜਬਿਯਾੜਾ, ਅਨੰਤਨਾਗ ਅਤੇ ਕਾਜੀਗੁੰਡ ਰੇਲਵੇ ਸਟੇਸ਼ਨ ਤੇ ਪਾਰਕਿੰਗ ਸਥਲ ਦੇ ਠੇਕੇ ਦਾ ਅਲਾਟਮੈਂਟ। |
| EAFZR-MPS24-9 | 15.01.25 ਨੂੰ 12:30 ਵਜੇ | ਕਠੂਆ ਅਤੇ ਫਰੀਦਕੋਟ ਰੇਲਵੇ ਸਟੇਸ਼ਨ ਤੇ ਬਹੁਉਦੇਸ਼ੀ ਸਟਾਲ (ਐਮਪੀਐਸ) ਦੇ ਠੇਕੇ ਦਾ ਅਲਾਟਮੈਂਟ। |
| EAFZR-OH25-1 | 16.01.25 ਨੂੰ 11:00 ਵਜੇ | ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ: ਕ) ਸੁਜਾਨਪੁਰ, ਸਾਹਨੇਵਾਲ, ਬਾੜੀ ਬ੍ਰਾਹਮਨਾ, ਜੰਮੂ ਤਵੀ, ਪਠਾਨਕੋਟ, ਅੰਮ੍ਰਿਤਸਰ ਜਲੰਧਰ ਸ਼ਹਿਰ, ਬਾਰਾਮੂਲਾ, ਸੋਪੁਰ ਬੜਗਾਮ, ਸ਼੍ਰੀਨਗਰ ਅਨੰਤਨਾਗ, ਕਾਜੀਗੁੰਡ ਅਤੇ ਬਨਿਹਾਲ ਰੇਲਵੇ ਸਟੇਸ਼ਨ ਤੇ ਪਾਣੀ ਦੀਆਂ ਟੰਕੀਆਂ ਦੇ ਓਵਰਹੇਡ ਦੇ ਬਾਹਰੀ ਹਿਸੇ ਉਤੇ। ਖ) ਛੀਨਾ, ਵੇਰਕਾ, ਜੈਂਤੀਪੁਰਾ, ਬਟਾਲਾ, ਭਗਤਾਂਵਾਲਾ, ਅਤੇ ਪੱਟੀ ਰੇਲਵੇ ਸਟੇਸ਼ਨ ਨਾਲ ਲਗੇ ਲੇਵਲ ਕ੍ਰਾਸਿੰਗ ਗੇਟਾਂ ਉਤੇ। |
| EAFZR-OH25-2 | 17.01.25 ਨੂੰ 11:00 ਵਜੇ | ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ: ਕ) ਗੋਰਾਯਾ, ਮਾਧੋਪੁਰ, ਪੰਜਾਬ, ਲੋਹਿਯਾ ਖਾਸ ਤੇ ਭੋਗਪੁਰ ਸਿਰਵਾਲ ਰੇਲਵੇ ਸਟੇਸ਼ਨ ਉਤੇ ਹੋਰਡਿੰਗ ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ। ਖ) ਮਖੂ, ਨਕੋਦਰ ਤੇ ਸਾਂਬਾ ਰੇਲਵੇ ਸਟੇਸ਼ਨ ਤੇ ਹੋਰਡਿੰਗ ਦੇ ਮਾਧਿਅਮ ਨਾਲ ਅਤੇ ਪਾਣੀ ਦੀਆਂ ਟੰਕੀਆਂ ਦੇ ਓਵਰਹੇਡ ਦੇ ਬਾਹਰੀ ਹਿਸੇ ਉਤੇ। |
| EAFZR-MIS25-1 | 17.01.25 ਨੂੰ 12:30 ਵਜੇ | ਰੇਲਵੇ ਸਟੇਸ਼ਨ ਜਲੰਧਰ ਸਿਟੀ ਅਤੇ ਪਠਾਨਕੋਟ ਕੈਂਟ ਵਿਚ ਸ਼ਾਂਤੀਪੂਰਨ/ਸ਼ਿਥਿਲ ਜੋਨ ਵਿਚ ਬਾਡੀ ਰਿਲੀਫ ਚੇਅਰ ਦੀ ਸਥਾਪਨਾ, ਸੰਚਾਲਨ ਅਤੇ ਰਖਰਖਾਅ ਦਾ ਠੇਕੇ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

**ਨੰਬਰ: MC/38015/Pub/E-Auction/FZR/22 ਤਾਰੀਕ 02.01.2025** 20/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

3-JAN-PAGE-3.qxd 1/2/2025 9:24 PM Page 1



Punjab Land of Unlimited Opportunities

# ਸੜਕ ਹਾਦਸਿਆਂ ਵਿੱਚ ਮੌਤਾਂ ਦੀ ਦਰ

# 48% ਘਟੀ









## ਸੜਕ ਸੁਰੱਖਿਆ ਫ਼ੋਰਸ (SSF)

**9,553**
ਜ਼ਖ਼ਮੀਆਂ ਨੂੰ ਮੁੱਢਲੀ ਸਹਾਇਤਾ ਦਿੱਤੀ

**10,396**
ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ

**144**
ਹਾਈ ਟੈੱਕ ਵਾਹਨ ਤੈਨਾਤ

**5,000**
ਪੁਲਿਸ ਮੁਲਾਜ਼ਮ ਸੜਕਾਂ 'ਤੇ ਤੈਨਾਤ

"ਸਾਡੇ ਲਈ ਪੰਜਾਬ ਦੇ ਹਰ ਵਿਅਕਤੀ ਦੀ ਜਾਨ ਬੇਹੱਦ ਕੀਮਤੀ ਹੈ। ਅਸੀਂ ਪੰਜਾਬ ਦੇ ਹਰ ਵਿਅਕਤੀ ਨੂੰ ਹਰ ਕਦਮ 'ਤੇ ਵਿਸ਼ਵ-ਪੱਧਰੀ ਸੇਵਾ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਆਓ, ਆਪਾਂ ਸਾਰੇ ਮਿਲ ਕੇ ਰੰਗਲਾ ਪੰਜਾਬ ਬਣਾਈਏ।"

**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵੱਟਸਐਪ ਚੈਨਲ ਨਾਲ ਜੁੜੋ

ਇੱਥੇ ਸਕੈਨ ਕਰੋ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਨਵਾਂ ਜ਼ਮਾਨਾ

ਸ਼ੁੱਕਰਵਾਰ, 3 ਜਨਵਰੀ 2025

# ਅਸਾਵਾਂ ਵਿਕਾਸ

ਬੈਂਕ ਕੋਲ ਸੋਨਾ ਗਹਿਣੇ ਰੱਖ ਕੇ ਕਰਜ਼ਾ ਚੁੱਕਣ ਤੋਂ ਬਾਅਦ ਕਰਜ਼ੇ ਦੀ ਕਿਸ਼ਤ ਨਾ ਮੋੜਨ ਵਾਲਿਆਂ ਦੀ ਗਿਣਤੀ 'ਚ ਅਚਾਨਕ ਵਾਧਾ ਹੋ ਗਿਆ ਹੈ। ਹਾਲਾਤ ਅਜਿਹੇ ਹੋ ਗਏ ਹਨ ਕਿ ਬੈਂਕਾਂ ਨੂੰ ਇਸ ਕਰਜ਼ੇ ਨੂੰ ਨਾਨ-ਪਰਫਾਰਮਿੰਗ ਐਸੱਟਸ (ਐੱਨ ਪੀ ਏ—ਕਰਜ਼ਾ ਮੁੜਨ ਦੀ ਆਸ ਨਹੀਂ) 'ਚ ਪਾਉਣਾ ਪੈ ਰਿਹਾ ਹੈ। ਕਮਰਸ਼ੀਅਲ ਬੈਂਕਾਂ ਨੇ ਗੋਲਡ ਲੋਨ ਐੱਨ ਪੀ ਏ 'ਚ 62 ਫੀਸਦੀ ਦਾ ਵਾਧਾ ਦਰਜ ਕੀਤਾ ਹੈ, ਜਿਹੜਾ ਮਾਰਚ 'ਚ 1513 ਕਰੋੜ ਰੁਪਏ ਤੋਂ ਵਧ ਕੇ ਜੂਨ 'ਚ 2445 ਕਰੋੜ ਰੁਪਏ ਹੋ ਗਿਆ। ਬੈਂਕਾਂ ਤੇ ਗੈਰ-ਬੈਂਕਿੰਗ ਵਿੱਤੀ ਕੰਪਨੀਆਂ ਦੇ ਗੋਲਡ ਲੋਨ ਐੱਨ ਪੀ ਏ ਜੂਨ 'ਚ 30 ਫੀਸਦੀ ਵਧ ਕੇ 6696 ਕਰੋੜ ਰੁਪਏ ਹੋ ਗਏ, ਜਿਹੜੇ ਕਿ ਮਾਰਚ 'ਚ 5149 ਕਰੋੜ ਰੁਪਏ ਸਨ। ਇਹ ਅੰਕੜੇ ਭਾਰਤੀ ਰਿਜ਼ਰਵ ਬੈਂਕ ਨੇ ਮੁਹੱਈਆ ਕਰਾਏ ਹਨ। ਅਰਥ ਵਿਵਸਥਾ ਦੀ ਸੁਸਤ ਰਫਤਾਰ ਨੇ ਲੋਕਾਂ ਦੀ ਆਮਦਨ ਨੂੰ ਕਾਫੀ ਪ੍ਰਭਾਵਤ ਕੀਤਾ ਹੈ ਤੇ ਉਨ੍ਹਾਂ ਲਈ ਕਰਜ਼ਾ ਮੋੜਨਾ ਔਖਾ ਹੋ ਗਿਆ ਹੈ। ਅਰਥ ਵਿਵਸਥਾ ਦੀ ਹਾਲਤ ਦਾ ਪਤਾ ਕੰਪਨੀਆਂ ਦੀ ਸਥਿਤੀ ਤੇ ਉਨ੍ਹਾਂ ਦੇ ਉਤਪਾਦਨ ਤੋਂ ਵੀ ਲਗਦਾ ਹੈ। ਸ਼ੇਅਰ ਬਾਜ਼ਾਰ ਦਾ ਸੁਰੱਖਿਅਤ ਨਿਵੇਸ਼ ਮੰਨੀ ਜਾਣ ਵਾਲੀ ਦੇਸ਼ ਦੀ ਸਭ ਤੋਂ ਵੱਡੀ ਪੇਂਟ ਕੰਪਨੀ ਏਸ਼ੀਅਨ ਪੇਂਟਸ ਦੀ ਵਿਕਰੀ 'ਚ ਲੰਮੇ ਸਮੇਂ ਤੋਂ ਬਾਅਦ 10 ਫੀਸਦੀ ਤੋਂ ਵੱਧ ਦੀ ਗਿਰਾਵਟ ਦਰਜ ਕੀਤੀ ਗਈ ਹੈ। ਸਭ ਤੋਂ ਵੱਡੀ ਕੰਜ਼ਿਊਮਰ ਕੰਪਨੀ ਹਿੰਦੁਸਤਾਨ ਯੂਨੀਲੀਵਰ ਦੀ ਵਿਕਰੀ ਦੋ ਸਾਲਾਂ ਤੋਂ ਸਥਿਰ ਹੈ। ਇਹੀ ਹਾਲ ਨੈਸਲੇ, ਮੈਰੀਕੋ ਤੇ ਡਾਬਰ ਵਰਗੀਆਂ ਵੱਡੀਆਂ ਕੰਪਨੀਆਂ ਦਾ ਹੈ। ਇਨ੍ਹਾਂ ਦੀ ਵਿਕਰੀ ਜਾਂ ਤਾਂ ਸਥਿਰ ਹੈ ਜਾਂ ਫਿਰ ਘਟ ਰਹੀ ਹੈ। ਭਾਰਤ ਜਿਸ ਤਰ੍ਹਾਂ ਦੀ ਪੂੰਜੀਵਾਦੀ ਅਰਥ ਵਿਵਸਥਾ 'ਤੇ ਚੱਲ ਰਿਹਾ ਹੈ, ਉਸ ਦਾ ਮੁੱਖ ਆਧਾਰ ਖਪਤ ਹੈ। ਖਪਤ ਤਦੇ ਵਧੇਗੀ, ਜਦ ਆਮ ਲੋਕਾਂ ਦੇ ਹੱਥਾਂ 'ਚ ਪੈਸਾ ਹੋਵੇਗਾ। ਮਹਿੰਗਾਈ ਲੋਕਾਂ ਦੇ ਖੀਸੇ ਖਾਲੀ ਕਰ ਰਹੀ ਹੈ। ਅਕਤੂਬਰ 2024 ਵਿੱਚ ਔਸਤਨ ਸਿਹਤਮੰਦ ਭੋਜਨ ਦੀ ਲਾਗਤ 2023 ਦੇ ਅਕਤੂਬਰ ਦੀ ਤੁਲਨਾ 'ਚ 52 ਫੀਸਦੀ ਵਧ ਗਈ ਸੀ। ਇਸ ਦਰਮਿਆਨ ਔਸਤ ਵੇਤਨ ਤੇ ਮਜ਼ਦੂਰੀ 'ਚ 9-10 ਫੀਸਦੀ ਦਾ ਹੀ ਵਾਧਾ ਹੋਇਆ। ਉਂਜ ਤਾਂ ਅਜਿਹੀ ਸਥਿਤੀ ਨਾਲ ਸਭ ਲੋਕ ਪ੍ਰਭਾਵਤ ਹਨ, ਪਰ ਦਿਹਾੜੀ ਮਜ਼ਦੂਰ ਤੇ ਘੱਟ ਵੇਤਨ ਲੈਣ ਵਾਲਿਆਂ ਦੀ ਤਸਵੀਰ ਬੇਹੱਦ ਡਰਾਉਣੀ ਹੈ। ਇਹ ਸਥਿਤੀ ਲੰਮੇ ਸਮੇਂ ਤੋਂ ਚੱਲ ਰਹੀ ਹੈ। ਨਾਬਰਾਬਰੀ ਵਧੀ ਹੈ। 30 ਹਜ਼ਾਰ ਰੁਪਏ ਤੋਂ ਵੱਧ ਵਾਲੇ ਮੋਬਾਇਲ ਫੋਨਾਂ ਦੀ ਵਿਕਰੀ ਵਧੀ ਹੈ, ਪਰ ਘੱਟ ਕੀਮਤ ਵਾਲੇ ਫੋਨਾਂ ਦੀ ਘਟੀ ਹੈ। ਮਹਿੰਗੀਆਂ ਕਾਰਾਂ ਵੱਧ ਵਿਕ ਰਹੀਆਂ ਹਨ ਅਤੇ ਪ੍ਰੀਮੀਅਮ ਤੇ ਲਗਜ਼ਰੀ ਮਕਾਨ ਵੱਧ ਖਰੀਦੇ ਜਾ ਰਹੇ ਹਨ। ਵੱਡੇ ਅਰਥ ਵਿਵਸਥਾ ਮਾਹਰ ਥਾਮਸ ਪਿਕੇਟੀ ਮੁਤਾਬਕ ਭਾਰਤ 'ਚ ਵਿਕਾਸ ਦਾ ਬਹੁਤਾ ਲਾਭ ਸਭ ਤੋਂ ਅਮੀਰ ਇੱਕ ਫੀਸਦੀ ਲੋਕ ਹੀ ਹੜੱਪ ਰਹੇ ਹਨ। ਭਾਰਤੀ ਰਿਜ਼ਰਵ ਬੈਂਕ ਦਾ ਅੰਕੜਾ ਵੀ ਇਹੀ ਦਰਸਾਉਂਦਾ ਹੈ। ਆਮ ਲੋਕਾਂ ਦੀ ਆਮਦਨ 'ਚ ਕਮੀ ਆਈ ਹੈ ਤੇ ਖਰਚ ਵਧੇ ਹਨ।

## ਪਾਠਕ-ਸੱਥ

### ਆਵਾਜ਼ ਪ੍ਰਦੂਸ਼ਣ ਰੋਕੋ

ਅੱਜਕੱਲ੍ਹ ਦੇ ਤੇਜ਼-ਤਰਾਰ ਤੇ ਭੱਜ-ਦੌੜ ਭਰੇ ਜ਼ਮਾਨੇ ਵਿੱਚ ਜ਼ਿਆਦਾਤਰ ਲੋਕ ਦੂਜਿਆਂ ਦੀ ਪ੍ਰਵਾਹ ਕੀਤੇ ਬਿਨਾਂ ਹੀ ਸਿਰਫ ਆਪਣੇ ਮਤਲਬ ਤੱਕ ਹੀ ਸੀਮਿਤ ਹੋ ਕੇ ਰਹਿ ਗਏ ਹਨ। ਇਹਨਾਂ ਨਿੱਜਵਾਦੀ ਲੋਕਾਂ ਦੀ ਘਟੀਆ /ਮਾੜੀ ਸੋਚ ਸਦਕਾ ਹੀ ਅਨੇਕਾਂ ਹੋਰ ਲੋਕ ਬਿਪਤਾ ਵਿੱਚ ਫਸੇ ਰਹਿੰਦੇ ਹਨ। ਵਿਆਹਾਂ ਮੌਕੇ ਲੋਕ ਬਹੁਤ ਜ਼ਿਆਦਾ ਤੇਜ਼ ਆਵਾਜ਼ ਵਿੱਚ ਸਪੀਕਰ ਵਜਾ ਕੇ ਬਜ਼ੁਰਗਾਂ, ਬੱਚਿਆਂ, ਬਿਮਾਰ ਲੋਕਾਂ, ਖਾਸ ਕਰ ਦਿਲ ਦੇ ਮਰੀਜ਼ਾਂ ਦਾ ਤਾਂ ਬਿਲਕੁੱਲ ਜਿਉਣਾ ਹੀ ਦੁੱਭਰ ਕਰ ਦਿੰਦੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਲੋਕ ਪਰੈਸ਼ਰ ਹਾਰਨ ਦੀ ਬਹੁਤ ਜ਼ਿਆਦਾ ਵਰਤੋਂ ਕਰਦੇ ਹਨ, ਜੋ ਆਵਾਜਾਈ ਨੂੰ ਤਾਂ ਪ੍ਰਭਾਵਿਤ ਕਰਦੇ ਹੀ ਹਨ, ਸਗੋਂ ਕਈ ਵਾਰ ਹਾਦਸਾ ਵੀ ਵਾਪਰ ਜਾਂਦਾ ਹੈ। ਜ਼ਿਆਦਾ ਉੱਚੀ ਆਵਾਜ਼ ਵਿੱਚ ਵੱਜਦੇ ਪਰੈਸ਼ਰ ਹਾਰਨਾਂ ਅਤੇ ਸਪੀਕਰਾਂ ਕਾਰਨ ਵਿਦਿਆਰਥੀ ਵਰਗ ਦੀ ਪੜ੍ਹਾਈ ਦਾ ਬਹੁਤ ਜ਼ਿਆਦਾ ਨੁਕਸਾਨ ਹੁੰਦਾ ਹੈ। ਬਸੰਤ ਪੰਚਮੀ ਮੌਕੇ ਕੰਨ ਪਾੜਵੀਆਂ ਆਵਾਜ਼ਾਂ ਵਿੱਚ ਵੱਜਦੇ ਸਪੀਕਰ ਤਾਂ ਅਨੇਕਾਂ ਥਾਂਵਾਂ 'ਤੇ ਲੜਾਈ-ਝਗੜੇ ਦਾ ਕਾਰਨ ਵੀ ਬਣ ਜਾਂਦੇ ਹਨ। ਸਾਡਾ ਸਭ ਦਾ ਸਾਂਝਾ ਫਰਜ਼ ਬਣਦਾ ਹੈ ਕਿ ਆਵਾਜ਼ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਲਈ ਸਾਨੂੰ ਹੋਰ ਦੇਰੀ ਨਹੀਂ ਕਰਨੀ ਚਾਹੀਦੀ।

**-ਗੁਰਦੇਵ ਸਿੰਘ ਬਰਾੜ, 99883-18472**

### ਧਰਤੀ ਹੇਠਲੇ ਪਾਣੀ ਦਾ ਸੰਕਟ

ਕੇਂਦਰੀ ਭੂ ਜਲ ਬੋਰਡ ਦੀ ਸਲਾਨਾ ਰਿਪੋਰਟ ਵਿੱਚ ਪੰਜਾਬ ਅਤੇ ਇਸ ਦੇ ਨਾਲ ਲਗਦੇ ਗੁਆਂਢੀ ਸੂਬਿਆਂ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਰੇਡਿਉ ਐਕਟਿਵ ਤੱਤ ਯੂਰੇਨੀਅਮ ਅਤੇ ਜ਼ਹਿਰੀਲੇ ਪਦਾਰਥ ਨਾਈਟ੍ਰੇਟ ਹੋਣ ਦੀ ਮੌਜੂਦਗੀ ਨੇ ਬੁੱਧੀਜੀਵੀਆਂ ਨੂੰ ਚਿੰਤਨ ਕਰਨ ਲਈ ਮਜਬੂਰ ਕਰ ਦਿੱਤਾ ਹੈ।ਪਾਣੀ ਦਾ ਪੱਧਰ ਦਿਨੋਂ-ਦਿਨ ਹੇਠਾਂ ਜਾ ਰਿਹਾ ਹੈ ਇਸਦੀਆਂ ਚਰਚਾਵਾਂ ਚਲਦੀਆਂ ਰਹਿੰਦੀਆਂ ਹਨ, ਪਰੰਤੂ ਜ਼ਹਿਰੀਲੇ ਅਤੇ ਹਾਨੀਕਾਰਕ ਪਦਾਰਥਾਂ ਦੀ ਧਰਤੀ ਹੇਠਲੇ ਪਾਣੀ ਵਿੱਚ ਮੌਜੂਦਗੀ ਮਨੁੱਖ ਦੀ ਧਰਤੀ ਤੇ ਜੀਵਨ ਹੋਂਦ ਬਣਾਈ ਰੱਖਣ ਲਈ ਚਿਤਾਵਨੀ ਹੈ।ਧਰਤੀ ਹੇਠਲਾ ਪਾਣੀ ਨਹਿਰੀ ਪਾਣੀ ਤੋਂ ਬਾਅਦ ਪੀਣ ਅਤੇ ਖੇਤੀ ਲਈ ਵਰਤਿਆ ਜਾਂਦਾ ਹੈ।ਦਿਨੋਂ-ਦਿਨ ਵਧ ਰਹੀ ਕੀਟਨਾਸ਼ਕਾਂ ਅਤੇ ਰਸਾਇਣਾਂ ਦੀ ਵਰਤੋਂ ਜਿਥੇ ਧਰਤੀ ਹੇਠਲੇ ਪਾਣੀ ਨੂੰ ਪਲੀਤ ਕਰਨ ਦਾ ਇੱਕ ਕਾਰਨ ਹੈ, ਉਥੇ ਫੈਕਟਰੀਆਂ ਵੱਲੋਂ ਆਪਣੇ ਮੁਨਾਫੇ ਲਈ ਜ਼ਹਿਰੀਲੇ ਪਦਾਰਥਾਂ ਨਾਲ ਭਰਪੂਰ ਪਾਣੀ ਦਾ ਬੋਰ ਰਾਹੀਂ ਧਰਤੀ ਵਿੱਚ ਸੁੱਟ ਕੇ ਧਰਤੀ ਹੇਠਲੇ ਪਾਣੀ ਨੂੰ ਗੰਦਾ ਕਰਨਾ ਵੀ ਮੁੱਖ ਕਾਰਨ ਹੈ।ਇਹੀ ਪਾਣੀ ਮਨੁੱਖੀ ਵਰਤੋਂ ਤੋਂ ਬਾਅਦ ਗੰਭੀਰ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਹੈ ।ਧਰਤੀ 'ਤੇ ਜੀਵਨ ਦੀ ਹੋਂਦ ਬਰਕਰਾਰ ਰੱਖਣ ਲਈ ਸਾਫ਼-ਸੁਥਰੀ ਹਵਾ, ਸੰਤੁਲਿਤ ਭੋਜਨ ਅਤੇ ਤੰਦਰੁਸਤ ਜੀਵਨ ਸ਼ੈਲੀ ਬਹੁਤ ਜ਼ਰੂਰੀ ਹੈ । ਮਨੁੱਖ ਜਿੰਨਾ ਮਰਜ਼ੀ ਭੁੱਖਾ ਹੋਵੇ, ਉਹ ਪੈਸਾ ਨਹੀਂ ਖਾ ਸਕਦਾ ਫ਼ਿਰ ਚੰਦ ਛਿੱਲੜਾਂ ਦੀ ਖ਼ਾਤਰ ਆਪਣੀ ਹੋਂਦ ਨੂੰ ਖ਼ਤਰੇ ਵਿੱਚ ਪਾਉਣਾ ਕਿੱਥੋਂ ਦਾ ਮੁਨਾਫ਼ਾ ਹੈ। ਭੂ ਜਲ ਬੋਰਡ ਦੀ ਤਾਜ਼ਾ ਰਿਪੋਰਟ ਧਰਤੀ ਹੇਠਲੇ ਪਾਣੀ ਦੀ ਦਸ਼ਾ ਬਿਆਨ ਕਰਦੀ ਹੋਈ ਮਨੁੱਖ ਲਈ ਚਿਤਾਵਨੀ ਹੈ ਕਿ ਜੇਕਰ ਸਮੇਂ ਰਹਿੰਦੇ ਧਰਤੀ ਹੇਠਲੇ ਪਾਣੀ ਨੂੰ ਨਾ ਬਚਾਇਆ ਗਿਆ ਤਾਂ ਭਵਿੱਖ ਵਿੱਚ ਨੀਲੇ ਗ੍ਰਹਿ ਧਰਤੀ 'ਤੇ ਜੀਵਨ ਦੀ ਹੋਂਦ ਮੁਸ਼ਕਲ ਨਹੀਂ, ਸਗੋਂ ਅਸੰਭਵ ਹੋਵੇਗੀ।

**-ਰਜਵਿੰਦਰ ਪਾਲ ਸ਼ਰਮਾ,70873-67969**

### ਡਾ. ਮਨਮੋਹਨ ਸਿੰਘ ਇੱਕ ਵਿਲੱਖਣ ਸ਼ਖਸੀਅਤ

ਕੁਝ ਲੋਕ ਦੁਨਿਆਂ 'ਤੇ ਆਉਂਦੇ ਹਨ ਤੇ ਉਨ੍ਹਾਂ ਨੂੰ ਦੁਨੀਆਂ ਰੁਖ਼ਸਤ ਹੋਣ ਤੋਂ ਬਾਅਦ ਵੀ ਯਾਦ ਕਰਦੀ ਹੈ।ਡਾਕਟਰ ਮਨਮੋਹਨ ਸਿੰਘ ਭਾਰਤ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਇੱਕ ਵਧੀਆ ਰਾਜ ਨੇਤਾ, ਦਾਰਸ਼ਨਿਕ, ਅਰਥ ਸ਼ਾਸਤਰੀ ਆਦਿ ਸਨ, ਜਿਨ੍ਹਾ ਵਿਸ਼ਵ 'ਚ ਆਪਣਾ ਨਾਂਅ ਬਣਾਇਆ। ਜਿੰਨੀ ਦੇਰ ਵੀ ਉਨ੍ਹਾ ਪ੍ਰਧਾਨ ਮੰਤਰੀ ਵਜੋਂ ਭਾਰਤ ਦੇਸ਼ ਦੀ ਸੇਵਾ ਕੀਤੀ, ਉਨ੍ਹਾ ਵੱਖ - ਵੱਖ ਕਾਰਜ ਕੀਤੇ। ਉਹਨਾਂ ਦਾ ਜੀਵਨ ਸਾਡੇ ਸਭ ਲਈ ਪ੍ਰੇਰਨਾ ਸ੍ਰੋਤ ਹੈ।

**-ਗੁਰਿੰਦਰ ਪਾਲ ਸਿੰਘ**

# ਪਹਿਲੀ ਅਧਿਆਪਕਾ ਸਵਿਤਰੀ ਬਾਈ ਫੂਲੇ ਤੇ ਫਾਤਿਮਾ ਸ਼ੇਖ

**ਰਜਿੰਦਰਪਾਲ ਕੌਰ**

ਅੱਜ ਤੋਂ ਲੱਗਭੱਗ 100 ਸਾਲ ਪਹਿਲਾਂ ਜਦੋਂ ਕਿ ਸਵਰਨ ਜਾਤੀਆਂ ਦਾ ਦਲਿਤ ਜਾਤੀਆਂ ਉੱਤੇ ਗਲਬਾ ਸੀ, ਵਰਣ ਵਿਵਸਥਾ ਅਤੇ ਜਾਤ-ਪਾਤ ਦੇ ਸੰਗਲ ਬਹੁਤ ਮਜ਼ਬੂਤ ਸਨ ।ਉਸ ਵੇਲੇ ਔਰਤ ਜਾਤੀ ਦੀ ਦਸ਼ਾ ਵਿੱਚ ਵੀ ਬਹੁਤ ਨਿਘਾਰ ਆ ਚੁੱਕਾ ਸੀ ।ਦਲਿਤਾਂ ਅਤੇ ਔਰਤਾਂ ਨੂੰ ਸਾਰੇ ਹੱਕਾਂ ਤੋਂ ਵਾਂਝੇ ਰੱਖਿਆ ਜਾਂਦਾ ਸੀ ਅਤੇ ਅੰਤਾਂ ਦਾ ਜ਼ੁਲਮ ਇਹਨਾਂ ਨੂੰ ਸਹਿਣਾ ਪੈਂਦਾ ਸੀ।

ਅਜਿਹੇ ਸੰਘਣੇ ਹਨੇਰੇ ਨੂੰ ਚੀਰ ਕੇ ਇੱਕ ਸੂਰਜ ਉਦੈ ਹੋਇਆ । ਉਹ ਸੀ ਜੋਤੀਬਾ ਫੂਲੇ, ਜਿਸ ਨੇ ਕਿ ਆਪਣੀ ਪਤਨੀ ਸਵਿਤਰੀ ਬਾਈ ਨੂੰ ਸਾਰੇ ਸਮਾਜ ਦੇ ਅਤੇ ਪਰਵਾਰ ਦੇ ਵਿਰੁੱਧ ਜਾ ਕੇ ਪੜ੍ਹਾਇਆ ਅਤੇ ਲੜਕੀਆਂ ਦੀ ਸਿੱਖਿਆ ਵਾਸਤੇ ਉਸ ਨੂੰ ਮੈਦਾਨ ਵਿੱਚ ਆਉਣ ਲਈ ਤਿਆਰ ਕੀਤਾ। ਅੱਜ ਅਸੀਂ ਝਾਤ ਪਾਉਣ ਜਾ ਰਹੇ ਹਾਂ ਸਵਿਤਰੀ ਬਾਈ ਜੀ ਦੇ ਜੀਵਨ 'ਤੇ, ਬੇਸ਼ੱਕ ਉਸ ਦੇ ਹਰ ਕਦਮ 'ਤੇ ਜੋਤਿਬਾ ਜੀ ਉਸ ਦੇ ਨਾਲ ਖੜੇ ਸਨ ।

ਸਵਿਤਰੀ ਬਾਈ ਫੂਲੇ ਦਾ ਜਨਮ 3 ਜਨਵਰੀ 1831 ਨੂੰ ਇੱਕ ਬਹੁਤ ਗਰੀਬ ਸ਼ੂਦਰ ਪਰਵਾਰ ਵਿੱਚ ਮਾਤਾ ਲਕਸ਼ਮੀ ਬਾਈ ਅਤੇ ਪਿਤਾ ਖੰਡੋ ਜੀ ਪਟੇਲ ਦੇ ਘਰ ਹੋਇਆ ।ਸਵਿਤਰੀ ਬਾਈ ਬਚਪਨ ਤੋਂ ਹੀ ਬਹੁਤ ਜ਼ਹੀਨ ਸੀ, ਪ੍ਰੰਤੂ ਉਸ ਵੇਲੇ ਦਲਿਤਾਂ ਅਤੇ ਔਰਤਾਂ ਵਾਸਤੇ ਸਿੱਖਿਆ ਪ੍ਰਾਪਤ ਕਰਨ ਦੀ ਸਖਤ ਪਾਬੰਦੀ ਸੀ ।ਇਸ ਕਰਕੇ ਕੋਈ ਸੋਚ ਵੀ ਨਹੀਂ ਸੀ ਸਕਦਾ ਸੀ ਕਿ ਸਵਿਤਰੀ ਬਾਈ ਨੂੰ ਪੜ੍ਹਨ ਭੇਜਿਆ ਜਾਵੇ।

ਇੱਕ ਵਾਰੀ ਸਵਿਤਰੀ ਬਾਈ ਨੂੰ ਈਸਾਈ ਮਿਸ਼ਨਰੀਆਂ ਦਾ ਇੱਕ ਟੋਲਾ ਮਿਲਿਆ, ਜਿਹੜੇ ਕਿ ਈਸਾ ਮਸੀਹ ਦੀ ਉਸਤਤ ਵਿੱਚ ਗਾਇਨ ਕਰ ਰਹੇ ਸਨ ।ਉਹਨਾਂ ਸਵਿਤਰੀ ਬਾਈ ਨੂੰ ਇੱਕ ਕਿਤਾਬ ਦਿੱਤੀ, ਜਿਸ ਵਿੱਚ ਈਸਾ ਮਸੀਹ ਦੀਆਂ ਸਿੱਖਿਆਵਾਂ ਅਤੇ ਨਾਲ ਤਸਵੀਰਾਂ ਵੀ ਸਨ। ਸਵਿਤਰੀ ਬਾਈ ਨੇ ਕਿਹਾ ਕਿ 'ਮੈਂ ਪੜ੍ਹ ਨਹੀਂ ਸਕਦੀ' ਤਾਂ ਮਿਸ਼ਨਰੀਆਂ ਨੇ ਕਿਹਾ-ਤੂੰ ਤਸਵੀਰਾਂ ਦੇਖ ਕੇ ਸਮਝ ਸਕਦੀ ਹੈਂ ।ਸਵਿਤਰੀ ਬਾਈ ਉਹ ਕਿਤਾਬ ਲੈ ਕੇ ਘਰ ਆ ਗਈ ਅਤੇ ਉਸ ਦੇ ਦਿਲ ਵਿੱਚ ਪੜ੍ਹਨ ਦੀ ਤੀਬਰ ਇੱਛਾ ਜਾਗ ਪਈ।

ਜਦੋਂ ਸਵਿਤਰੀ ਬਾਈ ਦੇ ਪਿਤਾ ਜੀ ਨੇ ਕਿਤਾਬ ਵੇਖੀ ਤਾਂ ਬਹੁਤ ਨਰਾਜ਼ ਹੋਏ ਅਤੇ ਉਹਨਾਂ ਕਿਤਾਬ ਸੁੱਟ ਦਿੱਤੀ, ਕਿਉਂਕਿ ਉਸ ਵੇਲੇ ਇਹ ਪ੍ਰਚਾਰ ਕੀਤਾ ਜਾਂਦਾ ਸੀ ਕਿ ਜੇਕਰ ਦਲਿਤ ਪੜ੍ਹਾਈ ਕਰਨਗੇ ਤਾਂ ਉਹਨਾਂ ਦੀਆਂ ਸੱਤ ਪੀੜ੍ਹੀਆਂ ਨਰਕਾਂ ਵਿੱਚ ਜਾਣਗੀਆਂ । ਇਸ ਤੋਂ ਵੀ ਅੱਗੇ ਜਾ ਕੇ ਜੇ ਕੋਈ ਦਲਿਤਾਂ ਵਿੱਚੋਂ ਪੜ੍ਹਨ ਦੀ ਕੋਸ਼ਿਸ਼ ਕਰਦਾ ਤਾਂ ਉਸ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਤੇ ਮਾਰਨ ਦੇ ਡਰਾਵੇ ਦਿੱਤੇ ਜਾਂਦੇ ।ਇਸ ਕਰਕੇ ਸਵਿਤਰੀ ਬਾਈ ਦੇ ਪਿਤਾ ਜੀ ਡਰਦੇ ਸਨ।

ਸਵਿਤਰੀ ਬਾਈ ਦਾ ਵਿਆਹ 9 ਸਾਲ ਦੀ ਉਮਰ ਵਿੱਚ ਜੋਤੀਬਾ ਫੂਲੇ ਨਾਲ ਹੋ ਗਿਆ, ਜਿਹੜੇ ਕਿ ਉਸ ਵੇਲੇ 12 ਸਾਲ ਦੇ ਸਨ ।ਜੋਤੀਬਾ ਜੀ ਪੰਜਵੀਂ ਕਲਾਸ ਤੱਕ ਪੜ੍ਹੇ ਹੋਏ ਸਨ। ਇਸ ਤੋਂ ਅੱਗੇ ਸਵਰਨ ਜਾਤੀਆਂ ਦੀਆਂ ਧਮਕੀਆਂ ਅੱਗੇ ਝੁਕਦਿਆਂ ਉਹਨਾ ਦੇ ਪਿਤਾ ਨੇ ਉਹਨਾ ਦੀ ਪੜ੍ਹਾਈ ਛੁਡਵਾ ਦਿੱਤੀ ਅਤੇ ਆਪਣੇ ਨਾਲ ਕੰਮ ਲਾ ਲਿਆ, ਪ੍ਰੰਤੂ ਉਹ ਕਿਤਾਬਾਂ ਘਰ ਲਿਆ ਕੇ ਪੜ੍ਹਦੇ ਰਹਿੰਦੇ ।ਉਹਨਾਂ ਕਿਤਾਬਾਂ ਨੂੰ ਸਵਿਤਰੀ ਬਾਈ ਬੜੀ ਹਸਰਤ ਨਾਲ ਵੇਖਦੀ ।ਉਹ ਆਪਣੇ ਨਾਲ ਲੁਕਾ ਕੇ ਈਸਾਈ ਮਿਸ਼ਨਰੀਆਂ ਵਾਲੀ ਕਿਤਾਬ ਵੀ ਲੈ ਆਏ ਸੀ। ਜੋਤੀਬਾ ਜੀ ਦੀ ਮਾਤਾ ਦਾ ਦਿਹਾਂਤ ਉਸ ਵੇਲੇ ਹੋ ਗਿਆ ਸੀ, ਜਦੋਂ ਉਹ ਨੌਂ ਮਹੀਨੇ ਦੇ ਸਨ । ਉਹਨਾ ਨੂੰ ਉਹਨਾ ਦੀ ਵਿਧਵਾ ਭੂਆ ਸਗਨਾ ਬਾਈ ਨੇ ਪਾਲਿਆ ।ਜਦੋਂ ਜੋਤੀਬਾ ਜੀ ਨੂੰ ਸਵਿਤਰੀ ਬਾਈ ਦੀ ਪੜ੍ਹਨ ਦੀ ਖਾਹਸ਼ ਦਾ ਪਤਾ ਲੱਗਿਆ ਤਾਂ ਉਹਨਾ ਸਗਨਾ ਬਾਈ ਨੂੰ ਵੀ ਦੱਸਿਆ ।ਸਗਨਾ ਬਾਈ ਬਹੁਤ ਸੁਲਝੀ ਹੋਈ ਔਰਤ ਸੀ ਅਤੇ ਉਹ ਚਾਹੁੰਦੀ ਸੀ ਕਿ ਜੋਤੀਬਾ ਅਤੇ ਸਵਿਤਰੀ ਦੋਨੋਂ ਪੜ੍ਹਾਈ ਕਰਨ, ਇਸ ਕਰਕੇ ਉਸ ਨੇ ਉਹਨਾਂ ਦੀ ਮਦਦ ਕੀਤੀ।



ਜੋਤੀਬਾ ਰਾਤ ਨੂੰ ਜਦੋਂ ਸਾਰੇ ਸੌਂ ਜਾਂਦੇ ਤਾਂ ਦੀਵੇ ਦੀ ਰੌਸ਼ਨੀ ਵਿੱਚ ਸਵਿਤਰੀ ਬਾਈ ਨੂੰ ਪੜ੍ਹਾਈ ਕਰਵਾਉਂਦੇ ।ਇਸ ਤੋਂ ਇਲਾਵਾ ਉਹ ਕਈ ਵਾਰ ਸਵਿਤਰੀ ਬਾਈ ਨੂੰ ਜੰਗਲ ਵਿੱਚ ਲੈ ਜਾਂਦੇ, ਜਿੱਥੇ ਕੋਈ ਨਹੀਂ ਸੀ ਹੁੰਦਾ, ਉਥੇ ਦਰੱਖਤਾਂ ਦੀਆਂ ਟਾਹਣੀਆਂ ਨਾਲ ਮਿੱਟੀ ਉੱਤੇ ਲਿਖਣਾ ਸਿਖਾਉਂਦੇ ।ਉਹਨਾਂ ਦੀ ਭੂਆ ਸਗਨਾ ਬਾਈ ਵੀ ਉਹਨਾਂ ਦੇ ਨਾਲ ਹੁੰਦੀ ਅਤੇ ਉਹ ਵੀ ਸਿੱਖਿਆ ਹਾਸਲ ਕਰਦੀ।

ਜੋਤੀਬਾ ਖੁਦ ਵੀ ਅੱਗੇ ਪੜ੍ਹਨਾ ਚਾਹੁੰਦੇ ਸਨ ਅਤੇ ਸਵਿਤਰੀ ਬਾਈ ਨੂੰ ਵੀ ਪੜ੍ਹਾਉਣਾ ਚਾਹੁੰਦੇ ਸਨ । ਸਗਨਾ ਬਾਈ ਨੇ ਕੁਝ ਲੋਕਾਂ ਦੀ ਮਦਦ ਨਾਲ ਉਹਨਾ ਦੇ ਪਿਤਾ ਜੀ ਨੂੰ ਮਨਾਇਆ ਅਤੇ ਉਹਨਾਂ ਨੂੰ 'ਸਕਾਟਿਸ਼ ਮਿਸ਼ਨ ਹਾਈ ਸਕੂਲ' ਵਿੱਚ ਦਾਖਲ ਕਰਵਾ ਦਿੱਤਾ ।ਜੋਤੀਬਾ ਨੇ ਸਵਿਤਰੀ ਬਾਈ ਨੂੰ ਇੱਕ ਬ੍ਰਿਟਿਸ਼ ਅਧਿਕਾਰੀ ਦੀ ਪਤਨੀ ਮਿਸ਼ੇਲ ਵੱਲੋਂ ਪੂਨੇ ਵਿੱਚ ਚਲਾਏ ਸਕੂਲ ਵਿੱਚ ਦਾਖਲਾ ਦਵਾ ਦਿੱਤਾ ।ਉੱਥੇ ਸਵਰਨ ਜਾਤੀ ਦੀਆਂ ਲੜਕੀਆਂ ਛੁਪ ਕੇ ਪੜ੍ਹਨ ਆਉਂਦੀਆਂ ਸਨ ।ਉਹ ਔਰਤਾਂ ਵੀ ਦਲਿਤ ਲੜਕੀਆਂ ਦੀ ਪੜ੍ਹਾਈ ਉੱਤੇ ਕਿੰਤੂ-ਪ੍ਰੰਤੂ ਨਹੀਂ ਸੀ ਕਰ ਸਕਦੀਆਂ, ਕਿਉਂਕਿ ਉਹ ਖੁਦ ਵੀ ਲੁਕ ਕੇ ਪੜਨ ਦੀ ਖਾਹਿਸ਼ ਪੂਰੀ ਕਰ ਰਹੀਆਂ ਸਨ ।

ਭਾਵੇਂ ਕਿ ਉਸ ਵੇਲੇ ਸਮਾਜ ਔਰਤ ਦੀ ਸਿੱਖਿਆ ਨੂੰ ਪਾਪ ਮੰਨਦਾ ਸੀ, ਪਰ ਸਵਿਤਰੀ ਬਾਈ ਨੇ ਮਹਿਸੂਸ ਕੀਤਾ ਕਿ ਇਸ ਹਨੇਰੇ ਵਿੱਚੋਂ ਨਿਕਲਣ ਦਾ ਰਸਤਾ ਸਿਰਫ ਤੇ ਸਿਰਫ ਸਿੱਖਿਆ ਹੈ। ਉਸ ਨੂੰ ਹੋਰ ਵੀ ਉਤਸਾਹ ਥਾਮਸ ਕਲਾਸਕਸਨ ਦੀ ਜੀਵਨੀ ਪੜ੍ਹ ਕੇ ਮਿਲਿਆ ।ਥਾਮਸ ਨੇ ਅਫਰੀਕੀ ਗੁਲਾਮਾਂ, ਜਿਹਨਾਂ ਦੀ ਜ਼ਿੰਦਗੀ ਗੋਰਿਆਂ ਨੇ ਬਦਤਰ ਬਣਾ ਦਿੱਤੀ ਸੀ, ਵਾਸਤੇ ਬਹੁਤ ਕੰਮ ਕੀਤਾ ਸੀ। ਥਾਮਸ ਇਸ ਗੱਲ ਤੋਂ ਦੁਖੀ ਸਨ ਕਿ ਲੋਕਾਂ ਨੂੰ ਗੁਲਾਮ ਕਿਉਂ ਬਣਾ ਲਿਆ ਜਾਂਦਾ ਹੈ । ਉਹਨਾਂ ਗੁਲਾਮੀ ਪ੍ਰਥਾ ਦੇ ਵਿਰੁੱਧ ਬਹੁਤ ਕੰਮ ਕੀਤਾ ਸੀ, ਜਿਸ ਤੋਂ ਸਵਿਤਰੀ ਬਾਈ ਜੀ ਨੂੰ ਪਤਾ ਲੱਗਿਆ ਕਿ ਅੱਤਿਆਚਾਰੀਆਂ ਨੂੰ ਕਿਵੇਂ ਹਰਾਇਆ ਜਾ ਸਕਦਾ ਹੈ ਅਤੇ ਹੋਰ ਵੀ ਲਗਨ ਨਾਲ ਉਹਨਾ ਪੜ੍ਹਾਈ ਸ਼ੁਰੂ ਕਰ ਦਿੱਤੀ ।ਨਾਲ ਹੀ ਉਹਨਾ ਲੜਕੀਆਂ ਦੀ ਸਿੱਖਿਆ ਵਾਸਤੇ ਸਕੂਲ ਵੀ ਖੋਲ੍ਹਣੇ ਸ਼ੁਰੂ ਕਰ ਦਿੱਤੇ। 1848 ਤੱਕ ਉਹ ਚਾਰ ਸਕੂਲ ਖੋਲ੍ਹ ਚੁੱਕੇ ਸਨ। ਲੜਕੀਆਂ ਨੂੰ ਸਕੂਲਾਂ ਵਿੱਚ ਲਿਆਉਣਾ ਕੋਈ ਆਸਾਨ ਕੰਮ ਨਹੀਂ ਸੀ। ਸਵਿਤਰੀ ਬਾਈ ਲੋਕਾਂ ਦੇ ਘਰਾਂ ਵਿੱਚ ਜਾ ਕੇ ਲੜਕੀਆਂ ਨੂੰ ਸਕੂਲ ਭੇਜਣ ਲਈ ਮਨਾਉਂਦੀ, ਜਿਸ ਵਾਸਤੇ ਉਸ ਨੂੰ ਬਹੁਤ ਬੁਰਾ-ਭਲਾ ਕਿਹਾ ਜਾਂਦਾ। ਸਵਰਨ ਜਾਤੀਆਂ ਇਸ ਗੱਲ ਨੂੰ ਬਰਦਾਸ਼ਤ ਨਹੀਂ ਸੀ ਕਰ ਰਹੀਆਂ, ਇਸ ਕਰਕੇ ਸਵਿਤਰੀ ਬਾਈ ਦੇ ਚਰਿਤਰ ਦੇ ਉੱਤੇ ਵੀ ਇਲਜ਼ਾਮ ਲਗਾਏ ਗਏ। ਜਦੋਂ ਸਕੂਲ ਜਾਂਦੀ ਤਾਂ ਉਸ ਉੱਤੇ ਚਿੱਕੜ ਵਗੈਰਾ ਸੁੱਟ ਦਿੱਤਾ ਜਾਂਦਾ। ਸਵਿਤਰੀ ਬਾਈ ਆਪਣੇ ਨਾਲ ਇੱਕ ਹੋਰ ਸਾੜ੍ਹੀ ਲੈ ਕੇ ਜਾਂਦੀ ਤੇ ਸਕੂਲ ਜਾ ਕੇ ਬਦਲ ਲੈਂਦੀ, ਪਰੰਤੂ ਉਹ ਆਪਣੇ ਰਸਤੇ 'ਤੇ ਅਡੋਲ ਚਲਦੀ ਰਹੀ।

ਸਵਰਨ ਜਾਤੀਆਂ, ਜਿਹਨਾਂ ਵਿੱਚ ਕੁਝ ਅਖੌਤੀ ਸਮਾਜ ਸੁਧਾਰਕ ਵੀ ਸ਼ਾਮਿਲ ਸਨ, ਉਹਨਾਂ ਸਵਿਤਰੀ ਬਾਈ ਦੇ ਪਰਵਾਰ ਨੂੰ ਧਮਕੀਆਂ ਦਿੱਤੀਆਂ, ਜਿਹਨਾਂ ਦਾ ਸਾਹਮਣਾ ਜੋਤੀਬਾ ਦੇ ਪਿਤਾ ਨਾ ਕਰ ਸਕੇ ਅਤੇ ਉਹਨਾ ਜੋਤੀਬਾ ਨੂੰ ਪਤਨੀ ਸਮੇਤ ਘਰ ਛੱਡਣ ਦਾ ਹੁਕਮ ਦੇ ਦਿੱਤਾ ।ਜੋਤੀਬਾ ਆਪਣੇ ਇੱਕ ਮਿੱਤਰ ਗੁਫਾਰ ਬੇਗ ਰਾਹੀਂ ਉਸਮਾਨ ਸ਼ੇਖ ਜੀ ਦੇ ਘਰ ਪਹੁੰਚੇ ਉਸਮਾਨ ਸ਼ੇਖ ਨੇ ਉਹਨਾਂ ਨੂੰ ਖੁਸ਼ੀ ਨਾਲ ਆਪਣੇ ਘਰ ਰੱਖ ਲਿਆ ਅਤੇ ਉਹਨਾਂ ਦੀ ਭੈਣ ਫਾਤਿਮਾ ਸ਼ੇਖ ਨੇ ਵੀ ਉਹਨਾਂ ਦਾ ਬਹੁਤ ਸਵਾਗਤ ਕੀਤਾ।

ਹੁਣ ਫਾਤਮਾ ਸ਼ੇਖ ਵੀ ਸਵਿਤਰੀ ਬਾਈ ਕੋਲੋਂ ਸਿੱਖਿਆ ਹਾਸਲ ਕਰਨ ਲੱਗੀ। ਸਵਿਤਰੀ ਬਾਈ ਨੂੰ ਪਹਿਲੀ ਔਰਤ ਅਧਿਆਪਕਾ ਹੋਣ ਦਾ ਮਾਣ ਮਿਲ ਚੁੱਕਾ ਸੀ। ਉਸਮਾਨ ਸ਼ੇਖ ਦੇ ਘਰ ਆ ਕੇ ਉਸ ਨੇ ਮੁਸਲਿਮ ਲੜਕੀਆਂ ਦਾ ਪਹਿਲਾ ਸਕੂਲ ਖੋਲ੍ਹਿਆ, ਜਿੱਥੇ ਫਾਤਿਮਾ ਸ਼ੇਖ ਦੀ ਪੜ੍ਹਾਉਣ ਦੀ ਡਿਊਟੀ ਲਾਈ ।ਇਸ ਤਰ੍ਹਾਂ ਫਾਤਿਮਾ ਸ਼ੇਖ ਪਹਿਲੀ ਮੁਸਲਮਾਨ ਅਧਿਆਪਕਾ ਬਣੇ ।ਸਵਿਤਰੀ ਬਾਈ ਅਤੇ ਫਾਤਮਾ ਸ਼ੇਖ ਘਰ-ਘਰ ਜਾ ਕੇ ਲੋਕਾਂ ਨੂੰ ਬੇਟੀਆਂ ਨੂੰ ਪੜ੍ਹਾਉਣ ਦੀ ਸਿੱਖਿਆ ਦਿੰਦੀਆਂ ਸਨ ।ਬਦਲੇ ਵਿੱਚ ਉਹਨਾਂ ਨੂੰ ਗਾਹਲਾਂ ਵੀ ਖਾਣੀਆਂ ਪੈਂਦੀਆਂ ਸਨ, ਪਰੰਤੂ ਉਹ ਇਸ ਨੂੰ ਆਪਣੇ ਮਿਸ਼ਨ ਦਾ ਹਿੱਸਾ ਸਮਝ ਕੇ ਬਰਦਾਸ਼ਤ ਕਰ ਲੈਂਦੀਆਂ ਸਨ ।

ਉਸਮਾਨ ਸ਼ੇਖ ਦੇ ਘਰ ਰਹਿੰਦੇ ਜੋਤੀਬਾ ਨੇ ਸੋਚਿਆ ਕਿ ਮੈਂ ਲੰਮਾ ਸਮਾਂ ਇਹਨਾਂ 'ਤੇ ਭਾਰ ਬਣ ਕੇ ਨਹੀਂ ਰਹਿ ਸਕਦਾ ।ਇਸ ਕਰਕੇ ਸਾਨੂੰ ਕੋਈ ਕੰਮ ਕਰਨਾ ਚਾਹੀਦਾ ਹੈ ।ਉਸ ਵੇਲੇ ਕੰਮਕਾਰ ਵੀ ਜਾਤਾਂ ਦੇ ਹਿਸਾਬ ਨਾਲ ਵੰਡੇ ਹੋਏ ਸਨ ਅਤੇ ਇਹ ਚੱਕਰਵਿਊ ਬੜਾ ਜ਼ਬਰਦਸਤ ਸੀ । ਜੋਤੀਬਾ ਨੇ ਇਸ ਚੱਕਰਵਿਊ ਵਿੱਚ ਛੇਕ ਕਰ ਦਿੱਤਾ, ਜਦੋਂ ਦੋਵਾਂ ਪਤੀ, ਪਤਨੀ ਨੇ ਸਿਲਾਈ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਸਵਿਤਰੀ ਬਾਈ ਨੂੰ ਜੋਤੀਬਾ ਨੇ ਅਧਿਆਪਕ ਟ੍ਰੇਨਿੰਗ ਕੋਰਸ ਵਾਸਤੇ ਭੇਜ ਦਿੱਤਾ, ਕਿਉਂਕਿ ਉਹ ਸਮਝਦੇ ਸਨ ਕਿ ਇਹ ਕੋਰਸ ਕੀਤੇ ਬਿਨਾਂ ਸਵਿਤਰੀ ਆਪਣੇ ਕੰਮ ਵਿੱਚ ਪਰਪੱਕ ਨਹੀਂ ਹੋ ਸਕਦੀ। ਸਵਿਤਰੀ ਨੇ ਉਹ ਟ੍ਰੇਨਿੰਗ ਪੂਰੀ ਕੀਤੀ ਅਤੇ ਬਹੁਤ ਸਾਰੇ ਸਕੂਲ ਉਹਨਾਂ ਨਵੇਂ ਖੋਲ੍ਹੇ ।1848 ਤੋਂ ਲੈ ਕੇ 1852 ਤੱਕ ਉਹਨਾਂ ਦੁਆਰਾ ਖੋਲ੍ਹੇ ਸਕੂਲਾਂ ਦੀ ਗਿਣਤੀ 18 ਹੋ ਚੁੱਕੀ ਸੀ।1852 ਵਿੱਚ ਫੂਲੇ ਜੋੜੀ ਨੂੰ ਬ੍ਰਿਟਿਸ਼ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਮਹਾਨ ਕੰਮ ਕਰਨ ਵਾਸਤੇ ਅਵਾਰਡ ਦਿੱਤਾ ਗਿਆ ਅਤੇ ਸਵਿਤਰੀ ਬਾਈ ਨੂੰ ਸਰਵੋਤਮ ਅਧਿਆਪਕਾ ਐਲਾਨਿਆ ਗਿਆ। ਅਖਬਾਰਾ ਵਿੱਚ ਉਹਨਾਂ ਦੀ ਬਹੁਤ ਸਿਫਤ ਕੀਤੀ ਗਈ।

ਉਸ ਸਮੇਂ ਵਿਧਵਾ ਵਿਆਹ ਦੀ ਮਨਜ਼ੂਰੀ ਨਹੀਂ ਸੀ ਅਤੇ ਵਿਧਵਾ ਔਰਤਾਂ ਨਾਲ ਉਹਨਾਂ ਦੇ ਘਰਦਿਆਂ ਵੱਲੋਂ ਹੀ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਸੀ ਅਤੇ ਜੇ ਉਹ ਗਰਭਵਤੀ ਹੋ ਜਾਂਦੀਆਂ ਤਾਂ ਉਹਨਾਂ ਨੂੰ ਮਰਨ ਲਈ ਮਜਬੂਰ ਕੀਤਾ ਜਾਂਦਾ ਜਾਂ ਉਹਨਾਂ ਨੂੰ ਕਿਤੇ ਦੂਰ ਲਿਜਾ ਕੇ ਬੱਚਾ ਪੈਦਾ ਹੁੰਦੇ ਸਾਰ ਮਾਰਨ ਲਈ ਮਜਬੂਰ ਕੀਤਾ ਜਾਂਦਾ ।ਇਸ ਪ੍ਰਥਾ ਦੇ ਵਿਰੁੱਧ ਜਾ ਕੇ ਜੋਤੀਬਾ ਨੇ ਇੱਕ ਕਾਸ਼ੀ ਬਾਈ ਨਾਂਅ ਦੀ ਔਰਤ, ਜੋ ਕਿ ਵਿਧਵਾ ਗਰਭਵਤੀ ਸੀ, ਨੂੰ ਆਪਣੇ ਘਰ ਲੈ ਆਂਦਾ ।ਸਵਿਤਰੀ ਬਾਈ ਜੀ ਨੇ ਉਹਨਾ ਦਾ ਪੂਰਾ ਸਾਥ ਦਿੱਤਾ ਅਤੇ ਉਸ ਦੇ ਘਰ ਇੱਕ ਬੇਟਾ ਹੋਇਆ, ਜਿਸ ਦਾ ਨਾਂਅ ਯਸ਼ਵੰਤ ਰਾਏ ਰੱਖਿਆ ਗਿਆ।

ਉਸ ਸਮੇਂ ਜਿਸ ਔਰਤ ਦਾ ਦੇ ਬੱਚਾ ਪੈਦਾ ਨਹੀਂ ਹੁੰਦਾ ਸੀ, ਉਸ ਨੂੰ ਬਹੁਤ ਮਾੜਾ ਸਮਝਿਆ ਜਾਂਦਾ ਸੀ। ਸਮਾਜ ਵਿੱਚ ਉਸ ਦਾ ਸਤਿਕਾਰ ਨਹੀਂ ਸੀ ਕੀਤਾ ਜਾਂਦਾ ਅਤੇ ਬਹੁਤ ਵਾਰ ਉਸ ਦਾ ਪਤੀ ਉਸ ਨੂੰ ਛੱਡ ਦਿੰਦਾ ਸੀ ਜਾਂ ਉਸ ਦੇ ਹੁੰਦਿਆਂ ਹੀ ਦੂਜੀ ਔਰਤ ਲੈ ਆਉਂਦਾ ਸੀ। ਸਵਿਤਰੀ ਬਾਈ ਅਤੇ ਜੋਤੀਬਾ ਫੂਲੇ ਨੂੰ ਵੀ ਲੋਕਾਂ ਵੱਲੋਂ ਇਸ ਗੱਲ ਵਾਸਤੇ ਤੰਗ-ਪਰੇਸ਼ਾਨ ਕੀਤਾ ਜਾ ਰਿਹਾ ਸੀ ਕਿ ਇਸ ਔਰਤ ਦੇ ਬੱਚਾ ਪੈਦਾ ਨਹੀਂ ਹੋਇਆ, ਸ਼ਾਇਦ ਮਜਬੂਰ ਕੀਤਾ ਹੋਵੇਗਾ ਕਿ ਜੋਤੀਬਾ ਫੂਲੇ ਦੂਜਾ ਵਿਆਹ ਕਰਵਾ ਲਵੇ, ਪਰੰਤੂ ਜੋਤੀਬਾ ਨੇ ਜੋ ਕਿ ਹਨੇਰੇ ਸਮਾਜ ਵਿੱਚ ਇੱਕ ਚਾਨਣ ਦੀ ਲਾਟ ਸਨ, ਨੇ ਪਰਵਾਹ ਨਹੀਂ ਕੀਤੀ ਅਤੇ ਯਸ਼ਵੰਤ ਰਾਏ ਨੂੰ ਗੋਦ ਲੈ ਲਿਆ ।

1890 ਵਿੱਚ ਜੋਤੀਬਾ ਫੂਲੇ ਦਾ ਦਿਹਾਂਤ ਹੋ ਗਿਆ । ਲੋਕਾਂ ਨੇ ਯਸ਼ਵੰਤ ਰਾਏ ਨੂੰ ਚਿਤਾ ਨੂੰ ਅਗਨੀ ਦਿਖਾਉਣ ਦੀ ਇਜਾਜ਼ਤ ਨਹੀਂ ਦਿੱਤੀ, ਕਿਉਂਕਿ ਇਹ ਫੂਲੇ ਜੋੜੀ ਦਾ ਸਕਾ ਪੁੱਤਰ ਨਹੀਂ ਸੀ । ਇਸ ਵੇਲੇ ਸਵਿਤਰੀ ਬਾਈ ਦ੍ਰਿੜ੍ਹ ਨਿਸ਼ਚੇ ਨਾਲ ਅੱਗੇ ਆਈ ਅਤੇ ਉਸ ਨੇ ਖੁਦ ਪਤੀ ਦੀ ਚਿਤਾ ਨੂੰ ਅਗਨੀ ਦਿਖਾਈ, ਜੋ ਕਿ ਉਸ ਵੇਲੇ ਬਹੁਤ ਹੀ ਦਲੇਰੀ ਵਾਲਾ ਕੰਮ ਸੀ।

ਜੋਤੀਬਾ ਦੇ ਵਿਛੋੜੇ ਨੇ ਸਵਿਤਰੀ ਬਾਈ 'ਤੇ ਕਾਫੀ ਅਸਰ ਕੀਤਾ,ਪਰੰਤੂ ਉਹ ਪੂਰੀ ਸ਼ਕਤੀ ਨਾਲ ਫਿਰ ਆਪਣੇ ਕੰਮ ਵਿੱਚ ਜੁਟ ਗਈ। ਉਹਨਾਂ ਦੇ ਪੁੱਤਰ ਯਸ਼ਵੰਤ ਰਾਏ ਨੇ ਵੀ ਉਹਨਾਂ ਨੂੰ ਨਿਰਾਸ਼ ਨਹੀਂ ਕੀਤਾ। ਉਹ ਡਾਕਟਰ ਬਣ ਗਿਆ ਅਤੇ ਲੋਕਾਂ ਦੀ ਸੇਵਾ ਕਰਨ ਲੱਗਿਆ। 1897 ਵਿੱਚ ਜਦੋਂ ਪਲੇਗ ਫੈਲ ਗਈ, ਅਤਿਅੰਤ ਲੋਕ ਮਰ ਰਹੇ ਸਨ ।ਉਸ ਵੇਲੇ ਇਹ ਮਾਂ-ਪੁੱਤਰ ਲੋਕਾਂ ਦੀ ਸੇਵਾ ਕਰ ਰਹੇ ਸਨ। ਸਵਿਤਰੀ ਬਾਈ ਨੂੰ ਪਤਾ ਲੱਗਿਆ ਕਿ ਨਾਲ ਦੇ ਪਿੰਡ ਵਿੱਚ ਇੱਕ ਬੱਚੇ ਨੂੰ ਪਲੇਗ ਹੋ ਗਈ ਹੈ ਅਤੇ ਉਸ ਦਾ ਬੁੱਢਾ ਬਾਪ ਉਸ ਨੂੰ ਡਾਕਟਰ ਕੋਲ ਨਹੀਂ ਲਿਜਾ ਸਕਦਾ । ਸਵਿਤਰੀ ਬਾਈ ਖੁਦ ਉਥੇ ਪਹੁੰਚੀ ਅਤੇ ਬੱਚੇ ਨੂੰ ਆਪਣੀ ਪਿੱਠ 'ਤੇ ਲੱਦ ਕੇ ਲਿਆਈ, ਪ੍ਰੰਤੂ ਸਵਿਤਰੀ ਬਾਈ ਵੀ ਇਸ ਬਿਮਾਰੀ ਦੀ ਲਪੇਟ ਵਿੱਚ ਆ ਗਈ ।10 ਮਾਰਚ 1897 ਨੂੰ ਇਹ ਮਹਾਨ ਔਰਤ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ।

ਸਵਿਤਰੀ ਬਾਈ ਦੇ ਕੀਤੇ ਕੰਮ ਸਦਕਾ ਹੀ ਅੱਜ ਔਰਤ ਜਾਤੀ ਪੜ੍ਹਨ, ਲਿਖਣ, ਨੌਕਰੀ ਕਰਨ ਅਤੇ ਆਪਣੇ ਘਰ ਤੋਂ ਬਾਹਰ ਜਾ ਕੇ ਕੰਮ ਕਰਨ ਦੇ ਕਾਬਲ ਹੋਈ ,ਪ੍ਰੰਤੂ ਲੰਮੇ ਸਮੇਂ ਤੱਕ ਸਵਿਤਰੀ ਬਾਈ ਦਾ ਨਾਂਅ ਧੂੜ ਵਿੱਚ ਲੁਕਿਆ ਰਿਹਾ ।ਅਸੀਂ ਉਸ ਮਹਾਨ ਔਰਤ ਨੂੰ ਸਲਾਮ ਕਰਦੇ ਹਾਂ ਅਤੇ ਹਰ ਸਾਲ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਅਤੇ ਪੰਜਾਬ ਇਸਤਰੀ ਸਭਾ ਉਸ ਦੀ ਯਾਦ ਵਿੱਚ ਕੋਈ ਨਾ ਕੋਈ ਪ੍ਰੋਗਰਾਮ ਕਰਿਆ ਕਰਾਂਗੇ ਤਾਂ ਕਿ ਅਸੀਂ ਉਸ ਮਹਾਨ ਔਰਤ ਨੂੰ ਯਾਦ ਕਰ ਸਕੀਏ, ਜਿਹੜੀ ਸਾਡੇ ਰਾਹ ਵਿੱਚ ਫੁੱਲ ਵਿਛਾਉਣ ਲਈ ਸਾਰੀ ਉਮਰ ਕੰਡਿਆਂ 'ਤੇ ਚਲਦੀ ਰਹੀ।

**# ਸੰਪਰਕ : 99881-76811**

# ਬੜੀ ਵਿਲੱਖਣ ਹੋਵੇਗੀ ਭਵਿੱਖ ਦੀ ਦੁਨੀਆ

ਮਾਨਵ ਜਾਤ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਣ ਲੱਗਾ ਹੈ ਕਿ ਇਸ ਸਮੇਂ ਦੁਨੀਆ ਵਿੱਚ ਜੋ ਬਹੁਤ ਮਹੱਤਵਪੂਰਨ ਹੈ, ਇਸ ਵਿੱਚੋਂ ਬਹੁਤ ਕੁਝ ਅਰਥਹੀਣ ਹੋ ਜਾਵੇਗਾ। ਬੀਤੇ ਦੀ ਬਾਤ ਬਣ ਜਾਵੇਗਾ।

ਤੇਜ਼ੀ ਨਾਲ ਬਦਲ ਰਹੀ ਇਹ ਦੁਨੀਆ ਇਸ ਸਮੇਂ ਇੱਕ ਵੱਡੇ ਮੁਕਾਮ 'ਤੇ ਆ ਖੜੀ ਹੋਈ ਹੈ। ਪਿਛਲੇ ਸਮੇਂ ਦੌਰਾਨ ਬਹੁਤ ਚੀਜ਼ਾਂ ਸਾਡੇ ਦੌਰ ਵਿੱਚ ਆਈਆਂ ਤੇ ਅਲੋਪ ਹੋ ਗਈਆਂ। ਅੱਜ ਦੇ ਬੱਚਿਆਂ 'ਚੋਂ ਬਹੁਤਿਆਂ ਨੂੰ ਸ਼ਾਇਦ ਇਹ ਪਤਾ ਵੀ ਨਹੀਂ ਹੋਵੇਗਾ ਸੀ ਡੀ ਪਲੇਅਰ ਕਿਸ ਤਰ੍ਹਾਂ ਦਾ ਹੁੰਦਾ ਸੀ ? ਵੀ ਸੀ ਆਰ ਕੀ ਸੀ ? ਪੇਜ਼ਰ ਕੀ ਸੀ ? ਤੇਜ਼ੀ ਨਾਲ ਵਾਪਰ ਰਹੀਆਂ ਤਬਦੀਲੀਆਂ ਦੇ ਇਸ ਦੌਰ ਵਿੱਚ ਹੁਣ ਇੱਕਦਮ ਬਹੁਤ ਕੁਝ ਤਬਦੀਲ ਹੋਣ ਜਾ ਰਿਹਾ ਹੈ।

ਭਵਿੱਖ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਮਸਨੂਈ ਸਮਝ) ਦੁਨੀਆ ਨੂੰ ਪੂਰੀ ਤਬਦੀਲ ਕਰ ਦੇਵੇਗੀ। ਜ਼ਰਾ ਸੋਚੋ ਕਿ ਮਨੁੱਖ ਦੀ ਥਾਂ ਸੋਚ ਵਿਚਾਰ ਕਰਨ, ਫੈਸਲੇ ਲੈਣ ਅਤੇ ਉਹਨਾਂ ਫੈਸਲਿਆਂ 'ਤੇ ਅਮਲ ਵਰਗੇ ਕੰਮ ਜੇਕਰ ਮਸ਼ੀਨ ਕਰਨ ਲੱਗ ਪਵੇਗੀ ਤਾਂ ਇਸ ਦੌਰ ਵਿੱਚ ਮਨੁੱਖ ਦੀ ਹੈਸੀਅਤ ਕੀ ਹੋਵੇਗੀ ? ਕਲਾਕਾਰ ਇੱਕ ਚਿੱਤਰ ਬਣਾਉਂਦਾ ਹੈ, ਕਵੀ ਕਵਿਤਾ, ਗੀਤਕਾਰ ਗੀਤ ਕਹਾਣੀਕਾਰ ਕਹਾਣੀ ਲਿਖਦਾ ਹੈ। ਇਸੇ ਤਰ੍ਹਾਂ ਫਿਲਮ ਲੇਖਕ ਫਿਲਮਾਂ ਦੀ ਕਹਾਣੀ ਤੇ ਡਾਇਲਾਗ ਲਿਖਦੇ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਹ ਸਭ ਕੁਝ 'ਏ ਆਈ' ਕਰਨ ਲੱਗ ਜਾਵੇਗੀ। ਇਸ ਤੋਂ ਵੀ ਅਗਾਂਹ ਫਿਲਮਾਂ ਵਿੱਚ ਵਿਖਾਏ ਜਾਣ ਵਾਲੇ ਦ੍ਰਿਸ਼, ਨਾਇਕ, ਨਾਇਕਾਵਾਂ ਤੇ ਖਲਨਾਇਕ ਇਹ ਸਭ ਕੁਝ ਆਰਟੀਫੀਸ਼ਲ ਹੋਵੇਗਾ ਅਤੇ ਇਹ ਸਭ ਕੁਝ ਹਕੀਕਤ ਵਰਗਾ ਹੀ ਹੋਵੇਗਾ। ਇੱਕ ਨਵੀਂ ਫਿਲਮ ਬਣਾਉਣ ਲਈ ਤੁਸੀਂ ਮਨਪਸੰਦ ਚਾਰ ਫਿਲਮਾਂ ਬਾਰੇ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਦੱਸਦੇ ਹੋ ਤਾਂ ਉਹ ਤੁਹਾਨੂੰ ਕੁਝ ਹੀ ਸਮੇਂ ਬਾਅਦ ਪੰਜਵੀਂ ਫਿਲਮ ਤਿਆਰ ਕਰ ਦੇਵੇਗਾ। ਇਸੇ ਤਰ੍ਹਾਂ ਤੁਸੀਂ ਘਰ, ਦਫਤਰ, ਲਾਅਨ ਦਾ ਡਿਜ਼ਾਇਨ ਚਾਹੁੰਦੇ ਹੋ ਤਾਂ ਕਈ ਤਰ੍ਹਾਂ ਦੇ ਡਿਜ਼ਾਇਨ ਤੁਹਾਡੇ ਸਾਹਮਣੇ ਪਈ ਸਕਰੀਨ 'ਤੇ ਖੁੱਲ੍ਹ ਜਾਣਗੇ, ਕਿਤੇ ਜਾਣ ਦੀ ਲੋੜ ਨਹੀਂ ਹੋਵੇਗੀ। ਹਰ ਤਰ੍ਹਾਂ ਦੀਆਂ ਵੱਡੀਆਂ-ਛੋਟੀਆਂ ਗੱਡੀਆਂ ਡਰਾਇਵਰ ਰਹਿਤ ਹੋਣਗੀਆਂ ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਚੱਲਣ ਲੱਗਣਗੀਆਂ।

ਦੁਨੀਆ 'ਤੇ ਸਰਦਾਰੀ ਕਰਨ ਵਾਲੀਆਂ ਸਾਫਟਵੇਅਰ ਬਣਾਉਣ ਵਾਲੀਆਂ ਕੰਪਨੀਆਂ ਬਾਰੇ ਕਦੇ ਕਿਸੇ ਨੇ ਨਹੀਂ ਸੋਚਿਆ ਹੋਣਾ ਕਿ ਇਸ ਸਭ ਕੁਝ ਨੂੰ ਇੱਕ ਦਿਨ 'ਏ ਆਈ' ਨਾਂਅ ਦਾ ਇੱਕੋ ਸਾਫਟਵੇਅਰ ਨਿਗਲ ਲਵੇਗਾ। 'ਏ ਆਈ' ਅਜਿਹੀ ਆਧੁਨਿਕ ਤਕਨੀਕ ਹੈ, ਜਿਸ ਤੋਂ ਤਕਨੀਕੀ ਦੁਨੀਆ ਦੇ ਮਾਹਰ ਵੀ ਡਰਨ ਲੱਗ ਪਏ ਹਨ।



ਗੁਰਚਰਨ ਸਿੰਘ ਨੂਰਪੁਰ

ਇਸ ਤਕਨੀਕ ਨਾਲ ਖੇਤੀਬਾੜੀ ਵਿੱਚ ਇੱਕ ਅਜਿਹਾ ਇਨਕਲਾਬ ਆਵੇਗਾ, ਜਿਸ ਦਾ ਅਸੀਂ ਕਦੇ ਕਿਆਸ ਤੱਕ ਵੀ ਨਹੀਂ ਕੀਤਾ। ਭਵਿੱਖ ਵਿੱਚ ਏ ਆਈ ਮਸ਼ੀਨਾਂ ਸਾਨੂੰ ਦੱਸਣਗੀਆਂ ਕਿ ਤੁਹਾਡੇ ਦੁਆਰਾ ਬੀਜੀ ਜਾ ਰਹੀ ਫਸਲ ਦਾ ਹੁਣ ਤੱਕ ਬਾਜ਼ਾਰ ਵਿੱਚ ਕਿੰਨਾ ਬੀਜ ਵਿਕਿਆ ਹੈ ਅਤੇ ਇਹ ਕਿਸ ਦੇਸ਼ ਵਿੱਚ ਕਿੰਨੀ ਮਿਕਦਾਰ ਵਿੱਚ ਬੀਜੀ ਜਾ ਰਹੀ ਹੈ। ਇਸ ਫਸਲ ਲਈ ਮੌਸਮ ਕਿਸ ਤਰ੍ਹਾਂ ਦਾ ਰਹਿਣ ਵਾਲਾ ਹੈ, ਇਸ ਦਾ ਬਾਜ਼ਾਰ ਵਿੱਚ ਮੁੱਲ ਕੀ ਪਵੇਗਾ ? ਕਾਫੀ ਹੱਦ ਤੱਕ ਫਸਲਾਂ ਵਿੱਚ ਕੀਤੇ ਜਾਂਦੇ ਕੀਟ-ਨਾਸ਼ਕਾਂ ਦੀ ਵਰਤੋਂ ਘੱਟ ਹੋਵੇਗੀ। ਫਸਲ 'ਤੇ ਕਿਸੇ ਕੀੜੇ ਦੇ ਹਮਲੇ ਦਾ ਤੁਰੰਤ ਪਤਾ ਚੱਲੇਗਾ ਅਤੇ ਜਿੱਥੇ ਕਿਤੇ ਜਿਸ ਬੂਟੇ ਵਿੱਚ ਬਿਮਾਰੀ ਦੀ ਲਾਗ ਹੋਵੇਗੀ, ਉੱਥੇ ਉਸ ਜਗਾਹ 'ਤੇ ਹੀ ਉਸ ਦਾ ਤੁਰੰਤ ਇਲਾਜ ਕੀਤਾ ਜਾ ਸਕੇਗਾ। ਪੂਰੀ ਜ਼ਮੀਨ ਵਿੱਚ ਕੀਟ-ਨਾਸ਼ਕ ਦਵਾਈ ਦੀ ਵਰਤੋਂ ਕਰਨ ਦੀ ਲੋੜ ਤਾਂ ਦੂਰ ਕਿਸੇ ਇੱਕ ਪੂਰੇ ਪੌਦੇ ਨੂੰ ਵੀ ਕੀਟ-ਨਾਸ਼ਕ ਦੇਣ ਦੀ ਲੋੜ ਨਹੀਂ ਰਹੇਗੀ। ਜ਼ਮੀਨ ਵਿੱਚ ਕਿੱਥੇ ਕਿਸ ਤੱਤ ਦੀ ਘਾਟ ਹੈ, ਇਸ ਸੰਬੰਧੀ ਏ ਆਈ ਦੀਆਂ ਜਾਣਕਾਰੀਆਂ ਫਸਲਾਂ ਲਈ ਲਾਹੇਵੰਦ ਸਾਬਤ ਹੋਣਗੀਆਂ। ਏ ਆਈ ਮਸ਼ੀਨਾਂ ਕੇਵਲ ਪੱਕੇ ਫਲਾਂ ਦੀ ਤੋੜਾਈ, ਪੁਟਾਈ ਕਰਨਗੀਆਂ ਅਤੇ ਇਸ ਤਰ੍ਹਾਂ ਫਸਲਾਂ ਖਾਸ ਕਰਕੇ ਫਲਾਂ ਦੇ ਝਾੜ ਵਿੱਚ ਸੁਧਾਰ 'ਤੇ ਵਾਧਾ ਹੋਣਾ ਸ਼ੁਰੂ ਹੋ ਜਾਵੇਗਾ।

ਦਵਾਈਆਂ ਦੇ ਮਾਲੀਕਿਊਲ ਬਣਾਉਣ ਵਿੱਚ ਮਦਦ ਮਿਲੇਗੀ, ਬਿਮਾਰੀਆਂ ਨੂੰ ਸਮਝਣ ਵਿੱਚ ਵੱਡਾ ਇਨਕਲਾਬ ਆਵੇਗਾ ਅਤੇ ਬਿਮਾਰਾਂ ਦੀ ਸਾਂਭ-ਸੰਭਾਲ ਕਰਨ ਵਿੱਚ ਵੀ ਏ ਆਈ ਵੱਡੀ ਮਦਦਗਾਰ ਸਾਬਿਤ ਹੋਵੇਗੀ। ਜਿਵੇਂ ਖਦਸ਼ਾ ਪਰਗਟ ਕੀਤਾ ਜਾ ਰਿਹਾ ਹੈ ਕਿ ਏ ਆਈ ਬਹੁਤ ਸਾਰੀਆਂ ਨੌਕਰੀਆਂ ਨੂੰ ਖਤਮ ਕਰ ਦੇਵੇਗੀ ਤਾਂ ਕੁਝ ਲੋਕਾਂ ਨੂੰ ਇਹ ਵਿਸ਼ਵਾਸ ਹੈ ਕਿ ਨਵੀ ਤਕਨਾਲੋਜੀ ਦੇ ਆਉਣ ਨਾਲ ਨੌਕਰੀਆਂ ਘਟਦੀਆਂ ਨਹੀਂ, ਬਲਕਿ ਵਧਦੀਆਂ ਹਨ, ਜਿਵੇਂ ਕੰਪਿਊਟਰ ਦੇ ਆਉਣ ਨਾਲ ਸੋਚਿਆ ਜਾ ਰਿਹਾ ਸੀ ਕਿ ਦਫਤਰਾਂ ਦੇ ਕੰਮ ਜਦੋਂ ਕੰਪਿਊਟਰ ਕਰਨ ਲੱਗਣਗੇ ਤਾਂ ਬੰਦਿਆਂ ਦੀ ਲੋੜ ਨਹੀਂ ਰਹੇਗੀ। ਇਸ ਲਈ ਕੰਪਿਊਟਰ ਦਾ ਵਿਰੋਧ ਵੀ ਹੋਇਆ, ਪਰ ਕੰਪਿਊਟਰ ਦੇ ਆਉਣ ਨਾਲ ਰੋਜ਼ਗਾਰ ਵਿੱਚ ਵੱਖਰੀਆਂ ਤੇ ਵੱਡੀਆਂ ਸੰਭਾਵਨਾਵਾਂ ਪੈਦਾ ਹੋਈਆਂ, ਇਸ ਲਈ ਕੁਝ ਲੋਕਾਂ ਦਾ ਖਿਆਲ ਹੈ ਕਿ ਨਵੀਂ ਤਕਨੀਕ ਆਉਣ ਨਾਲ ਰੋਜ਼ਗਾਰ ਦੇ ਬੂਹੇ ਹੋਰ ਮੋਕਲੇ ਹੋਣਗੇ, ਇੱਥੇ ਸਾਨੂੰ ਥੋੜ੍ਹਾ ਜਿਹਾ ਸੋਚ ਵਿਚਾਰ ਕਰਨ ਦੀ ਲੋੜ ਹੈ। ਹੁਣ ਤੱਕ ਜੋ ਵੀ ਤਕਨੀਕੀ ਵਿਕਾਸ ਹੁੰਦਾ ਆਇਆ ਹੈ, ਉਹ ਵਸਤਾਂ ਦਾ ਵਿਕਾਸ ਸੀ। ਨਵੀਆਂ ਵਸਤਾਂ, ਨਵੇਂ ਸਾਧਨ, ਨਵੇ ਸਾਫਟਵੇਅਰ ਆਦਿ ਬਣਦੇ ਆਏ ਹਨ, ਜਿਹਨਾਂ ਨੂੰ ਮਨੁੱਖ ਪੈਦਾ ਕਰਦੇ ਤੇ ਮਨੁੱਖ ਆਪਣੇ ਹੱਥਾਂ ਨਾਲ ਇਹਨਾਂ ਨੂੰ ਜਿੰਦਗੀ ਨੂੰ ਸੁਖਾਲਾ ਬਣਾਉਣ ਲਈ ਵਰਤਦਾ ਆਇਆ ਹੈ ਅਤੇ ਵਰਤ ਰਿਹਾ ਹੈ, ਪਰ ਆਰਟੀਫੀਸ਼ੀਅਲ ਇੰਟੈਲੀਜੈਂਸ ਇਸ ਤੋਂ ਬਿਲਕੁਲ ਵੱਖਰੀ ਚੀਜ਼ ਹੈ। ਇਹ ਅਜਿਹੀ ਬਣਾਉਟੀ ਸਮਝ ਹੈ, ਜੋ ਹਰ ਪਲ ਵਧ ਰਹੀ ਹੈ। ਹਰ ਪਲ ਹੋਰ ਬੁਲੰਦ ਹੁੰਦੀ ਜਾਵੇਗੀ। ਮਾਨਵ ਜਾਤ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਣ ਲੱਗਾ ਹੈ ਮਨੁੱਖ ਦੀ ਵਰਤੋਂ ਲਈ ਇੱਕ ਵਿਸ਼ਾਲ ਦਿਮਾਗ ਉਸ ਦੇ ਸਾਹਮਣੇ ਹੋਵੇਗਾ, ਜਿਸ ਵਿੱਚ ਲੱਖਾਂ ਦਿਮਾਗਾਂ ਜਿੰਨੀ ਸਮਝ ਹੋਵੇਗੀ ਅਤੇ ਇਹ ਸਮਝ ਮਨੁੱਖੀ ਬੁੱਧੀ ਤੋਂ ਕਿਤੇ ਵੱਧ ਤੇਜ਼ੀ ਨਾਲ ਵਿਕਸਤ ਹੁੰਦੀ ਜਾਵੇਗੀ, ਕਿਉਂਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਤੋਂ ਹੀ ਸਿੱਖ ਕੇ ਹਰ ਪਲ ਆਪਣੀ ਸਮਝ ਵਧਾ ਰਿਹਾ ਹੈ।

ਬੇਸ਼ੱਕ ਏ ਆਈ ਨਾਲ ਮਨੁੱਖ ਦੇ ਜ਼ਿਹਨੀ ਤੇ ਸਰੀਰਕ ਕੰਮ ਘਟ ਜਾਣਗੇ, ਰੋਜ਼ਗਾਰ, ਨੌਕਰੀਆਂ ਘਟ ਜਾਣਗੀਆਂ, ਇਹ ਆਮ ਲੋਕਾਂ ਅਤੇ ਖਾਸ ਕਰਕੇ ਗਰੀਬ ਦੇਸ਼ਾਂ ਦੇ ਵਾਸੀਆਂ ਲਈ ਇਹ ਸਥਿਤੀ ਬੇਹੱਦ ਭਿਆਨਕ ਹੋ ਸਕਦੀ ਹੈ। ਏ ਆਈ ਦੇ ਦੌਰ ਤੋਂ ਪਹਿਲਾਂ ਹੀ ਦੁਨੀਆ ਅਜਿਹੇ ਦੌਰ ਵਿੱਚੋਂ ਗੁਜ਼ਰ ਰਹੀ ਹੈ, ਜਿੱਥੇ ਆਮ ਬੰਦੇ ਦੇ ਰੋਜ਼ਗਾਰ ਵੱਲ ਸਰਕਾਰਾਂ ਦਾ ਬਿਲਕੁਲ ਹੀ ਧਿਆਨ ਨਹੀਂ, ਨੌਕਰੀਆਂ ਦੇ ਮੌਕੇ ਘਟ ਰਹੇ ਹਨ। ਸਰਕਾਰਾਂ ਨੇ ਅਜਿਹੀ ਸਥਿਤੀ ਪੈਦਾ ਕੀਤੀ ਹੈ ਕਿ ਵੱਡੀ ਗਿਣਤੀ ਲੋਕਾਂ ਨੇ ਆਪਣੇ ਆਪ ਨੂੰ ਆਟੇ-ਦਾਲ ਵਰਗੀਆਂ ਖੈਰਾਤਾਂ ਲਈ ਸਮਰਪਣ ਕਰ ਦਿੱਤਾ ਹੈ। ਹੁਣ ਤੱਕ ਹਰ ਨਵੀਂ ਤਕਨੀਕ ਦਾ ਸਭ ਵੱਧ ਫਾਇਦਾ ਸਰਮਾਏਦਾਰ ਲੈਂਦੇ ਰਹੇ ਹਨ। ਅਜਿਹੀ ਸਥਿਤੀ ਵਿੱਚ ਜਦੋਂ ਏ ਆਈ ਦਾ ਪ੍ਰਵੇਸ਼ ਹੋਣ ਜਾ ਰਿਹਾ ਹੈ ਤਾਂ ਆਮ ਬੰਦੇ ਲਈ ਇਹ ਸਥਿਤੀ ਹੋਰ ਭਿਆਨਕ ਹੋ ਜਾਵੇਗੀ। ਨੌਕਰੀਆਂ, ਰੋਜ਼ਗਾਰ ਹੋਰ ਵੀ ਘੱਟ ਹੋਣਗੇ। ਵਿਹਲਾ ਮਨ ਸ਼ੈਤਾਨ ਦਾ ਘਰ ਵਾਂਗ ਸਮਾਜ ਵਿੱਚ ਬੁਰਾਈਆਂ ਫੈਲਣ ਦਾ ਖਤਰਾ ਹੋਰ ਵਧ ਜਾਵੇਗਾ। ਦੂਜੇ ਪਾਸੇ 'ਏ ਆਈ' ਦੀ ਸਮਝ ਏਨੀ ਵਿਸਥਾਰ ਲੈ ਲਵੇਗੀ ਕਿ ਉਸ ਕੋਲ ਲੱਖਾਂ ਕਰੋੜਾਂ ਬੰਦਿਆਂ ਦੀਆਂ ਹਰ ਤਰ੍ਹਾਂ ਦੀਆਂ ਜਾਣਕਾਰੀਆਂ ਹੋਣਗੀਆਂ। ਕਿਸੇ ਦੀ ਕੈਮਰੇ ਵਿੱਚ ਤਸਵੀਰ ਵੇਖ ਕੇ ਉਸ ਨੂੰ ਝੱਟ ਲੱਭਿਆ ਜਾ ਸਕੇਗਾ।

ਏ ਆਈ ਨੂੰ ਬਣਾਉਣ ਵਾਲੇ 75 ਸਾਲਾ Geoffry Hinton ਇਸ ਦੇ ਨਤੀਜਿਆਂ ਨੂੰ ਸਮਝਦਿਆਂ ਖੁਦ ਡਰੇ ਹੋਏ ਹਨ। ਉਹਨਾ ਦਾ ਕਹਿਣਾ ਹੈ ਕਿ ਜੇਕਰ ਮੈਂ ਇਸ ਨੂੰ ਨਾ ਬਣਾਉਂਦਾ ਤਾਂ ਹੋ ਸਕਦਾ ਹੈ ਕੋਈ ਹੋਰ ਇਸ ਨੂੰ ਬਣਾ ਦਿੰਦਾ। ਉਹਨਾ ਦਾ ਕਹਿਣਾ ਹੈ ਮਨੁੱਖ ਤੋਂ ਸਿੱਖ ਕੇ ਮਨੁੱਖ 'ਤੇ ਹੀ ਹਾਵੀ ਹੋ ਜਾਣ ਦੇ ਏ ਆਈ ਦੇ ਖਤਰੇ ਨੂੰ ਨਕਾਰਿਆ ਨਹੀਂ ਜਾ ਸਕਦਾ। ਜਿਓਫਰੀ ਹਿੰਟਨ ਨੇ 'ਨਿਊਯਾਰਕ ਟਾਈਮਜ਼' ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਮੰਨਿਆ ਕਿ ਉਸ ਨੂੰ ਆਪਣੇ ਕੀਤੇ 'ਤੇ ਪਛਤਾਵਾ ਹੋ ਰਿਹਾ ਹੈ। ਉਹਨਾ ਕਿਹਾ ਕਿ 'ਏ ਆਈ' 1000 ਬੰਦੇ ਤੋਂ ਵੱਧ ਜਾਣਦਾ ਹੈ ਅਤੇ ਇਹਦੀ ਇਹ ਜਾਣਕਾਰੀ ਹਰ ਪਲ ਵਧਦੀ ਹੀ ਜਾਵੇਗੀ। ਇਹ ਸੱਚ ਹੈ ਕਿ ਏ ਆਈ ਨਾਲ ਬਹੁਤ ਸਾਰੇ ਖਤਰੇ ਜੁੜੇ ਹੋਏ ਹਨ ਅਤੇ ਇਹਨਾਂ ਖਤਰਿਆਂ ਨੂੰ ਦੁਨੀਆ ਭਰ ਦੇ ਸੋਚਵਾਨ ਮਨੁੱਖ ਭਾਂਪ ਰਹੇ ਹਨ। ਇਹ ਵੀ ਹੋ ਸਕਦਾ ਹੈ ਭਵਿੱਖ ਵਿੱਚ ਏ ਆਈ ਰਾਹੀਂ ਗਲਤ ਸੂਚਨਾਵਾਂ ਦਾ ਹੜ੍ਹ ਆ ਜਾਵੇ ਅਤੇ ਸਾਨੂੰ ਇਹ ਸਮਝਣ ਵਿੱਚ ਬੜੀ ਵੱਡੀ ਦਿੱਕਤ ਹੋਵੇਗੀ ਸੱਚ ਕੀ ਹੈ ਅਤੇ ਝੂਠ ਕੀ ਹੈ ? ਇਹ ਵੀ ਸੰਭਵ ਹੈ ਕਿ ਏ ਆਈ ਦਾ ਕੰਟਰੋਲ ਗਲਤ ਹੱਥਾਂ ਵਿੱਚ ਚਲਾ ਜਾਵੇ ਤੇ ਇਹ ਇੱਕ ਦਿਨ ਮਨੁੱਖਾਂ 'ਤੇ ਭਾਰੂ ਹੋ ਕੇ ਮਨੁੱਖੀ ਸੱਭਿਅਤਾ ਲਈ ਹੀ ਖਤਰਾ ਬਣ ਜਾਵੇ।

ਦੁਨੀਆ ਦੇ ਵੱਡੇ ਕਾਰੋਬਾਰੀ ਈਲੋਨ ਮਸਕ ਦਾ ਕਹਿਣਾ ਹੈ, "ਇਸ ਸਮੇਂ ਮਨੁੱਖੀ ਸੱਭਿਅਤਾ ਨੂੰ ਸਭ ਤੋਂ ਵੱਧ ਖਤਰਾ 'ਏ ਆਈ' ਤੋਂ ਹੈ।" ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਮੰਨਣਾ ਹੈ, 'ਏ ਆਈ' ਵਿੱਚ ਸੰਭਾਵਨਾਵਾਂ ਅਤੇ ਖਤਰੇ ਦੋਵੇ ਹਨ।"

ਸਾਡੀ ਸਿੱਖਿਆ ਪ੍ਰਣਾਲੀ ਇਸ ਸਮੇਂ ਵੀ ਸਮੇਂ ਦੇ ਹਾਣ ਦੀ ਨਹੀਂ ਹੈ, ਇਸ ਵਿੱਚ ਬਹੁਤ ਸਾਰੀਆਂ ਤਰੁੱਟੀਆਂ ਹਨ। ਭਵਿੱਖ ਵਿੱਚ ਸਿੱਖਿਆ ਜਗਤ ਵਿੱਚ ਵੱਡੀਆਂ ਤਬਦੀਲੀਆਂ ਵਾਪਰਨਗੀਆਂ। ਮਨੁੱਖ ਦੀ ਸਾਲਾਂ ਦੀ ਸਿੱਖਿਆ ਅਰਥਹੀਣ ਹੋ ਕੇ ਰਹਿ ਜਾਵੇਗੀ। ਮਨੁੱਖ ਦੇ ਸਿੱਖਣ, ਸਮਝਣ, ਫੈਸਲੇ ਲੈਣ ਅਤੇ ਵਿਹਾਰ ਕਰਨ ਦੇ ਢੰਗ ਨੂੰ ਨਵੀ ਤਕਨੀਕ ਬਿਲਕੁਲ ਹੀ ਬਦਲ ਦੇਵੇਗੀ। ਅਜਿਹੀ ਸਥਿਤੀ ਹੋਵੇਗੀ, ਜੋ ਕੁਝ ਅਸੀਂ ਪੰਜ ਸਾਲ ਲਾ ਕੇ ਸਿੱਖਦੇ ਹਾਂ, ਉਹ ਕੰਮ 'ਏ ਆਈ' ਮਸ਼ੀਨਾਂ ਮਿੰਟਾਂ ਸਕਿੰਟਾਂ ਵਿੱਚ ਕਰਨ ਦੇ ਸਮਰੱਥ ਹੋਣਗੀਆਂ। ਫਿਲਹਾਲ ਬੋਤਲ ਚੋਂ ਕੱਢੇ ਗਏ 'ਏ ਆਈ' ਦੇ ਜਿੰਨ ਨੂੰ ਹੁਣ ਮੁੜ ਬੋਤਲ ਵਿੱਚ ਪਾਇਆ ਜਾਣਾ ਅਸੰਭਵ ਹੈ, ਪਰ ਅਜੇ ਸ਼ਾਇਦ ਵੇਲਾ ਹੈ ਕਿ ਇਸ ਦੀਆਂ ਹੱਦਾਂ ਨਿਰਧਾਰਤ ਕੀਤੀਆਂ ਜਾਣ। ਦੁਨੀਆ ਭਰ ਦੀਆਂ ਸਰਕਾਰਾਂ ਨੂੰ ਮਨੁੱਖੀ ਸੱਭਿਅਤਾ ਦੇ ਭਲੇ ਨੂੰ ਧਿਆਨ ਵਿੱਚ ਰੱਖਦਿਆਂ ਅਜਿਹਾ ਕਰਨਾ ਸਮੇਂ ਦੀ ਮੰਗ ਹੈ।

**# ਸੰਪਰਕ : 98550-51099**

# ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਕਿਰਤ ਕਮਿਸ਼ਨਰ ਦਫਤਰ ਵਿਖੇ ਧਰਨਾ

## ਮੋਦੀ ਸਰਕਾਰ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਨਫਰਤ ਫੈਲਾਅ ਕੇ ਦੇਸ਼ ਦੇ ਲੋਕਾਂ ਨੂੰ ਕਾਲੇ ਦੌਰ ਵੱਲ ਧੱਕ ਰਹੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਕਿਰਤ ਕਮਿਸ਼ਨਰ ਦਫਤਰ ਪਟਿਆਲਾ ਵਿਖੇ ਵਿਸ਼ਾਲ ਧਰਨਾ ਮਾਰਕੇ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਗਿਆ ਤੇ ਕਚਹਿਰੀ ਚੌਕ 'ਚ ਕੇਂਦਰੀ ਗ੍ਰਹਿ ਮੰਤਰੀ ਦਾ ਪੁਤਲਾ ਸਾੜਿਆ। ਅੱਜ ਸਵੇਰ ਤੋਂ ਹੀ ਵੱਡੀ ਗਿਣਤੀ 'ਚ ਮਜ਼ਦੂਰ, ਕਿਸਾਨ ਤੇ ਮੁਲਾਜ਼ਮ ਕੜਕਦੀ ਠੰਢ ਤੇ ਖਰਾਬ ਮੌਸਮ ਦੇ ਬਾਵਜੂਦ ਟਰੱਕ, ਟੈਂਪੂਆਂ ਤੇ ਬੱਸਾਂ 'ਤੇ ਸਵਾਰ ਹੋ ਕੇ ਝੰਡੇ, ਮਾਟੋ ਤੇ ਬੈਨਰਾਂ ਨਾਲ ਲੈਸ ਨਾਹਰੇ ਮਾਰਦੇ ਪੂਰੇ ਜੋਸ਼ੋ ਖਰੋਸ਼ ਨਾਲ ਇਸ ਧਰਨੇ 'ਚ ਪੁੱਜੇ। ਇਸ ਧਰਨੇ ਦੀ ਪ੍ਰਧਾਨਗੀ ਹਰੀ ਸਿੰਘ ਦੌਣ, ਸੁੱਚਾ ਸਿੰਘ ਕੌਲ, ਪ੍ਰਲਾਦ ਸਿੰਘ ਨਿਆਲ ਤੇ ਜਸਵਿੰਦਰ ਸਿੰਘ ਸੋਜਾ ਨੇ ਕੀਤੀ। ਧਰਨੇ 'ਚ ਜੁੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਦਰਸ਼ਨ ਸਿੰਘ ਬੇਲੂ ਮਾਜਰਾ, ਅਮਰਜੀਤ ਘਨੌਰ, ਰਾਜ ਕਿਸਨ ਨੂਰ ਖੇੜੀਆ ਤੇ ਸੁਖਪਾਲ ਸਿੰਘ ਕਾਦਰਾਬਾਦ ਨੇ ਕਿਹਾ ਕਿ ਭਾਜਪਾ ਦੀ ਮੋਦੀ ਸਰਕਾਰ ਵੱਲੋਂ ਲੋਕਾਂ ਦੇ ਬੁਨਿਆਦੀ ਮੁੱਦੇ ਰੁਜ਼ਗਾਰ, ਮਹਿੰਗਾਈ, ਭ੍ਰਿਸ਼ਟਾਚਾਰ ਹੱਲ ਕਰਨ ਦੀ ਬਜਾਏ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾ ਕੇ ਲੋਕਾਂ ਨੂੰ ਆਪਸ ਵਿੱਚ ਲੜਾਇਆ ਜਾ ਰਿਹਾ ਹੈ, ਘੱਟ ਗਿਣਤੀਆਂ 'ਤੇ ਜਬਰ ਢਾਇਆ ਜਾ ਰਿਹਾ ਹੈ, ਗਰੀਬ ਲੋਕਾਂ ਦੇ ਬੱਚੇ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ, ਭਾਜਪਾ ਸਰਕਾਰ ਵੱਲੋਂ ਪੰਜਾਬ ਵਿਰੁੱਧ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ, ਗੁਰੂਆਂ ਦੇ ਬਰਾਬਰਤਾ, ਸਾਂਝੀਵਾਲਤਾ ਤੇ ਜਾਤ ਵਿਰੋਧੀ ਫਲਸਫੇ ਵਿੱਚ ਖੋਟ ਰਲਾਇਆ ਜਾ ਰਿਹਾ ਹੈ, ਜਿੱਥੇ ਸਮੁੱਚੇ ਦੇਸ਼ ਵਿੱਚ ਨਫਰਤੀ ਮਾਹੌਲ ਪੈਦਾ ਕੀਤਾ ਜਾ ਰਿਹਾ, ਉੱਥੇ ਪੰਜਾਬ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਲਈ ਪਹਿਲਾਂ ਗਵਾਂਢੀ ਮੁਲਕ ਨਾਲ ਬਾਘਾ, ਅਟਾਰੀ ਤੇ ਹਸੈਨੀਵਾਲਾ ਬਾਰਡਰ ਬੰਦ ਕਰ ਦਿੱਤੇ, ਕਿਸਾਨਾਂ ਦੀਆਂ ਫਸਲਾਂ ਰੋਲ ਕੇ ਤੇ ਕੇਂਦਰੀ ਫੰਡ ਬੰਦ ਕਰਕੇ ਪੰਜਾਬ ਨੂੰ ਬਰਬਾਦੀ ਵੱਲ ਤੋਰਿਆ ਜਾ ਰਿਹਾ ਹੈ।ਪੰਜਾਬ ਦੀ ਰਾਜਧਾਨੀ 'ਚ ਹਰਿਆਣੇ ਦੀ ਰਾਜਧਾਨੀ ਬਣਾਉਣ ਦੀਆਂ ਚਾਲਾਂ ਵੀ ਪੰਜਾਬ ਨੂੰ ਕਾਲੇ ਦੌਰ ਵਾਰ ਧੱਕਣ ਲਈ ਇੱਕ ਸਾਜ਼ਿਸ਼ ਦਾ ਹਿੱਸਾ ਹਨ। ਉਨ੍ਹਾਂ ਕਿਹਾ ਕਿ ਜਨਤਕ ਜਥੇਬੰਦੀਆਂ ਦਾ ਸਾਂਝਾ ਮੋਰਚਾ ਆਪਣੇ ਤੌਰ 'ਤੇ ਅਤੇ ਜਮਹੂਰੀ ਤਾਕਤਾਂ ਨੂੰ ਨਾਲ ਲੈ ਕੇ ਲੋਕਾਂ ਦੇ ਹਿੱਤਾਂ ਦੀ ਲੜਾਈ ਲੜੇਗਾ। ਉਨ੍ਹਾਂ ਖੱਬੇ ਪੱਖੀ ਤੇ ਜਮਹੂਰੀ ਤਾਕਤਾਂ ਨੂੰ ਇੱਕ ਮੰਚ 'ਤੇ ਆ ਕੇ ਨੀਤੀਗਤ ਰਾਜਸੀ ਬਦਲ ਉਸਾਰਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਕਾਰਪੋਰੇਟ ਪੱਖੀ ਤੇ ਫਿਰਕਾਪ੍ਰਸਤ ਫਾਸ਼ੀਵਾਦੀ ਸਰਕਾਰ ਨੂੰ ਹਰਾਉਣ ਲਈ, ਮਜ਼ਦੂਰਾਂ, ਕਿਸਾਨਾਂ ਤੇ ਛੋਟੇ ਕਾਰੋਬਾਰੀਆਂ ਦੇ ਹਿੱਤਾਂ ਦੀ ਰਾਖੀ ਵਾਲਾ ਬਦਲ ਸਮੇਂ ਦੀ ਲੋੜ ਹੈ



ਇਕੱਤਰਤਾ ਨੂੰ ਸੰਬੋਧਨ ਕਰਦਿਆਂ ਪ੍ਰਕਾਸ਼ ਸਿੰਘ ਘਨੌਰ, ਬਲਵਿੰਦਰ ਮਡੌਲੀ, ਜਗਤਾਰ ਸਾਹਪੁਰ ਤੇ ਹਰਵੀਰ ਸੁਨਾਮ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਅਮਨ ਕਾਨੂੰਨ ਦੀ ਰਾਖੀ ਕਰਨ, ਨਸ਼ਾ ਮਾਫੀਆ, ਰੇਤਾ, ਬਜਰੀ ਮਾਫੀਆ ਤੇ ਟਰਾਂਸਪੋਰਟ ਮਾਫੀਆ ਨੂੰ ਕੰਟਰੋਲ ਕਰਨ 'ਚ ਅਸਫਲ ਸਾਬਿਤ ਹੋਈ ਹੈ। ਫਸਲਾਂ ਦੀ ਰਾਖੀ ਕਰਦੇ ਕਿਸਾਨ, ਹੱਕ ਮੰਗਦੇ ਮਜ਼ਦੂਰ, ਰੁਜ਼ਗਾਰ ਮੰਗਦੇ ਮੁੰਡੇ ਤੇ ਕੁੜੀਆਂ ਨੂੰ ਨਿੱਤ ਦਿਨ ਕੁੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਫਜ਼ੂਲ ਖਰਚੇ ਤੇ ਇਸ਼ਤਿਹਾਰਬਾਜ਼ੀ ਰਾਹੀਂ ਖਜ਼ਾਨਾ ਲੁਟਾਈ ਜਾ ਰਹੀ ਹੈ, ਪੰਜਾਬ ਦੇ ਦਹਾਕਿਆਂ ਤੋਂ ਲਟਕਦੇ ਮਸਲੇ ਚੰਡੀਗੜ੍ਹ ਪੰਜਾਬ ਨੂੰ ਦੇਣਾ, ਪੰਜਾਬ ਦੇ ਪਾਣੀ, ਪੰਜਾਬ ਦੇ ਡੈਮਾਂ ਦਾ ਕੰਟਰੋਲ, ਪੰਜਾਬ ਦਾ ਬਾਰਡਰ ਵਪਾਰ ਖੋਲ੍ਹਣ, ਨੌਜਵਾਨਾਂ ਨੂੰ ਪੱਕਾ ਰੁਜ਼ਗਾਰ ਅਤੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਦੇ ਹੱਲ ਲਈ ਜਥੇਬੰਦੀ ਵੱਲੋਂ ਫਰਵਰੀ ਮਹੀਨੇ ਚੰਡੀਗੜ੍ਹ ਵਿੱਚ ਵਿਸ਼ਾਲ ਇਕੱਠ ਕਰਕੇ ਸਰਕਾਰ ਨੂੰ ਮਸਲਿਆਂ ਦੇ ਹੱਲ ਲਈ ਮਜਬੂਰ ਕੀਤਾ ਜਾਵੇਗਾ। ਉਨ੍ਹਾਂ ਵਰਕਰਾਂ ਨੂੰ ਅੱਜ ਤੋਂ ਹੀ ਤਿਆਰੀ ਵਿੱਚ ਜੁੱਟ ਜਾਣ ਦਾ ਸੱਦਾ ਦਿੱਤਾ। ਅੱਜ ਦੀ ਇਕੱਤਰਤਾ ਵਿੱਚ ਹੋਰਨਾਂ ਤੋਂ ਇਲਾਵਾ ਧੰਨਾ ਸਿੰਘ ਦੌਣ ਕਲਾਂ, ਅਜੈਬ ਸਿੰਘ ਬਠੋਈ, ਮਾਸਟਰ ਗੁਰਬਚਨ ਸਿੰਘ, ਗੁਰਮੀਤ ਸਿੰਘ ਖਾਨਪੁਰ, ਗੁਰਦਿਆਲ ਸਿੰਘ ਬੀਬੀਪੁਰ, ਸਤਨਾਮ ਸਿੰਘ ਨਾਭਾ, ਵਿਪਨ ਕੁਮਾਰ ਤੇ ਰਣਧੀਰ ਸਿੰਘ ਕਾਦਰਾਬਾਦ ਨੇ ਸੰਬੋਧਨ ਕੀਤਾ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ 'ਸਟੇਟ ਹੈਲਥ ਏਜੰਸੀ ਪੰਜਾਬ' ਐਪ ਲਾਂਚ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰਾਜ ਵਿੱਚ ਸਿਹਤ ਖੇਤਰ ਨੂੰ ਮਜ਼ਬੂਤ ਕਰਨ ਲਈ ਹਰ ਉਪਰਾਲਾ ਕਰ ਰਹੀ ਹੈ ਤੇ ਇਸੇ ਲੜੀ ਵਿੱਚ ਪੰਜਾਬ ਦੇ ਲੋਕਾਂ ਲਈ ਮਿਆਰੀ ਸਿਹਤ ਸੇਵਾਵਾਂ ਤੱਕ ਆਸਾਨ ਪਹੁੰਚ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵੱਲ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਦਿਆਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਰਹਿਨੁਮਾਈ ਵਿੱਚ ਵਿਭਾਗ ਨੇ ਇੱਕ ਐਂਡਰੌਇਡ ਮੋਬਾਈਲ ਐਪਲੀਕੇਸ਼ਨ 'ਸਟੇਟ ਹੈਲਥ ਏਜੰਸੀ ਪੰਜਾਬ' ਲਾਂਚ ਕੀਤੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ: ਲਹਿੰਬਰ ਰਾਮ ਨੇ ਦੱਸਿਆ ਕਿ ਇਸ ਡਿਜੀਟਲ ਪਲੇਟਫਾਰਮ ਦੀ ਵਰਤੋਂ ਕਰਕੇ ਵਿਅਕਤੀ ਹੁਣ ਆਪਣੇ ਮੋਬਾਈਲ ਫੋਨਾਂ ਤੋਂ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਲਈ ਆਪਣੀ ਯੋਗਤਾ ਦੀ ਆਸਾਨੀ ਨਾਲ ਜਾਂਚ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਇਹ ਐਪ ਇਸ ਸਕੀਮ ਨਾਲ ਸੂਚੀਬੱਧ ਸਰਕਾਰੀ ਤੇ ਨਿੱਜੀ ਹਸਪਤਾਲਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦੀ ਹੈ, ਜਿੱਥੇ ਲੋੜਵੰਦ ਵਿਅਕਤੀ ਇਸ ਸਰਕਾਰੀ ਸਿਹਤ ਬੀਮਾ ਯੋਜਨਾ ਤਹਿਤ ਇਲਾਜ ਕਰਵਾ ਸਕਦੇ ਹਨ।ਸਿਵਲ ਸਰਜਨ ਨੇ ਦੱਸਿਆ ਕਿ ਫਾਜ਼ਿਲਕਾ ਜ਼ਿਲ੍ਹੇ ਵਿੱਚ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ 651918 ਲਾਭਪਾਤਰੀ ਹਨ।ਇਨ੍ਹਾਂ ਵਿੱਚੋਂ ਲਗਭਗ 388685 ਲਾਭਪਾਤਰੀ ਪਹਿਲਾਂ ਹੀ ਆਪਣੇ ਈ-ਕਾਰਡ ਬਣਾ ਚੁੱਕੇ ਹਨ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਆਮ ਲੋਕਾਂ ਨੂੰ ਸਿਹਤ ਬੀਮਾ ਯੋਜਨਾ ਸਬੰਧੀ ਕਾਰਡਾਂ ਲਈ ਆਪਣੀ ਯੋਗਤਾ ਦਾ ਪਤਾ ਲਗਾਉਣ ਲਈ ਸਰਕਾਰੀ ਹਸਪਤਾਲਾਂ ਜਾਂ ਸੇਵਾ ਕੇਂਦਰਾਂ ਵਿੱਚ ਜਾਣਾ ਪੈਂਦਾ ਸੀ।ਹੁਣ ਪੰਜਾਬ ਸਰਕਾਰ ਵੱਲੋਂ ਪ੍ਰਦਾਨ ਕੀਤੀ ਗਈ ਇਸ ਮਹੱਤਵਪੂਰਨ ਸਹੂਲਤ ਨਾਲ ਪੰਜਾਬ ਦੇ ਲੋਕ ਮੋਬਾਈਲ ਐਪ ਰਾਹੀਂ ਘਰ ਬੈਠੇ ਹੀ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਲਈ ਆਪਣੀ ਯੋਗਤਾ ਦੀ ਜਾਂਚ ਕਰ ਸਕਦੇ ਹਨ।ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ 'ਸਟੇਟ ਹੈਲਥ ਏਜੰਸੀ ਪੰਜਾਬ' ਐਪ 'ਤੇ ਆਪਣੀ ਯੋਗਤਾ ਦੀ ਜਾਂਚ ਕਰਕੇ ਆਪਣੇ ਕਾਰਡ ਬਣਾਉਣ ਲਈ ਪ੍ਰੇਰਿਤ ਕੀਤਾ।

# ਕੈਂਸਰ ਗੈਸ ਫੈਕਟਰੀ ਕਿਸੇ ਵੀ ਕੀਮਤ 'ਤੇ ਨਹੀਂ ਚੱਲਣ ਦੇਵਾਂਗੇ : ਅਖਾੜਾ ਸੰਘਰਸ਼ ਕਮੇਟੀ



**ਜਗਰਾਉਂ (ਅਮਿਤ ਖੰਨਾ)**-ਪਿੰਡ ਅਖਾੜਾ 'ਚ ਪਿਛਲੇ ਸਾਲ ਦੀ 30 ਅਪ੍ਰੈਲ ਤੋਂ ਚੱਲ ਰਹੇ ਲੋਕ ਸੰਘਰਸ਼ ਨੂੰ ਹੁਣ ਨਵੇਂ ਸਾਲ 'ਚ ਅੱਠ ਮਹੀਨੇ ਲੰਘ ਗਏ ਹਨ।ਇਸ ਸਬੰਧੀ ਇੱਥੇ ਧਰਨਾ ਸਥਲ ਤੇ ਬਾਇਓ ਗੈਸ ਫੈਕਟਰੀ ਵਿਰੋਧੀ ਸੰਘਰਸ਼ ਕਮੇਟੀ ਦੀ ਹੋਈ ਮੀਟਿੰਗ 'ਚ ਪ੍ਰਸ਼ਾਸਨ ਵੱਲੋਂ ਦਿੱਤੇ ਜਾ ਰਹੇ ਸੁਝਾਵਾਂ ਤੇ ਵੱਖ ਵੱਖ ਢੰਗਾਂ ਰਾਹੀ ਪਾਏ ਜਾ ਰਹੇ ਦਬਾਅ ਦਾ ਨੋਟਿਸ ਲੈਂਦਿਆਂ ਕਿਹਾ ਕਿ ਅਖਾੜਾ ਗੈਸ ਫੈਕਟਰੀ ਕਿਸੇ ਵੀ ਸੂਰਤ 'ਚ ਨਹੀਂ ਚੱਲਣ ਦਿੱਤੀ ਜਾਵੇਗੀ।ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੰਘਰਸ਼ ਕਮੇਟੀ ਦੇ ਆਗੂਆਂ ਗੁਰਤੇਜ ਸਿੰਘ ਤੇਜ ਤੇ ਸੁਖਜੀਤ ਸਿੰਘ ਅਖਾੜਾ ਨੇ ਦੱਸਿਆ ਕਿ ਹੈਰਾਨੀ ਤੇ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਸਰਕਾਰ ਨਾਲ ਤਾਲਮੇਲ ਕਮੇਟੀ ਦੀਆਂ ਵੱਖ ਵੱਖ ਪੱਧਰਾਂ 'ਤੇ ਹੋਈਆਂ ਅਨੇਕਾਂ ਮੀਟਿੰਗਾਂ 'ਚ ਇਹ ਸਾਬਿਤ ਕਰਨ ਦੇ ਬਾਵਜੂਦ ਕਿ ਇਹ ਫ਼ੈਕਟਰੀਆਂ ਜਨਸਿਹਤ ਤੇ ਵਾਤਾਵਰਣ ਦੀ ਤਬਾਹੀ ਦਾ ਸੰਦ ਹਨ, ਸਰਕਾਰ ਇਨ੍ਹਾਂ ਲੋਕ ਵਿਰੋਧੀ ਫ਼ੈਕਟਰੀਆਂ ਨੂੰ ਪੱਕੇ ਤੌਰ 'ਤੇ ਬੰਦ ਨਹੀਂ ਕਰ ਰਹੀਆਂ।ਉਨ੍ਹਾਂ ਕਿਹਾ ਕਿ ਹਾਈਕੋਰਟ 'ਚ ਪੰਜਾਬ ਸਰਕਾਰ ਵੱਲੋਂ ਅਪਣੇ ਵਕੀਲ ਰਾਹੀਂ ਸਹੀ ਪੱਖ ਨਹੀਂ ਰੱਖੇ ਜਾ ਰਹੇ।ਕੋਰਟ ਨੂੰ ਸਾਰੀ ਹਕੀਕਤ ਤੋਂ ਹਨੇਰੇ 'ਚ ਰੱਖ ਕੇ ਸਬੰਧਤ ਪਿੰਡਾਂ ਦੇ ਲੋਕਾਂ ਦੇ ਵਿਸ਼ਵਾਸ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।ਤਾਲਮੇਲ ਕਮੇਟੀ ਵੱਲੋਂ ਇਨ੍ਹਾਂ ਫ਼ੈਕਟਰੀਆਂ ਨੂੰ ਵਿਗਿਆਨਕ ਆਧਾਰ 'ਤੇ ਕੈਂਸਰ ਫ਼ੈਕਟਰੀਆਂ ਸਾਬਿਤ ਕਰਨ ਦੇ ਬਾਵਜੂਦ ਪੰਜਾਬ ਸਰਕਾਰ ਜਾਣਬੁੱਝ ਕੇ ਸਮਾਂ ਟਪਾ ਰਹੀ ਹੈ।ਲੋਕ ਸਭਾ ਚੋਣਾਂ 'ਚ ਇਨ੍ਹਾਂ ਸਬੰਧਤ ਪਿੰਡਾਂ ਵੱਲੋਂ ਮੁਕੰਮਲ ਬਾਈਕਾਟ ਕਰਨ ਦੇ ਬਾਵਜੂਦ ਸਰਕਾਰ ਨੇ ਕੰਧ 'ਤੇ ਲਿਖਿਆ ਅਜੇ ਤੱਕ ਨਹੀਂ ਪੜ੍ਹਿਆ।ਉਨ੍ਹਾਂ ਕਿਹਾ ਕਿ ਪੁਲਸੀਆ ਜ਼ੋਰ ਜਬਰ ਕਿਸੇ ਵੀ ਹਾਲਤ 'ਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ 6 ਜਨਵਰੀ ਨੂੰ ਸਮੁੱਚੇ ਪਿੰਡ ਦੇ ਲੋਕਾਂ ਤੇ ਪੰਚਾਇਤ ਦੀ ਗੁਰਦੁਆਰਾ ਸਾਹਿਬ ਦੇ ਸਰੋਵਰ 'ਤੇ ਇੱਕਤਰਤਾ ਕੀਤੀ ਜਾਵੇਗੀ, ਜਿਸ ਵਿੱਚ ਅਗਲੇ ਐਕਸ਼ਨ ਪ੍ਰੋਗਰਾਮ ਦਾ ਐਲਾਨ ਕੀਤਾ ਜਾਵੇਗਾ।

ਇਸ ਮੀਟਿੰਗ 'ਚ ਸਰਪੰਚ ਪਤੀ ਜਸਬੀਰ ਸਿੰਘ, ਹਰਦੇਵ ਸਿੰਘ ਅਖਾੜਾ, ਸਵਰਨ ਸਿੰਘ, ਜਗਦੇਵ ਸਿੰਘ, ਹਰਦੀਪ ਸਿੰਘ ਦੀਪਾ, ਦਰਸ਼ਨ ਸਿੰਘ, ਮਨਿੰਦਰ ਸਿੰਘ, ਬਹਾਦਰ ਸਿੰਘ ਸਮੇਤ ਸਮੂਹ ਪੰਚਾਇਤ ਤੇ ਕਮੇਟੀ ਮੈਂਬਰ ਆਦਿ ਹਾਜ਼ਰ ਸਨ।

## ਕਾਤਰਾਂ

### ਭਾਗੀਕੇ-ਮਾਛੀਕੇ ਸੜਕ ਦੀ ਹਾਲਤ ਖਸਤਾ

**ਨਿਹਾਲ ਸਿੰਘ ਵਾਲਾ (ਲਵਲੀ)**-ਨਿਹਾਲ ਹਲਕਾ ਅਧੀਨ ਪੈਂਦੇ ਪਿੰਡ ਭਾਗੀਕੇ ਤੋਂ ਮਾਛੀਕੇ ਨੂੰ ਜਾ ਰਹੀ ਸੜਕ ਦੀ ਹਾਲਤ ਖਸਤਾ ਬਣੀ ਹੋਈ ਹੈ। ਇਸ ਸੜਕ ਉੱਪਰ ਰੋਜ਼ਾਨਾ ਵਾਹਨਾਂ ਦਾ ਲੰਘਣਾ ਬਣਿਆ ਰਹਿੰਦਾ ਹੈ। ਇਸ ਸੜਕ ਉੱਪਰ ਵੱਡੇ ਵੱਡੇ ਟੋਏ ਬਣੇ ਹੋਏ ਹਨ, ਜੋ ਹਾਦਸਿਆਂ ਦਾ ਕਾਰਨ ਬਣਦੇ ਹਨ। ਇਸ ਟੁੱਟੀ ਹੋਈ ਸੜਕ ਉੱਪਰ ਕਈ ਵਾਰ ਲੋਕ ਲੁੱਟ ਦਾ ਸ਼ਿਕਾਰ ਹੋ ਚੁੱਕੇ ਹਨ। ਦੋਨਾਂ ਪਿੰਡਾਂ ਦੇ ਲੋਕਾਂ ਨੇ ਪੰਜਾਬ ਸਰਕਾਰ ਤੇ ਸੜਕ ਮਹਿਕਮੇ ਤੋਂ ਮੰਗ ਕੀਤੀ ਹੈ ਕਿ ਇਸ ਸੜਕ ਨੂੰ ਤਰੁੰਤ ਬਣਾਇਆ ਜਾਵੇ ਤਾਂ ਜੋ ਲੋਕਾਂ ਨੂੰ ਲੁੱਟ ਤੇ ਹਾਦਸਿਆਂ ਦਾ ਸ਼ਿਕਾਰ ਨਾ ਹੋਣਾ ਪਵੇ।

### ਨਵੇਂ ਸਾਲ ਦੇ ਆਗਮਨ ਮੌਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਾਠ ਕਰਵਾਇਆ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਨਵੇਂ ਸਾਲ ਦੇ ਆਗਮਨ ਮੌਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ।ਸੁਖਮਨੀ ਸਾਹਿਬ ਦੇ ਭੋਗ ਪੈਣ ਉਪਰੰਤ ਡਿਪਟੀ ਕਮਿਸ਼ਨਰ ਫਾਜ਼ਿਲਕਾ ਸ੍ਰੀਮਤੀ ਅਮਰਪ੍ਰੀਤ ਕੌਰ ਸੰਧੂ ਨੇ ਸਮੂਹ ਸਟਾਫ ਤੇ ਜ਼ਿਲ੍ਹਾ ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਕਿ ਨਵਾਂ ਸਾਲ ਸਭਨਾਂ ਲਈ ਖੁਸ਼ੀਆਂ ਭਰਿਆ ਹੋਵੇ।ਇਸ ਮੌਕੇ ਪਾਠ ਉਪਰੰਤ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਨਵੇਂ ਸਾਲ ਵਿੱਚ ਆਪਣੀ ਡਿਊਟੀ ਪੂਰੀ ਤਨਦੇਹੀ, ਇਮਾਨਦਾਰੀ ਤੇ ਜ਼ਿੰਮੇਵਾਰੀ ਨਾਲ ਕਰਨ ਲਈ ਕਿਹਾ। ਰਾਗੀ ਜੱਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤ ਨੂੰ ਨਿਹਾਲ ਕੀਤਾ ਗਿਆ।ਸੁਖਮਨੀ ਸਾਹਿਬ ਦੇ ਭੋਗ ਪੈਣ ਉਪਰੰਤ ਡਿਪਟੀ ਕਮਿਸ਼ਨਰ ਨੂੰ ਸਿਰੋਪਾ ਵੀ ਭੇਟ ਕੀਤਾ ਗਿਆ।ਇਸ ਉਪਰੰਤ ਸਮੂਹ ਸੰਗਤ ਨੂੰ ਗੁਰੂ ਕਾ ਅਟੁੱਟ ਲੰਗਰ ਵੀ ਵਰਤਾਇਆ ਗਿਆ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਡਾ. ਮਨਦੀਪ ਕੌਰ, ਐੱਸ.ਡੀ.ਐੱਮ. ਕੰਵਰਜੀਤ ਸਿੰਘ, ਮੁੱਖ ਖੇਤੀਬਾੜੀ ਅਫਸਰ ਸੰਦੀਪ ਕੁਮਾਰ, ਤਹਿਸੀਲ ਭਲਾਈ ਅਫਸਰ ਅਸ਼ੋਕ ਕੁਮਾਰ, ਸੁਪਰਡੈਂਟ ਪ੍ਰਦੀਪ ਗੱਖੜ ਤੇ ਰਾਮ ਰਤਨ ਤੋਂ ਇਲਾਵਾ ਸਮੂਹ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

### 265 ਗ੍ਰਾਮ ਹੈਰੋਇਨ ਸਮੇਤ ਪੁਲਸ ਅੜਿੱਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਤਸਕਰ ਨੂੰ 265 ਗ੍ਰਾਮ ਹੈਰੋਇਨ ਤੇ 1 ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਥਾਣਾ ਸਦਰ ਫਿਰੋਜ਼ਪੁਰ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸੀਆਈਏ ਸਟਾਫ ਫਿਰੋਜ਼ਪੁਰ ਦੇ ਸਬ ਇੰਸਪੈਕਟਰ ਸੁਖਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਇਲਾਕੇ ਵਿੱਚ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਹਰਬੰਸ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਪਿੰਡ ਅਲੀ ਕੇ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ, ਜੋ ਅੱਜ ਵੀ ਮੋਟਰਸਾਈਕਲ 'ਤੇ ਹੈਰੋਇਨ ਵੇਚਣ ਲਈ ਪਿੰਡ ਬਾਰੇ ਕੇ ਸਾਇਡ ਤੋਂ ਕਿਲ੍ਹੇਵਾਲਾ ਚੌਕ ਵੱਲ ਆ ਰਿਹਾ ਹੈ। ਜਾਂਚਕਰਤਾ ਸੁਖਬੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਉਸ ਦੇ ਕਬਜ਼ੇ ਵਿੱਚੋਂ 265 ਗ੍ਰਾਮ ਹੈਰੋਇਨ ਤੇ ਇਕ ਮੋਟਰਸਾਈਕਲ ਹੀਰੋ ਡੀਲਕਸ ਬਰਾਮਦ ਹੋਇਆ।

# ਵਿਆਹੁਤਾ ਨੂੰ ਕੁੱਟਮਾਰ ਕਰਕੇ ਘਰੋਂ ਕੱਢਿਆ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ 'ਚ ਇੱਕ ਵਿਆਹੁਤਾ ਕੋਲੋਂ ਹੋਰ ਦਾਜ ਮੰਗਣ ਤੇ ਕੁੱਟਮਾਰ ਕਰਕੇ ਉਸ ਨੂੰ ਘਰੋਂ ਬਾਹਰ ਕੱਢਣ ਦੇ ਦੋਸ਼ ਵਿੱਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਸਹੁਰੇ ਪਰਵਾਰ ਦੇ 5 ਮੈਂਬਰਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਵੀਰ ਸਿੰਘ ਨੇ ਦੱਸਿਆ ਕਿ ਦਰਖਾਸਤ/ਯੂਆਈਡੀ ਨੰਬਰ 419212 ਰਾਹੀਂ ਰਾਜਬੀਰ ਕੌਰ ਪੁੱਤਰੀ ਜੁਗਰਾਜ ਸਿੰਘ ਵਾਸੀ ਪਿੰਡ ਮਨਸੂਰਵਾਲ ਕਲਾਂ ਜ਼ਿਲ੍ਹਾ ਫਿਰੋਜ਼ਪੁਰ ਨੇ ਦੱਸਿਆ ਕਿ ਉਸ ਦਾ ਵਿਆਹ ਰਸ਼ਪਾਲ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਜੰਤੂ ਖੋਸਾ ਕੋਠੇ ਚੜਿੱਕ ਜ਼ਿਲ੍ਹਾ ਮੋਗਾ ਨਾਲ 31 ਮਾਰਚ 2021 ਨੂੰ ਹੋਇਆ ਸੀ, ਵਿਆਹ ਸਮੇਂ ਉਸ ਦੇ ਮਾਤਾ ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ ਦਹੇਜ ਇਸਤਰੀ ਧਨ ਵਜੋਂ ਦਿੱਤਾ ਸੀ, ਪਰ ਦੋਸ਼ੀਆਨ ਇਸ ਤੋਂ ਖੁਸ਼ ਨਹੀਂ ਸਨ। ਰਾਜਬੀਰ ਕੌਰ ਨੇ ਦੱਸਿਆ ਕਿ ਦੋਸ਼ੀਆਨ ਰਸ਼ਪਾਲ ਸਿੰਘ, ਸਹੁਰਾ ਨਿਰਮਲ ਸਿੰਘ ਪੁੱਤਰ ਹਰਪਾਲ ਸਿੰਘ, ਸੱਸ ਹਰਦੀਪ ਕੌਰ ਵਾਸੀ ਜੰਤੂ ਖੋਸਾ ਕੋਠੇ ਚੜਿੱਕ ਜ਼ਿਲ੍ਹਾ ਮੋਗਾ, ਕੁਲਵੀਰ ਕੌਰ ਪੁੱਤਰੀ ਨਿਰਮਲ ਸਿੰਘ, ਜਸਵੰਤ ਸਿੰਘ ਪੁੱਤਰ ਬਲਜਿੰਦਰ ਸਿੰਘ ਵਾਸੀਅਨ ਪਿੰਡ ਮਾਹਲਾ, ਬਾਘਾ ਪੁਰਾਣਾ ਜ਼ਿਲ੍ਹਾ ਮੋਗਾ, ਜੋ ਉਸ ਨੂੰ ਘੱਟ ਦਾਜ ਦਹੇਜ ਲਿਆਉਣ ਕਰਕੇ ਤੰਗ ਪ੍ਰੇਸ਼ਾਨ ਕਰਨ ਲੱਗੇ ਤੇ ਹੋਰ ਦਾਜ ਦੀ ਮੰਗ ਕਰਦੇ ਸਨ, ਜਿਸ 'ਤੇ ਉਸ ਵੱਲੋਂ ਇਨਕਾਰ ਕਰਨ 'ਤੇ ਉਸ ਨੂੰ ਕੁੱਟਮਾਰ ਕਰਕੇ ਘਰੋਂ ਕੱਢ ਦਿੱਤਾ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਵੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਬਾਅਦ ਪੜਤਾਲ ਉਕਤ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਰਜਿਸਟਰ ਕਰ ਲਿਆ ਹੈ।

# ਪੰਜਾਬ ਰੋਡਵੇਜ਼/ਪਨਬਸ ਦੀ ਸਾਂਝੀ ਐਕਸ਼ਨ ਕਮੇਟੀ ਦੇ ਸੱਦੇ 'ਤੇ ਮੁਲਾਜ਼ਮਾਂ ਵੱਲੋਂ ਗੇਟ ਰੈਲੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਰੋਡਵੇਜ਼/ਪਨਬਸ ਦੀ ਸਾਂਝੀ ਐਕਸ਼ਨ ਕਮੇਟੀ ਦੇ ਸੱਦੇ 'ਤੇ ਡਿੱਪੂ ਫਿਰੋਜ਼ਪੁਰ ਦੇ ਗੇਟ 'ਤੇ ਭਰਵੀਂ ਗੇਟ ਰੈਲੀ ਕੀਤੀ ਗਈ। ਗੇਟ ਰੈਲੀ ਵਿੱਚ ਬੋਲਦਿਆਂ ਵੱਖ ਵੱਖ ਭਰਾਤਰੀ ਜਥੇਬੰਦੀਆਂ ਦੇ ਬੁਲਾਰਿਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਪੰਜਾਬ ਰੋਡਵੇਜ਼ ਮਹਿਕਮੇ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਤਿਆਰੀ ਵਿੱਚ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਦੱਸਿਆ ਕਿ ਮਹਿਕਮੇ ਵਿੱਚ ਕੰਮ ਕਰਦੀਆਂ ਵੱਖ ਵੱਖ ਕੈਟਾਗਿਰੀਆਂ ਦੀਆਂ ਪ੍ਰਮੋਸ਼ਨਾਂ ਨੂੰ ਸਮੇਂ ਅਨੁਸਾਰ ਨਹੀਂ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਮਹਿਕਮੇ ਵਿੱਚ ਨਵੀਆਂ ਬੱਸਾਂ ਨਹੀਂ ਪਾਈਆਂ ਜਾ ਰਹੀਆਂ ਅਤੇ ਨਾ ਹੀ ਕਰਜ਼ਾ ਮੁਕਤ ਬੱਸਾਂ ਨੂੰ ਰੋਡਵੇਜ਼ ਦੇ ਫਲੀਟ ਵਿੱਚ ਮਰਜ਼ ਕੀਤਾ ਜਾ ਰਿਹਾ ਹੈ। ਆਗੂਆਂ ਨੇ ਇਹ ਵੀ ਦੱਸਿਆ ਹੈ ਕਿ ਮਹਿਕਮੇ ਵਿੱਚ ਉਮਰ ਪੂਰੀ ਕਰ ਚੁੱਕੇ ਕਰਮਚਾਰੀਆਂ ਨੂੰ ਰਿਟਾਇਰ ਤਾਂ ਕੀਤਾ ਜਾ ਰਿਹਾ ਹੈ, ਪਰ ਉਨ੍ਹਾਂ ਖਾਲੀ ਹੋਈਆਂ ਪੋਸਟਾਂ ਤੇ ਨਾ ਤਾਂ ਪੱਕੀ ਭਰਤੀ ਕੀਤੀ ਜਾ ਰਹੀ ਹੈ ਅਤੇ ਨਾ ਹੀ ਮਹਿਕਮੇ ਵਿੱਚ ਪਿਛਲੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਕੰਟਰੈਕਟ/ਆਊਟਸੋਰਸਿੰਗ 'ਤੇ ਰੱਖੇ ਕਾਮਿਆਂ ਨੂੰ ਬਿਨਾਂ ਕਿਸੇ ਸ਼ਰਤ ਪੱਕਾ ਕੀਤਾ ਜਾ ਰਿਹਾ ਹੈ।

ਆਗੂਆਂ ਨੇ ਮਹਿਕਮੇ ਦੀ ਚਿੰਤਾ ਕਰਦੇ ਹੋਏ ਇਹ ਵੀ ਦੱਸਿਆ ਕਿ ਸਰਕਾਰ ਪੁਨਰਗਠਨ ਦੇ ਨਾਮ ਤੇ ਮਹਿਕਮੇ ਵਿੱਚ ਜਿਵੇਂ ਡਰਾਈਵਰ, ਕੰਡਕਟਰ, ਕਲਰਕ ਅਤੇ ਵਰਕਸ਼ਾਪ ਸਟਾਫ ਆਦਿ ਦੀਆਂ ਪੋਸਟਾਂ ਨੂੰ ਖਤਮ ਕਰਕੇ ਮਹਿਕਮੇ ਦਾ ਨਿੱਜੀਕਰਨ ਕਰਨ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਜੇਕਰ ਪੰਜਾਬ ਸਰਕਾਰ ਪੰਜਾਬ ਰੋਡਵੇਜ਼ ਮਹਿਕਮੇ ਤੇ ਮਹਿਕਮੇ ਵਿੱਚ ਕੰਮ ਕਰਦੇ ਹਜ਼ਾਰਾਂ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਜਲਦੀ ਪੂਰਾ ਨਹੀਂ ਕਰਦੀ ਹੈ ਤਾਂ ਆਉਣ ਵਾਲੀ 4 ਜਨਵਰੀ ਨੂੰ ਟਰਾਂਸਪੋਰਟ ਮੰਤਰੀ ਦੇ ਘਰ ਪੱਟੀ ਵਿਖੇ ਧਰਨਾ ਦਿੱਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਏਟਕ ਜਥੇਬੰਦੀ ਤੋਂ ਜਨਰਲ ਸਕੱਤਰ ਜਗਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਅਰਜੁਨ ਚੋਪੜਾ, ਕਰਮਚਾਰੀ ਦਲ ਜਥੇਬੰਦੀ ਤੋਂ ਪ੍ਰਧਾਨ ਮਹਿੰਦਰ ਸਿੰਘ, ਮੀਤ ਪ੍ਰਧਾਨ ਦਵਿੰਦਰ ਕੁਮਾਰ, ਇਟਕ ਜਥੇਬੰਦੀ ਤੋਂ ਸਾਬਕਾ ਪ੍ਰਧਾਨ ਬਲਵੀਰ ਸਿੰਘ ਸੰਧੂ, ਮੀਤ ਪ੍ਰਧਾਨ ਗੁਰਭੇਜ ਸਿੰਘ, ਮਨਿਸਟਰੀਅਲ ਜਥੇਬੰਦੀ ਤੋਂ ਮੀਤ ਪ੍ਰਧਾਨ ਜਸਕਰਨ ਸਿੰਘ, ਜੁਆਇੰਟ ਸਕੱਤਰ ਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਬੇਸਿਕ ਸਕੂਲ ਦੀ ਇਮਾਰਤ ਸੰਬੰਧੀ ਫਿਰ ਮਿਲਿਆ ਭਰੋਸਾ



**ਜਗਰਾਉਂ (ਅਮਿਤ ਖੰਨਾ)**-ਸੀਨੀਅਰ ਸਿਟੀਜਨਜ਼ ਸੰਘਰਸ਼ ਕਮੇਟੀ ਤੇ ਡੀ ਟੀ ਐੱਫ਼ ਜਥੇਬੰਦੀ ਦੇ ਅਹੁਦੇਦਾਰ ਐੱਸ ਡੀ ਐੱਮ ਜਗਰਾਉਂ ਕਰਨਬੀਰ ਸਿੰਘ ਨੂੰ ਬੇਸਿਕ ਸਕੂਲ ਦੀ ਇਮਾਰਤ ਹੋਮਗਾਰਡ ਦਫ਼ਤਰ ਤੋਂ ਵਾਪਸ ਕਰਵਾਉਣ ਸਬੰਧੀ ਡੀ ਸੀ ਲੁਧਿਆਣਾ ਵੱਲੋਂ ਜਾਰੀ 20 ਸਤੰਬਰ ਦੇ ਹੁਕਮ ਲਾਗੂ ਕਰਵਾਉਣ ਸਬੰਧੀ ਮਿਲੇ।ਉਨ੍ਹਾ ਹੈਰਾਨੀ ਜ਼ਾਹਰ ਕੀਤੀ ਕਿ ਸਾਢੇ ਤਿੰਨ ਮਹੀਨੇ ਲੰਘ ਜਾਣ ਉਪਰੰਤ ਵੀ ਇਹ ਹੁਕਮ ਲਾਗੂ ਨਹੀਂ ਕਰਵਾਏ ਜਾ ਰਹੇ, ਜਦੋਂ ਕਿ ਹੁਕਮ 15 ਦਿਨ 'ਚ ਇੰਨ ਬਿੰਨ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ।ਲੰਬੀ ਛੁੱਟੀ 'ਤੇ ਜਾਣ ਬਾਅਦ ਬੀਤੇ ਦਿਨ ਹਾਜ਼ਰ ਹੋਏ ਐੱਸ ਡੀ ਐੱਮ ਵੱਲੋਂ ਕਮੇਟੀ ਨੂੰ ਭਰੋਸਾ ਦਿੱਤਾ ਗਿਆ ਕਿ ਇਸ ਸੰਬੰਧੀ ਪੁਲਸ ਪ੍ਰਸ਼ਾਸਨ ਨੂੰ ਮੁੜ ਯਾਦ ਪੱਤਰ ਆਉਂਦੇ ਤਿੰਨ ਚਾਰ ਦਿਨਾਂ ਵਿੱਚ ਲਿਖਿਆ ਜਾਵੇਗਾ।ਆਗੂਆਂ ਨੇ ਦੱਸਿਆ ਕਿ ਸਕੂਲ ਦੇ ਲਗਪਗ ਪੌਣੇ ਚਾਰ ਸੌ ਬੱਚੇ ਹਨ ਤੇ ਕਮਰੇ ਸੱਤ ਹੀ ਹਨ, ਇਸ ਕਰਕੇ ਅੱਧੀਆਂ ਜਮਾਤਾਂ ਕਮਰੇ ਪੂਰੇ ਨਾ ਹੋਣ ਕਾਰਨ ਇਸ ਠੰਢ ਦੇ ਮੌਸਮ ਵਿੱਚ ਵੀ ਬਾਹਰ ਹੀ ਲਗਾਉਣੀਆਂ ਪੈਣਗੀਆਂ। ਅੱਠ ਤਰੀਕ ਤੋਂ ਦੁਬਾਰਾ ਸਕੂਲ ਖੁਲ੍ਹਣੇ ਹਨ, ਇਸ ਕਰਕੇ ਇਹ ਇਮਾਰਤ ਹੁਣ ਸਕੂਲ ਨੂੰ ਬਿਨਾਂ ਹੋਰ ਦੇਰੀ ਵਾਪਸ ਮਿਲਣੀ ਚਾਹੀਦੀ ਹੈ।ਆਗੂਆਂ ਨੇ ਬਾਅਦ ਵਿੱਚ ਆਪਣੀ ਮੀਟਿੰਗ ਕੀਤੀ ਤੇ ਮਹਿਸੂਸ ਕੀਤਾ ਕਿ ਇਸ ਮਾਮਲੇ ਵਿੱਚ ਲਾਲ ਫੀਤਾਸ਼ਾਹੀ ਵਾਲੀ ਨੀਤੀ ਨਾਲ ਸਮਾਂ ਟਪਾਇਆ ਜਾ ਰਿਹਾ ਹੈ।ਡਿਪਟੀ ਕਮਿਸ਼ਨਰ ਦੇ ਹੁਕਮਾਂ ਨੂੰ ਇਸ ਤਰ੍ਹਾਂ ਅੱਖੋਂ ਪਰੋਖੇ ਕਰਨਾ, ਲਾਲ ਫੀਤਾਸ਼ਾਹੀ ਸਿਸਟਮ ਦਰਸਾ ਰਿਹਾ ਹੈ।ਮੌਜੂਦਾ ਐੱਮ ਐੱਲ ਏ ਜਗਰਾਉਂ ਦਾ ਵੀ ਇਸ ਮਸਲੇ 'ਤੇ ਲਗਾਤਾਰ ਚੁੱਪ ਧਾਰੀ ਰੱਖਣਾ, ਮੌਜੂਦਾ ਸਰਕਾਰ ਦੀ ਸਿਹਤ ਤੇ ਸਿੱਖਿਆ ਸਬੰਧੀ ਮਾੜੀ ਸੋਚ ਨੂੰ ਜੱਗ ਜ਼ਾਹਰ ਕਰ ਰਿਹਾ ਹੈ।ਇਸ ਸਬੰਧੀ ਅਗਲੀ ਰਣਨੀਤੀ ਤਿਆਰ ਕਰਨ ਲਈ ਆਉਂਦੇ ਦਿਨਾਂ ਵਿੱਚ ਫਿਰ ਮਿਲਿਆ ਜਾਵੇਗਾ।

ਆਗੂਆਂ ਨੇ ਕਿਹਾ ਕਿ ਸਾਡੇ ਪਾਸ ਸੰਘਰਸ਼ ਹੀ ਇਕੋ ਇੱਕ ਰਾਹ ਹੈ।ਅੱਜ ਦੀ ਮੀਟਿੰਗ ਵਿੱਚ ਅਵਤਾਰ ਸਿੰਘ, ਜੋਗਿੰਦਰ ਆਜ਼ਾਦ, ਬਲਵਿੰਦਰ ਸਿੰਘ, ਦਰਸ਼ਨ ਸਿੰਘ, ਹਰਭਜਨ ਸਿੰਘ ਸਿੱਧੂ, ਅਸ਼ੋਕ ਭੰਡਾਰੀ, ਦਵਿੰਦਰ ਸਿੰਘ ਸਿੱਧੂ, ਰਾਣਾ ਆਲਮਦੀਪ, ਸੁਧੀਰ ਝਾਂਜੀ, ਹਰਦੀਪ ਸਿੰਘ ਕਾਉਂਕੇ, ਹਰਪ੍ਰੀਤ ਸਿੰਘ ਮਲਕ, ਹਰਦੀਪ ਸਿੰਘ ਰਸੂਲਪੁਰ, ਸ਼ਰਨਜੀਤ ਸਿੰਘ, ਪਵਨਦੀਪ ਸਿੰਘ ਆਦਿ ਹਾਜ਼ਰ ਸਨ।

# ਗੁਰੂ ਹਰਸਹਾਏ ਪ੍ਰੈੱਸ ਕਲੱਬ ਤੇ ਐਂਟੀ ਕੁਰੱਪਸ਼ਨ ਬਿਊਰੋ ਨੇ ਵਾਹਨਾਂ 'ਤੇ ਰਿਫਲੈਕਟਰ ਲਗਾਏ

## ਹਲਕਾ ਵਿਧਾਇਕ ਫੌਜਾ ਸਿੰਘ ਸਰਾਰੀ ਤੇ ਐੱਸ ਐੱਚ ਓ ਨੇ ਰਿਫਲੈਕਟਰ ਲਾ ਕੇ ਕਰਵਾਈ ਸ਼ੁਰੂਆਤ



**ਗੁਰੂ ਹਰਸਹਾਏ (ਫਕੀਰ ਚੰਦ ਸਿਕਰੀ)**

ਦੀ ਗੁਰੂ ਹਰਸਹਾਏ ਪ੍ਰੈੱਸ ਕਲੱਬ ਤੇ ਐਂਟੀ ਕੁਰੱਪਸ਼ਨ ਬਿਊਰੋ ਗੁਰੂ ਹਰਸਹਾਏ ਵੱਲੋਂ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਡੀ.ਐੱਸ.ਪੀ. ਗੁਰੂ ਹਰਸਹਾਏ ਸਤਨਾਮ ਸਿੰਘ ਦੀ ਰਹਿਨੁਮਾਈ ਹੇਠ ਲਾਈਟਾਂ ਵਾਲੇ ਚੌਕ 'ਤੇ ਧੁੰਦ ਦੇ ਮੱਦੇਨਜ਼ਰ ਵਾਹਨਾਂ 'ਤੇ ਰਿਫਲੈਕਟਰ ਲਗਾਏ ਗਏ।ਇਸ ਸਬੰਧੀ ਜਾਣਕਾਰੀ ਦਿੰਦਿਆਂ ਦੀ ਗੁਰੂ ਹਰਸਹਾਏ ਪ੍ਰੈੱਸ ਕਲੱਬ ਦੇ ਪ੍ਰਧਾਨ ਕਪਿਲ ਕੰਧਾਰੀ ਤੇ ਐਂਟੀ ਕੁਰੱਪਸ਼ਨ ਬਿਊਰੋ ਇੰਡੀਆ ਗੁਰੂ ਹਰਸਹਾਏ ਦੇ ਪ੍ਰਧਾਨ ਸੰਦੀਪ ਕੰਬੋਜ ਨੇ ਦੱਸਿਆ ਕਿ ਅੱਜ ਧੁੰਦ ਦੇ ਮੱਦੇਨਜ਼ਰ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਦੇ ਨਾਲ ਵੱਖ-ਵੱਖ ਵਾਹਨਾਂ 'ਤੇ ਰਿਫਲੈਕਟਰ ਲਗਾਏ ਗਏ ਹਨ। ਉਨ੍ਹਾਂ ਨੇ ਦੱਸਿਆ ਕਿ ਵਾਹਨਾਂ 'ਤੇ ਰਿਫਲੈਕਟਰ ਲਗਾਉਣ ਦੀ ਸ਼ੁਰੂਆਤ ਹਲਕਾ ਵਿਧਾਇਕ ਗੁਰੂ ਹਰਸਹਾਏ ਫੌਜਾ ਸਿੰਘ ਸਰਾਰੀ ਤੇ ਥਾਣਾ ਮੁਖੀ ਗੁਰੂ ਹਰਸਹਾਏ ਜਸਵਿੰਦਰ ਸਿੰਘ ਬਰਾੜ ਨੇ ਵਾਹਨਾਂ 'ਤੇ ਰਿਫਲੈਕਟਰ ਲਗਾ ਕੇ ਕਰਵਾਈ।

ਇਸ ਮੌਕੇ ਦੀ ਗੁਰੂ ਹਰਸਹਾਏ ਪ੍ਰੈੱਸ ਕਲੱਬ ਦੇ ਪ੍ਰਧਾਨ ਕਪਿਲ ਕੰਧਾਰੀ, ਉੱਪ ਪ੍ਰਧਾਨ ਮਨਜੀਤ ਸਿਊਣਾ, ਚੇਅਰਮੈਨ ਸੁਨੀਲ ਵਿੱਕੀ ਆਵਲਾ, ਸਕੱਤਰ ਗਗਨ ਮੱਕੜ, ਸਰਪ੍ਰਸਤ ਫ਼ਕੀਰ ਚੰਦ ਸਿਕਰੀ, ਖਜ਼ਾਨਚੀ ਬਲਜਿੰਦਰ ਹਾਂਡਾ, ਸੁਰਿੰਦਰ ਹਾਂਡਾ, ਮੁਨੀਸ਼ ਪਿੰਡੀ, ਰਾਜਿੰਦਰ ਕੰਬੋਜ ਤੇ ਜ਼ਿਲ੍ਹਾ ਪ੍ਰਧਾਨ ਐਂਟੀ ਕੁਰੱਪਸ਼ਨ ਮਨੀਸ਼ ਪਿੰਡੀ, ਜਨਰਲ ਸਕੱਤਰ ਹਰਭਜਨ ਲਾਲ, ਚੀਫ ਅਡਵਾਈਜ਼ਰ ਅਮਿਤ ਚੁੱਘ ਤੇ ਪੁਲਸ ਪ੍ਰਸ਼ਾਸਨ ਤੋਂ ਥਾਣਾ ਮੁਖੀ ਜਸਵਿੰਦਰ ਸਿੰਘ ਬਰਾੜ ਐਡੀਸ਼ਨਲ ਐੱਸ ਐੱਚ ਓ ਜੱਜਪਾਲ ਸਿੰਘ, ਟ੍ਰੈਫਿਕ ਇੰਚਾਰਜ ਬਲਵਿੰਦਰ ਸਿੰਘ, ਬਲਕਰਨ ਸਿੰਘ, ਚੌਕੀ ਇੰਚਾਰਜ ਪੰਜੇ ਕੇ ਰਕੇਸ਼ ਕੁਮਾਰ ਵੱਲੋਂ ਵੱਖ ਵੱਖ ਵਾਹਨਾਂ ਨੂੰ ਰੋਕਿਆ ਗਿਆ ਤੇ ਲਗਭਗ 400 ਦੇ ਕਰੀਬ ਰਿਫਲੈਕਟਰ ਲਗਾਏ ਗਏ।

# ਨਵੇਂ ਸਾਲ ਮੌਕੇ ਦੇਸ਼ ਭਗਤ ਗਲੋਬਲ ਸਕੂਲ 'ਚ ਅੰਮ੍ਰਿਤਵਾਣੀ ਸਤਿਸੰਗ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ, ਸ਼ਮਿੰਦਰਪਾਲ, ਪੂਜਾ)**-ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਯੂਨਾਈਟਡ ਗਰੁੱਪ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪਰਸਤੀ ਹੇਠ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿੱਚ ਨਵੇਂ ਸਾਲ ਮੌਕੇ ਪਹਿਲਾਂ ਜਿੱਥੇ ਸੁਭਾਸ਼ ਚੰਦਰ ਬੋਸ ਨਾਲ ਰਹੇ ਤਾਮਰਾ ਪਾਤਰਾ ਪ੍ਰਸਿੱਧ ਆਜ਼ਾਦੀ ਘੁਲਾਟੀਏ ਸਰਦਾਰ ਲਾਲ ਸਿੰਘ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ, ਉੱਥੇ ਅੰਮ੍ਰਿਤਵਾਣੀ ਸਤਿਸੰਗ ਵੀ ਕਰਵਾਇਆ ਗਿਆ।ਇਸ ਸ਼ੁਭ ਅਵਸਰ ਮੌਕੇ ਦੇਸ਼ ਭਗਤ ਯੂਨਾਈਟਡ ਗਰੁੱਪ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਉਚੇਚੇ ਤੌਰ 'ਤੇ ਸ਼ਾਮਲ ਹੋਏ।ਚਾਂਸਲਰ ਡਾਕਟਰ ਜ਼ੋਰਾ ਸਿੰਘ ਨੇ ਕਿਹਾ ਕਿ ਅਸੀਂ ਸਾਰੇ ਰਲ ਮਿਲ ਕੇ ਉਸ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਨਵਾਂ ਸਾਲ 2025 ਹਰ ਇੱਕ ਲਈ ਖੁਸ਼ੀਆਂ ਭਰਿਆ ਹੋਵੇ।ਪ੍ਰੋ ਚਾਂਸਲਰ ਡਾਕਟਰ ਤਜਿੰਦਰ ਕੌਰ ਨੇ ਪ੍ਰਾਰਥਨਾ ਕਰਦਿਆਂ ਕਿਹਾ ਕਿ ਸਕੂਲ, ਸਟਾਫ਼, ਬੱਚੇ ਤੇ ਮਾਪੇ ਨਵੇਂ ਸਾਲ ਵਿੱਚ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਨ ਅਤੇ ਹਰ ਖੇਤਰ ਵਿੱਚ ਅੱਗੇ ਵਧਣ।ਅੰਮ੍ਰਿਤਵਾਣੀ ਸਤਿਸੰਗ ਮੌਕੇ ਦੇਸ਼ ਭਗਤ ਕੈਂਪਸ ਦੇ ਚੇਅਰਮੈਨ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ, ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ, ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ, ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ਼ ਨਰਸਿੰਗ ਦੇ ਪ੍ਰਿੰਸੀਪਲ ਮੈਡਮ ਰੁਪਿੰਦਰ ਬੁੱਟਰ, ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ ਫਾਰਮੇਸੀ ਦੇ ਪ੍ਰਿੰਸੀਪਲ ਡਾਕਟਰ ਮਨੀਸ਼ ਜੋਸ਼ੀ, ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ਼ ਨਰਸਿੰਗ ਦੇ ਵਾਈਸ ਪ੍ਰਿੰਸੀਪਲ ਮੈਡਮ ਮਨਜਿੰਦਰ ਕੌਰ, ਦੇਸ਼ ਭਗਤ ਕੈਂਪਸ ਦੇ ਸੁਪਰਡੈਂਟ ਮੇਜਰ ਸਿੰਘ, ਅਕਾਊਂਟੈਂਟ ਨਵਦੀਪ ਸਿੰਘ, ਸੁਪਰਵਾਈਜ਼ਰ ਦਿਲਬਾਗ ਸਿੰਘ ਬਾਗੀ ਤੇ ਸਮੂਹ ਸਟਾਫ ਸ਼ਾਮਲ ਹੋਏ।ਸਭ ਨੇ ਮਿਲ ਕੇ ਅੰਮ੍ਰਿਤਵਾਣੀ ਦਾ ਆਨੰਦ ਮਾਣਿਆ, ਹਨੂਮਾਨ ਚਾਲੀਸਾ ਦਾ ਪਾਠ, ਭਜਨ ਤੇ ਕੀਰਤਨ ਹੋਏ ਅਤੇ ਸੱਚੇ ਦਿਲੋਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਨਵਾਂ ਸਾਲ ਸਾਡੇ ਸਭ ਲਈ ਖੁਸ਼ੀਆਂ ਭਰਿਆ ਹੋਵੇ।ਅੰਤ ਵਿੱਚ ਦੇਸ਼ ਭਗਤ ਯੂਨਾਈਟਡ ਗਰੁੱਪ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਨੇ ਨਗਰ ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ।

# ਫਾਈਨਾਂਸਰ ਕੋਲੋਂ ਕਾਪੇ ਦੇ ਜ਼ੋਰ 'ਤੇ ਪੈਸੇ ਲੁੱਟਣ ਦੀ ਕੋਸ਼ਿਸ਼, ਇੱਕ ਕਾਬੂ



**ਮਲੋਟ (ਗੁਰਮੀਤ ਸਿੰਘ ਮੱਕੜ)**-ਸ਼ਹਿਰ ਵਿੱਚ ਦਿਨ ਦਿਹਾੜੇ ਹੀ ਇੱਕ ਫਾਈਨਾਂਸਰ ਕੋਲੋਂ ਦੋ ਨੌਜਵਾਨ ਉਸ ਦੇ ਦਫਤਰ ਵਿਚ ਹੀ ਪੈਸੇ ਲੁੱਟਣ ਦੀ ਨੀਅਤ ਨਾਲ ਅੰਦਰ ਦਾਖਲ ਹੋਏ ਅਤੇ ਉਨ੍ਹਾਂ ਨੇ ਜਾਂਦੇ ਸਾਰ ਹੀ ਉਸ ਫਾਈਨਾਂਸਰ ਦੀ ਗਰਦਨ ਉੱਪਰ ਕਾਪਾ ਰੱਖ ਲਿਆ, ਜਿਸ ਨੂੰ ਫਾਈਨਾਂਸਰ ਅਰੂੜ ਸਿੰਘ ਨੇ ਬੜੀ ਦਲੇਰੀ ਤੇ ਹੁਸ਼ਿਆਰੀ ਨਾਲ ਬਚਾਅ ਕਰਦੇ ਹੋਏ ਉਨ੍ਹਾਂ ਲੁਟੇਰਿਆਂ ਨੂੰ ਫੜਨ ਦੇ ਯਤਨ ਕੀਤੇ, ਜਦ ਰੂੜ ਸਿੰਘ ਇਨ੍ਹਾਂ ਲੁਟੇਰਿਆਂ ਨਾਲ ਹੱਥੋਂ ਪਾਈ ਹੋਣ ਲੱਗਾ ਤਾਂ ਇੱਕ ਵਿਅਕਤੀ ਬਾਹਰ ਬਾਜ਼ਾਰ ਵੱਲ ਭੱਜ ਗਿਆ, ਜਿਸ ਨੂੰ ਅਰੂੜ ਸਿੰਘ ਦੀ ਹਿੰਮਤ ਤੇ ਲੋਕਾਂ ਦੇ ਸਹਿਯੋਗ ਨਾਲ ਮੌਕੇ 'ਤੇ ਹੀ ਮੋਟਰਸਾਈਕਲ ਤੇ ਸਮੇਤ ਕਾਪਾ ਕਾਬੂ ਕਰ ਲਿਆ, ਜਦਕਿ ਇੱਕ ਵਿਅਕਤੀ ਭੱਜਣ ਵਿੱਚ ਸਫਲ ਹੋ ਗਿਆ। ਇਸ ਸਬੰਧੀ ਫਾਈਨਾਂਸਰ ਅਰੂੜ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਕੁੱਝ ਰਕਮ ਆਪਣੇ ਘਰੋਂ ਤੇ ਕੁੱਝ ਰਕਮ ਬੈਂਕ ਵਿੱਚੋਂ ਕਢਵਾ ਕੇ ਆਪਣੇ ਆਦਰਸ਼ ਨਗਰੀ ਸਥਿਤ ਦਫਤਰ ਵਿਖੇ ਪਹੁੰਚਿਆ ਤਾਂ ਪਿੱਛੇ ਹੀ ਦੋ ਲੁਟੇਰੇ ਜੋ ਨੌਜਵਾਨ ਉਮਰ ਦੇ ਸਨ, ਉਸ ਦੇ ਪਿੱਛੇ ਦਫਤਰ ਆਏ ਅਤੇ ਉਨ੍ਹਾਂ ਨੇ ਆਪਣੇ ਕੋਲੋਂ ਕਾਪਾ ਲੋਹੇ ਦਾ ਹਥਿਆਰ ਕੱਢ ਕੇ ਉਸ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਉਨ੍ਹਾਂ ਵਿੱਚੋਂ ਇੱਕ ਨੂੰ ਕਾਬੂ ਕਰ ਲਿਆ। ਪੁਲਸ ਇਸ ਮਾਮਲੇ ਦੀ ਡੂੰਘਾਈ ਨਾਲ ਤਫਤੀਸ਼ ਕਰ ਰਹੀ ਹੈ।

# ਨਵੇਂ ਸਾਲ ਦੀ ਆਮਦ 'ਤੇ ਗੁਰਦੁਆਰਾ ਗੁਰੂ ਰਾਮਦਾਸ ਸਾਹਿਬ ਵਿਖੇ ਸਮਾਗਮ



**ਜਗਰਾਉਂ (ਸੰਜੀਵ ਅਰੋੜਾ)**-ਨਵੇਂ ਸਾਲ ਦੀ ਆਮਦ 'ਤੇ ਸਿੱਖ ਯੂਥ ਵੈੱਲਫੇਅਰ ਸੁਸਾਇਟੀ ਵੱਲੋਂ ਗੁਰਦੁਆਰਾ ਗੁਰੂ ਰਾਮਦਾਸ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਦੁਆਰਾ ਗੁਰੂ ਰਾਮਦਾਸ ਸਾਹਿਬ ਵਿਖੇ ਸਮਾਗਮ ਕਰਵਾਇਆ, ਜਿਸ 'ਚ ਬੜੇ ਚਾਅ ਤੇ ਉਤਸ਼ਾਹ ਨਾਲ ਸੰਗਤਾਂ ਨੇ ਵੱਡੀ ਗਿਣਤੀ 'ਚ ਹਿੱਸਾ ਲਿਆ। ਇਸ ਮੌਕੇ ਸੰਗਤਾਂ ਨੇ ਸੰਗਤੀ ਰੂਪ 'ਚ ਸ੍ਰੀ ਸੁਖਮਨੀ ਸਾਹਿਬ ਜੀ ਤੇ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਕੀਤਾ। ਉਪਰੰਤ ਠੀਕ 12 ਵਜੇ ਫੁੱਲਾਂ ਵੀ ਵਰਖਾ ਤੇ ਜੈਕਾਰਿਆਂ ਨਾਲ ਨਵੇਂ ਸਾਲ ਦਾ ਸਵਾਗਤ ਕੀਤਾ ਗਿਆ।

ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਮਰੀਕ ਸਿੰਘ ਚਾਵਲਾ ਤੇ ਇੰਦਰਦੀਪ ਸਿੰਘ ਰਿੱਕੀ ਚਾਵਲਾ ਨੇ ਸੰਗਤਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਆਖਿਆ ਕਿ ਸਾਨੂੰ ਸਾਰਿਆਂ ਨੂੰ ਨਵਾਂ ਸਾਲ ਗੁਰੂ ਸਾਹਿਬ ਦੀ ਹਾਜ਼ਰੀ 'ਚ ਬਿਤਾਉਣ ਦਾ ਵਡਮੁੱਲਾ ਸਮਾਂ ਪ੍ਰਾਪਤ ਹੋਇਆ, ਜਿਸ ਲਈ ਅਸੀਂ ਸਾਰੇ ਭਾਗਾਂ ਵਾਲੇ ਹਾਂ। ਇਸ ਮੌਕੇ ਸਿੱਖ ਯੂਥ ਵੈੱਲਫੇਅਰ ਸੁਸਾਇਟੀ ਪ੍ਰਧਾਨ ਚਰਨਜੀਤ ਸਿੰਘ ਸਰਨਾ, ਸਰਪ੍ਰਸਤ ਗੁਰਸ਼ਰਨ ਸਿੰਘ ਮਿਗਲਾਨੀ, ਚੇਅਰਮੈਨ ਗਗਨਦੀਪ ਸਿੰਘ ਸਰਨਾ ਤੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਮਿਗਲਾਨੀ ਨੇ ਸੰਗਤਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਤੇ ਸਾਰਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਪਹਿਰੇਦਾਰ ਅਖ਼ਬਾਰ ਦੇ ਐੱਮ. ਡੀ. ਰਿਸ਼ਬਦੀਪ ਸਿੰਘ ਹੇਰਾਂ, ਅਵਤਾਰ ਸਿੰਘ ਮਿਗਲਾਨੀ, ਹਰਵਿੰਦਰ ਸਿੰਘ ਸਰਨਾ, ਇੰਦਰਪ੍ਰੀਤ ਸਿੰਘ ਵਛੇਰ, ਸਿਮਰਨ ਸਿੰਘ ਵਛੇਰ, ਗਗਨਦੀਪ ਸਿੰਘ ਬੱਤਰਾ, ਅਮਰਜੀਤ ਸਿੰਘ ਭੰਡਾਰੀ, ਜਤਿੰਦਰ ਸਿੰਘ ਚੱਢਾ, ਬਲਵਿੰਦਰ ਸਿੰਘ ਚਾਹਲ, ਜਸਵੰਤ ਸਿੰਘ ਚਾਵਲਾ, ਅਮਨਦੀਪ ਸਿੰਘ ਚਾਵਲਾ, ਅਮਰਜੀਤ ਸਿੰਘ ਚਾਵਲਾ, ਗੁਰਪ੍ਰੀਤ ਸਿੰਘ ਬੱਬੂ ਚਾਵਲਾ, ਜਸ਼ਨ ਮੋਬਾਇਲਾਂ ਵਾਲਾ, ਦੀਪੂ ਲਾਈਟਾਂ ਵਾਲਾ, ਰਮਨ ਚਾਵਲਾ, ਜਸਪ੍ਰੀਤ ਸਿੰਘ ਰਾਜਪਾਲ, ਹਰਿੰਦਰ ਸਿੰਘ ਮਸੌਣ, ਅਮਨ ਅਰੋੜਾ, ਰਾਜਿੰਦਰ ਸਿੰਘ ਰਿੰਕੂ ਮਿਗਲਾਨੀ, ਗੁਰਜੀਤ ਸਿੰਘ ਮਿਗਲਾਨੀ, ਮੌਂਟੀ ਸਰਨਾ, ਪ੍ਰਿੰਸ ਤੇ ਮਨਪ੍ਰੀਤ ਸਿੰਘ ਇੱਛਪੁਨੈਨੀ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਅਮਨ ਅਰੋੜਾ ਵੱਲੋਂ ਹਲਕੇ 'ਚ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਪ੍ਰਸ਼ਾਸਕੀ ਸੁਧਾਰ ਤੇ ਸ਼ਿਕਾਇਤ ਨਿਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਅੱਜ ਵਿਧਾਨ ਸਭਾ ਹਲਕਾ ਸੁਨਾਮ ਊਧਮ ਸਿੰਘ ਵਾਲਾ ਦੇ ਵਸਨੀਕਾਂ ਨੂੰ ਨਵੇਂ ਸਾਲ ਦਾ ਤੋਹਫਾ ਦਿੰਦੇ ਹੋਏ 34.50 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੀ ਰਸਮੀ ਸ਼ੁਰੂਆਤ ਕੀਤੀ।ਕੈਬਨਿਟ ਮੰਤਰੀ ਸ੍ਰੀ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਸੁਨਾਮ ਦੀ ਨੁਹਾਰ ਨੂੰ ਸੰਵਾਰਨ ਲਈ ਜ਼ਮੀਨੀ ਪੱਧਰ 'ਤੇ ਉਪਰਾਲੇ ਜਾਰੀ ਹਨ, ਜਿਸ ਤਹਿਤ ਬੀਤੇ ਢਾਈ ਸਾਲਾਂ ਵਿੱਚ 10 ਹਾਈ ਲੈਵਲ ਪੁਲਾਂ ਦਾ ਨਿਰਮਾਣ ਕਰਵਾ ਕੇ ਸੁਨਾਮ ਵਾਸੀਆਂ ਨੂੰ ਵੱਡੀ ਸੁਵਿਧਾ ਪ੍ਰਦਾਨ ਕੀਤੀ ਗਈ ਹੈ।

ਹਲਕੇ ਦੇ ਪਿੰਡ ਕੁਲਾਰ ਖੁਰਦ ਵਿਖੇ 3 ਕਰੋੜ 18 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਹਾਈ ਲੈਵਲ ਪੁਲ ਦਾ ਨੀਂਹ ਪੱਥਰ ਰੱਖ ਕੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕਰਦਿਆਂ ਕੈਬਨਿਟ ਮੰਤਰੀ ਸ੍ਰੀ ਅਰੋੜਾ ਨੇ ਦੱਸਿਆ ਕਿ ਇਸ ਪਿੰਡ ਤੋਂ ਇਲਾਵਾ ਪਿੰਡ ਲਿੱਧੜਾਂ ਦੀ ਡਰੇਨ 'ਤੇ 51.20 ਲੱਖ, ਪਿੰਡ ਦੁੱਗਾਂ ਦੀ ਡਰੇਨ 'ਤੇ 1.33 ਕਰੋੜ, ਲੌਂਗੋਵਾਲ ਡਰੇਨ 'ਤੇ 1.57 ਕਰੋੜ ਅਤੇ ਦਿਆਲਗੜ੍ਹ ਡਰੇਨ 'ਤੇ 78.20 ਲੱਖ ਰੁਪਏ ਦੀ ਲਾਗਤ ਵਾਲੇ ਹਾਈ ਲੈਵਲ ਪੁਲਾ ਦਾ ਨਿਰਮਾਣ ਵੀ ਅੱਜ ਤੋਂ ਆਰੰਭ ਹੋ ਗਿਆ ਹੈ, ਜਿਨ੍ਹਾਂ ਨੂੰ 31 ਮਾਰਚ 2025 ਤੱਕ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਗਏ ਹਨ।ਉਨ੍ਹਾਂ ਦੱਸਿਆ ਕਿ ਕੁਲਾਰ ਖੁਰਦ ਦੇ ਵਸਨੀਕਾਂ ਨੇ ਲਗਭਗ ਛੇ ਮਹੀਨੇ ਪਹਿਲਾਂ ਇਸ ਮਾਮਲੇ ਨੂੰ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਸੀ, ਕਿਉਂਕਿ ਕੁਲਾਰਾਂ ਤੋਂ ਮਰਦ ਖੇੜਾ ਤੱਕ ਜਾਣ ਲਈ ਪਿੰਡਾਂ ਦੇ ਵਾਸੀਆਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਸ੍ਰੀ ਅਰੋੜਾ ਨੇ ਦੱਸਿਆ ਕਿ ਇਸ ਪੁਲ ਦੀ ਮੌਜੂਦਾ ਚੌੜਾਈ 3.5 ਮੀਟਰ ਹੈ, ਜਿਸ ਨੂੰ ਵਧਾ ਕੇ 7.5 ਮੀਟਰ ਚੌੜਾ ਕਰਵਾਇਆ ਜਾ ਰਿਹਾ ਹੈ ਤਾਂ ਕਿ ਪਿੰਡਾਂ ਦੇ ਲੋਕ ਇੱਥੋਂ ਆਸਾਨੀ ਨਾਲ ਲੰਘ ਸਕਣ। ਉਨ੍ਹਾਂ ਦੱਸਿਆ ਕਿ ਪੁਲ ਦੇ ਹੇਠੋਂ 1700 ਕਿਊਸਿਕ ਪਾਣੀ ਨਿਕਲਦਾ ਹੈ, ਜਿਸ ਨੂੰ ਲਗਭਗ ਢਾਈ ਗੁਣਾਂ ਵਧਾ ਕੇ 4500 ਕਿਊਸਿਕ ਦੀ ਸਮਰੱਥਾ ਵਾਲਾ ਬਣਾਇਆ ਜਾ ਰਿਹਾ ਹੈ ਤਾਂ ਜੋ ਹੇਠਾਂ ਬੂਟੀ ਫਸਣ ਕਾਰਨ ਪਾਣੀ ਦਾ ਵਹਾਅ ਨਾ ਰੁਕੇ ਤੇ ਨਾ ਹੀ ਪਾਣੀ ਬਾਹਰ ਉਛਲ ਕੇ ਖੇਤਾਂ ਦਾ ਨੁਕਸਾਨ ਕਰ ਸਕੇ। ਸੰਬੰਧਤ ਪਿੰਡਾਂ ਦੇ ਨਿਵਾਸੀਆਂ ਨੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਤੇ ਪੰਜਾਬ ਸਰਕਾਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਲੋਕਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਠੋਸ ਉਪਰਾਲੇ ਕੀਤੇ ਹਨ, ਜਿਸ ਲਈ ਉਹ ਹਮੇਸ਼ਾ ਰਿਣੀ ਰਹਿਣਗੇ।ਇਸ ਮੌਕੇ ਸਾਹਿਬ ਸਿੰਘ ਬਲਾਕ ਪ੍ਰਧਾਨ, ਗੁਰਿੰਦਰ ਪਾਲ ਸਿੰਘ ਖੇੜੀ, ਦੀਪ ਸਰਪੰਚ ਕਨੋਈ, ਬਲਜਿੰਦਰ ਸਿੰਘ ਈਲਵਾਲ, ਮਨਦੀਪ ਸਿੰਘ, ਹਰਿੰਦਰ ਸਿੰਘ ਸਰਪੰਚ ਕੁਲਾਰ ਖੁਰਦ, ਦੀਪੂ ਕੁਲਾਰਾਂ, ਰਣਦੀਪ ਸਿੰਘ ਮਿੰਟੂ ਸਰਪੰਚ ਬਡਰੁੱਖਾਂ, ਸਤਨਾਮ ਸਿੰਘ ਕਾਲਾ ਬਡਰੁੱਖਾਂ, ਮਿੱਠੂ ਸਿੰਘ ਦੁੱਗਾਂ ਮੇਘ ਸਿੰਘ ਸਰਪੰਚ, ਬੱਬੂ ਸਿੰਘ ਕਿਲਾ ਭਰੀਆਂ, ਕੁਲਦੀਪ ਸਿੰਘ ਦੁੱਗਾਂ, ਪਰਮਿੰਦਰ ਕੌਰ ਬਰਾੜ ਪ੍ਰਧਾਨ ਨਗਰ ਕੌਂਸਲ ਲੌਂਗੋਵਾਲ, ਬਲਵਿੰਦਰ ਢਿੱਲੋਂ, ਰਾਜ ਸਿੰਘ ਰਾਜੂ, ਮੇਲਾ ਸਿੰਘ ਸੂਬੇਦਾਰ, ਵਿੱਕੀ ਵਸ਼ਿਸ਼ਟ ਬਲਾਕ ਪ੍ਰਧਾਨ, ਪ੍ਰਿਤਪਾਲ ਸਰਪੰਚ ਦਿਆਲਗੜ੍ਹ, ਰਣਜੀਤ ਸਿੰਘ ਦਿਆਲਗੜ੍ਹ ਤੇ ਹਰਮੀਤ ਵਿਰਕ ਹਾਜ਼ਰ ਸਨ।



# ਜੰਗਲਾਤ ਵਿਭਾਗ ਦੇ ਚੌਥਾ ਦਰਜਾ ਕਰਮਚਾਰੀਆਂ ਵੱਲੋਂ ਰੋਸ ਰੈਲੀ



**ਪਟਿਆਲਾ (ਰਜਿੰਦਰ ਸਿੰਘ ਥਿੰਦ)**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵੱਲੋਂ ਜੰਗਲਾਤ, ਜੰਗਲੀ ਜੀਵ, ਜੰਗਲਾਤ ਨਿਗਮ ਵਿਚਲੇ ਲੰਮੇ ਸਮੇਂ ਤੋਂ ਕੰਮ ਕਰਦੇ ਡੇਲੀਵੇਜਿਜ਼, ਕੰਟਰੈਕਟ ਤੇ ਆਊਟ ਸੋਰਸ ਚੌਥਾ ਦਰਜਾ ਕਰਮਚਾਰੀਆਂ ਦੀਆਂ ਮੰਗਾਂ ਤੇ ਸੇਵਾ ਨਿਯਮਤ ਕਰਵਾਉਣ ਵਰਗੇ ਇਸ਼ੂਆਂ ਨੂੰ ਲੈ ਕੇ ਨਵੇਂ ਸਾਲ ਵਿੱਚ ਕੜਾਕੇ ਦੀ ਠੰਢ ਵਿੱਚ ਕੀਤੀ ਸੰਘਰਸ਼ ਦੀ ਸ਼ੁਰੂਆਤ ਅਤੇ 13 ਫਰਵਰੀ 2024 ਨੂੰ ਵਣ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨਾਲ ਵਣ ਭਵਨ ਮੋਹਾਲੀ ਵਿਖੇ ਯੂਨੀਅਨ ਨਾਲ ਕੀਤੀ ਮੀਟਿੰਗ ਵਿੱਚ ਵਿਚਾਰੀਆਂ ਗਈਆਂ ਤਕਰੀਬਨ ਇੱਕ ਦਰਜਨ ਮੰਗਾਂ ਤੇ ਵਿਭਾਗ ਵੱਲੋਂ ਅਮਲ ਨਾ ਕਰਨ ਦੇ ਰੋਸ ਵਜੋਂ ਵਣ ਭਵਨ ਮੋਹਾਲੀ ਵਿਖੇ ਅੰਦੋਲਨ ਸ਼ੁਰੂ ਕਰਨ ਲਈ ਇੱਥੇ ਵਣਪਾਲ ਸਾਊਥ ਸਰਕਲ ਪਟਿਆਲਾ ਦੇ ਦਫਤਰ ਦੇ ਮੇਨ ਗੇਟ ਅੱਗੇ ਰੋਸ ਮਈ ਰੈਲੀ ਕਰਕੇ ਪ੍ਰਧਾਨ ਮੁੱਖ ਵਣਪਾਲ ਤੇ ਮੈਨੇਜਿੰਗ ਡਾਇਰੈਕਟਰ ਪੰਜਾਬ ਰਾਜ ਵਣ ਵਿਕਾਸ ਨਿਗਮ ਨੂੰ 15 ਜਨਵਰੀ ਨੂੰ ਵਣ ਭਵਨ ਮੋਹਾਲੀ ਵਿਖੇ ਰੈਲੀ ਕਰਨ ਦਾ ਲਿਖਤੀ ਰੂਪ ਵਿੱਚ ਨੋਟਿਸ ਦਿੱਤਾ ਗਿਆ।

ਯੂਨੀਅਨ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਨੇ ਕਿਹਾ ਕਿ ਤਕਰੀਬਨ ਇੱਕ ਸਾਲ ਪਹਿਲਾਂ ਵਣ ਮੰਤਰੀ ਤੇ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਡੇਲੀਵੇਜਿਜ਼ ਕਾਮਿਆਂ ਨੂੰ 2016 ਦੀ ਰੈਗੂਲਾਜੇਸ਼ਨ ਪਾਲਿਸੀ ਜਾਂ 2011, 2015 ਦੀ ਨੀਤੀ ਅਨੁਸਾਰ ਨਿਯਮਤ ਕੀਤੀ ਜਾਵੇ, ਵਿਦਿਅਕ ਯੋਗਤਾ ਤੇ ਉਮਰ ਦੀ ਸਮਾਂ ਸੀਮਾ ਵਿੱਚ ਛੋਟ ਦਿੱਤੀ ਜਾਵੇ, ਜੋ ਕਾਮਿਆਂ ਨੂੰ ਉਮਰ ਪੂਰੀ ਹੋਣ 'ਤੇ ਫਾਰਗ ਕੀਤਾ ਗਿਆ ਹੈ, ਨੂੰ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਪੈਨਸ਼ਨ, ਗ੍ਰੈਚੁਟੀ ਆਦਿ ਲਾਭ ਦਿੱਤੇ ਜਾਣ।

ਇਸ ਮੌਕੇ ਸੂਬਾ ਜਨਰਲ ਸਕੱਤਰ ਬਲਜਿੰਦਰ ਸਿੰਘ, ਰਾਮ ਲਾਲ ਰਾਮਾ, ਜਗਮੋਹਨ ਨੌਲੱਖਾ, ਤਰਲੋਚਨ ਮਾੜੂ, ਬਲਵਿੰਦਰ ਸਿੰਘ, ਨਾਰੰਗ ਸਿੰਘ, ਵੈਦ ਪ੍ਰਕਾਸ਼, ਚੰਦਰ ਭਾਨ, ਦਰਸ਼ਨ ਮਲੇਵਾਲ, ਸ਼ਿਵ ਚਰਨ, ਪ੍ਰਕਾਸ਼ ਲੁਬਾਣਾ, ਗੁਰਿੰਦਰ ਗੁਰੀ, ਭੀਮ, ਤਰਲੋਚਨ ਮੰਡੋਲੀ, ਲਖਵੀਰ ਸਿੰਘ, ਰਾਮ ਕੈਲਾਸ਼, ਰਾਜੇਸ਼ ਕੁਮਾਰ, ਬੰਸੀ ਲਾਲ, ਸੁਖਦੇਵ ਝੰਡੀ, ਦੀਪਕ, ਵਿਕਰਮਜੀਤ ਆਦਿ ਹਾਜ਼ਰ ਸਨ।

3-JAN-PAGE-7.qxd 1/2/2025 9:22 PM Page 1



## ਭਾਈਚਾਰਕ ਤਾਲਮੇਲ ਮੰਚ ਵੱਲੋਂ ਰਾਸ਼ਟਰਪਤੀ ਦੇ ਨਾਂਅ ਮੈਮੋਰੰਡਮ



**ਸੰਗਰੂਰ (ਪ੍ਰਵੀਨ ਸਿੰਘ)**-ਭਾਈਚਾਰਕ ਤਾਲਮੇਲ ਮੰਚ ਵੱਲੋਂ ਸੁਰਜੀਤ ਸਿੰਘ ਕਾਲੀਆ ਪ੍ਰਧਾਨ ਦੀ ਅਗਵਾਈ ਵਿੱਚ ਚਮਕੌਰ ਸਿੰਘ ਖੇੜੀ ਜਨਰਲ ਸਕੱਤਰ, ਜਗਜੀਤ ਇੰਦਰ ਸਿੰਘ ਚੇਅਰਮੈਨ, ਬਲਬੀਰ ਸਿੰਘ ਚੰਦੀ ਵਿੱਤ ਸਕੱਤਰ, ਕਰਮ ਸਿੰਘ ਫ਼ਾਇਰ ਅਫ਼ਸਰ ਸੀਨੀਅਰ ਮੀਤ ਪ੍ਰਧਾਨ, ਰਾਮ ਪ੍ਰਕਾਸ਼ ਪ੍ਰੈੱਸ ਸਕੱਤਰ ਤੇ ਜਗਰਾਜ ਸਿੰਘ ਆਡੀਟਰ ਦੇ ਵਫ਼ਦ ਨੇ ਦੇਸ਼ ਦੇ ਗ੍ਰਹਿ ਮੰਤਰੀ ਵੱਲੋਂ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ 'ਤੇ ਟਿੱਪਣੀ ਕਰਨ ਕਾਰਨ ਅਸਤੀਫ਼ੇ ਦੀ ਮੰਗ ਕਰਦਿਆਂ ਦੇਸ਼ ਤੋਂ ਮੁਆਫ਼ੀ ਮੰਗਣ ਦੀ ਗੱਲ ਕੀਤੀ। ਵਫ਼ਦ ਨੇ ਕਿਹਾ ਕਿ ਅਮਿਤ ਸ਼ਾਹ ਵੱਲੋਂ ਦਲਿਤਾਂ ਤੇ ਔਰਤਾਂ ਦੇ ਮਸੀਹਾ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ: ਅੰਬੇਡਕਰ ਜੀ ਦੇ ਅਪਮਾਨ ਵਿੱਚ ਰਾਜ ਸਭਾ ਵਿੱਚ ਵਰਤੇ ਸ਼ਬਦਾਂ ਕਰਕੇ ਪੂਰੇ ਦੇਸ਼ ਵਿੱਚ ਰੋਸ ਦੀ ਲਹਿਰ ਹੈ, ਜਿਸ ਕਾਰਨ ਦੇਸ਼ ਦੇ ਗ੍ਰਹਿ ਮੰਤਰੀ ਨੂੰ ਪੂਰੇ ਦੇਸ਼ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਸੰਵਿਧਾਨ ਦੀ ਕਸਮ ਖਾ ਕੇ ਸੰਵਿਧਾਨ ਦੀ ਹੀ ਉਲੰਘਣਾ ਕਰਨ ਕਰਕੇ ਸਹਾਇਕ ਕਮਿਸ਼ਨਰ ਜਨਰਲ ਸੰਗਰੂਰ ਰਾਹੀਂ ਭਾਰਤ ਦੇ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨੂੰ ਮੈਮੋਰੰਡਮ ਭੇਜਿਆ ਗਿਆ, ਜਿਸ ਵਿੱਚ ਅਮਿਤ ਸ਼ਾਹ ਨੂੰ ਅਹੁਦੇ ਤੋਂ ਬਰਖ਼ਾਸਤ ਕਰਨ ਦੀ ਮੰਗ ਕੀਤੀ ਗਈ। ਵਫ਼ਦ ਨੇ ਕਿਹਾ ਕਿ ਜਿਨ੍ਹਾਂ ਨੇ ਸੰਵਿਧਾਨ ਦੀ ਰਚਨਾ ਕੀਤੀ, ਜਿਸ ਅਨੁਸਾਰ ਦੱਬੇ ਕੁਚਲੇ ਵਿਅਕਤੀਆਂ ਨੂੰ ਬਰਾਬਰ ਦੇ ਹੱਕ ਦਿੱਤੇ ਗਏ ਅਤੇ ਔਰਤਾਂ ਨੂੰ ਵੀ ਸਮਾਜ ਵਿੱਚ ਬਰਾਬਰੀ ਦਾ ਹੱਕ ਮਿਲਿਆ ਜਿਸ ਕਾਰਨ ਅੱਜ ਦੀ ਔਰਤ ਮਰਦ ਦੇ ਬਰਾਬਰ ਆ ਕੇ ਖੜ ਗਈ ਹੈ, ਇਹ ਸੰਵਿਧਾਨ ਦੀ ਹੀ ਤਾਕਤ ਹੈ। ਇਸ ਮੌਕੇ ਸ਼੍ਰੀਮਤੀ ਉਪਿੰਦਰਜੀਤ ਕੌਰ ਸਹਾਇਕ ਕਮਿਸ਼ਨਰ ਜਨਰਲ ਸੰਗਰੂਰ ਵੱਲੋਂ ਇਹ ਮੈਮੋਰੰਡਮ ਦੀ ਕਾਪੀ ਜਲਦੀ ਹੀ ਰਾਸ਼ਟਰਪਤੀ ਭਵਨ ਨਵੀਂ ਦਿੱਲੀ ਵਿਖੇ ਭੇਜਣ ਦਾ ਵਿਸ਼ਵਾਸ ਦਿਵਾਇਆ।

## ਮਾਤਾ ਗੁਰਦੇਵ ਕੌਰ ਢਿੱਲੋਂ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਉੱਘੇ ਸਿੱਖਿਆ ਸ਼ਾਸਤਰੀ ਪ੍ਰਿੰਸੀਪਲ ਭੁਪਿੰਦਰ ਸਿੰਘ ਢਿੱਲੋਂ, ਪ੍ਰੈੱਸ ਕਲੱਬ ਮਹਿਲ ਕਲਾਂ ਦੇ ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ ਤੇ ਕਰਮ ਸਿੰਘ ਢਿੱਲੋਂ ਦੀਪਗੜ੍ਹ ਦੇ ਸਤਿਕਾਰਯੋਗ ਮਾਤਾ ਗੁਰਦੇਵ ਕੌਰ ਢਿੱਲੋਂ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਵੱਖ ਵੱਖ ਸਿਆਸੀ, ਧਾਰਮਿਕ, ਸਮਾਜਿਕ ਆਗੂਆਂ ਤੋਂ ਇਲਾਵਾ ਪੱਤਰਕਾਰ ਭਾਈਚਾਰੇ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਢਿੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਇਸ ਮੌਕੇ ਵੱਖ ਵੱਖ ਸੰਸਥਾਵਾਂ, ਮੁਹਤਬਰਾਂ, ਰਿਸ਼ਤੇਦਾਰਾਂ ਤੋਂ ਇਲਾਵਾ ਪ੍ਰੈੱਸ ਕਲੱਬ ਮਹਿਲ ਕਲਾਂ ਦੇ ਸਰਪ੍ਰਸਤ ਅਵਤਾਰ ਸਿੰਘ ਅਣਖੀ, ਵਿੱਤ ਸਕੱਤਰ ਬਲਵਿੰਦਰ ਸਿੰਘ ਵਜੀਦਕੇ, ਚੇਅਰਮੈਨ ਸੋਨੀ ਮਾਂਗੇਵਾਲ, ਡਾ: ਜਗਰਾਜ ਸਿੰਘ ਮੂੰਮ, ਬਲਜੀਤ ਸਿੰਘ ਪੰਡੋਰੀ ਲੋਕ ਸੰਪਰਕ ਵਿਭਾਗ ਬਰਨਾਲਾ ਵੱਲੋਂ ਦੁਸ਼ਾਲੇ ਭੇਟ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ।ਮਾਤਾ ਗੁਰਦੇਵ ਕੌਰ ਢਿੱਲੋਂ ਦੀ ਚਿਖਾ ਨੂੰ ਅਗਨੀ ਵੱਡੇ ਸਪੁੱਤਰ ਭੁਪਿੰਦਰ ਸਿੰਘ ਢਿੱਲੋਂ, ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ, ਕਰਮ ਸਿੰਘ ਢਿੱਲੋਂ, ਪੋਤਰੇ ਸੁਖਰਾਜ ਸਿੰਘ ਰਾਜੂ ਕੈਨੇਡੀਅਨ ਤੇ ਰਾਜਦੀਪ ਸਿੰਘ ਢਿੱਲੋਂ ਵੱਲੋਂ ਦਿੱਤੀ ਗਈ।ਇਸ ਮੌਕੇ ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਬਿੱਕਰ ਸਿੰਘ ਮਾਛੀਕੇ, ਜਗਤਾਰ ਸਿੰਘ ਸੈਦੋਕੇ ਪ੍ਰਧਾਨ ਲੈਕਚਰਾਰ ਯੂਨੀਅਨ, ਆਪ ਆਗੂ ਜੋਗਿੰਦਰ ਸਿੰਘ ਮਠਾੜੂ, ਸਰਪੰਚ ਅੰਗਰੇਜ ਸਿੰਘ ਢਿੱਲੋਂ, ਹਾਕਮ ਸਿੰਘ ਸਮਾਧ ਭਾਈ, ਗੁਰਚਰਨ ਸਿੰਘ ਰਾਮਾ, ਵਿਨੋਦ ਕਲਸੀ ਭਦੌੜ, ਪਰਮਜੀਤ ਸਿੰਘ ਸਿੱਧੂ ਗਹਿਲ, ਹੈੱਡਮਾਸਟਰ ਹਰਿੰਦਰ ਸਿੰਘ ਚਾਹਲ, ਚੇਅਰਮੈਨ ਪੱਪੂ ਗਰਗ, ਡਾ: ਬਲਵਿੰਦਰ ਸਿੰਘ ਦੀਪਗੜ੍ਹ, ਸਾਬਕਾ ਸਰਪੰਚ ਤਕਵਿੰਦਰ ਸਿੰਘ ਢਿੱਲੋਂ ਤੇ ਜਗਤਾਰ ਸਿੰਘ ਢਿੱਲੋਂ, ਨਿਰਮਲ ਸਿੰਘ ਢਿੱਲੋਂ, ਭਗਵੰਤ ਸਿੰਘ ਢਿੱਲੋਂ, ਹਰਨੇਕ ਸਿੰਘ ਪ੍ਰੇਮੀ, ਗੁਰਪ੍ਰੀਤ ਸਿੰਘ ਗੋਪੀ, ਸਮੂਹ ਸਟਾਫ ਦਸਮੇਸ਼ ਪਬਲਿਕ ਸਕੂਲ ਬਿਲਾਸਪੁਰ ਹਾਜ਼ਰ ਸਨ।ਮਾਤਾ ਗੁਰਦੇਵ ਕੌਰ ਢਿੱਲੋਂ ਨਮਿੱਤ ਪਾਠ ਦਾ ਭੋਗ, ਸ਼ਰਧਾਂਜਲੀ ਸਮਾਗਮ 9 ਜਨਵਰੀ ਨੂੰ ਇਕ ਵਜੇ ਗੁਰਦੁਆਰਾ ਸਾਹਿਬ ਪਿੰਡ ਦੀਪਗੜ੍ਹ (ਬਰਨਾਲਾ) ਵਿਖੇ ਹੋਵੇਗਾ।

## ਠੰਢ ਤੋਂ ਬਚਣ ਲਈ ਭਾਰਤ ਵਿਕਾਸ ਪ੍ਰੀਸ਼ਦ ਨੇ ਲੋੜਵੰਦਾਂ ਨੂੰ ਦਿੱਤੀ ਸਮੱਗਰੀ



**ਬੁਢਲਾਡਾ (ਅਸ਼ੋਕ ਲਾਕੜਾ)**-ਠੰਢ ਦੇ ਪ੍ਰਕੋਪ ਨੂੰ ਮੱਦੇ ਨਜ਼ਰ ਰੱਖਦਿਆਂ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸਪਰਿੰਗ ਵੈਲੀ ਕਲੋਨੀ ਦੇ ਸਹਿਯੋਗ ਨਾਲ ਸਪਰਿੰਗ ਵੈਲੀ ਕਲੋਨੀ ਵਿੱਚ ਲੋੜਵੰਦ ਲੋਕਾਂ ਨੂੰ ਕੰਬਲ, ਟੋਪੀਆਂ, ਜੁਰਾਬਾਂ ਤੇ ਸ਼ਾਲਾਂ ਵੰਡੀਆਂ ਗਈਆਂ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰੀਸ਼ਦ ਦੇ ਪ੍ਰਧਾਨ ਅਮਿਤ ਜਿੰਦਲ ਤੇ ਸੈਕਟਰੀ ਐਡਵੋਕੇਟ ਸੁਨੀਲ ਗਰਗ ਨੇ ਦੱਸਿਆ ਕਿ ਪ੍ਰੀਸ਼ਦ ਵੱਲੋਂ ਹਰ ਸਾਲ ਠੰਢ ਦੀ ਮਾਰ ਤੋਂ ਲੋਕਾਂ ਨੂੰ ਬਚਾਉਣ ਲਈ ਉਪਰਾਲੇ ਕਰਦੀ ਆ ਰਹੀ ਹੈ, ਜੋ ਦਾਨੀ ਸੱਜਣਾਂ ਤੇ ਸੰਸਥਾਂ ਦੇ ਸਹਿਯੋਗ ਨਾਲ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰੀਸ਼ਦ ਮਾਨਵਤਾ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਲੋੜਵੰਦ ਵਿਅਕਤੀ ਨੂੰ ਜ਼ਰੂਰਤ ਹੋਵੇ ਤਾਂ ਉਹ ਪ੍ਰੀਸ਼ਦ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕਰ ਸਕਦਾ ਹੈ। ਪ੍ਰੀਸ਼ਦ ਵੱਲੋਂ ਹੁਣ ਤੱਕ 300 ਲੋੜਵੰਦ ਲੋਕਾਂ ਤੇ ਬੱਚਿਆਂ ਨੂੰ ਠੰਢ ਤੋਂ ਬਚਾਓ ਲਈ ਸਮੱਗਰੀ ਵੰਡੀ ਗਈ।ਉਨ੍ਹਾਂ ਨੇ ਸਪਰਿੰਗ ਵੈਲੀ ਦੇ ਮਾਲਕ ਯਸ਼ਪਾਲ ਗਰਗ ਦਾ ਧੰਨਵਾਦ ਕੀਤਾ।ਇਸ ਮੌਕੇ ਸ਼ਿਵ ਕਾਂਸਲ, ਕੈਸ਼ੀਅਰ ਸਤੀਸ਼ ਸਿੰਗਲਾ, ਪ੍ਰੋਜੈਕਟਰ ਚੇਅਰਮੈਨ ਸੁਰਿੰਦਰ ਸਿੰਗਲਾ, ਅਨਿਲ ਕਾਠ, ਸਨੀ ਕਾਂਸਲ, ਰਾਕੇਸ਼ ਜੇ ਈ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪ੍ਰੀਸ਼ਦ ਮੈਂਬਰ ਮੌਜੂਦ ਸਨ।

## ਨਵੇਂ ਸਾਲ ਮੌਕੇ ਨੇਕੀ ਫਾਊਂਡੇਸ਼ਨ ਵੱਲੋਂ ਵਿਸ਼ਾਲ ਖ਼ੂਨਦਾਨ ਕੈਂਪ



**ਬੁਢਲਾਡਾ (ਅਸ਼ੋਕ ਲਾਕੜਾ)**-ਇਲਾਕੇ ਦੀ ਸਮਾਜ ਸੇਵੀ ਸੰਸਥਾ ਨੇਕੀ ਫਾਊਂਡੇਸ਼ਨ ਵੱਲੋਂ ਨਵੇਂ ਸਾਲ ਮੌਕੇ ਅਦਾਰਾ ਐਸ ਜੀ ਬਾਇਓਟੈੱਕ ਦੇ ਸਥਾਨਕ ਚੌੜੀ ਗਲੀ ਵਿੱਚ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿੱਥੇ ਡਾ. ਸ਼ਾਇਨਾ ਦੀ ਅਗਵਾਈ ਵਿੱਚ ਸਰਕਾਰੀ ਬਲੱਡ ਸੈਂਟਰ ਮਾਨਸਾ ਦੀ ਟੀਮ ਵੱਲੋਂ 113 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।ਕੈਂਪ ਦੀ ਵਿਸ਼ੇਸ਼ਤਾ ਇਹ ਰਹੀ ਕਿ ਨੌਜਵਾਨ ਲੰਬੀਆਂ ਕਤਾਰਾਂ ਵਿੱਚ ਲੱਗਕੇ ਆਪਣਾ ਨਾਮ ਦਰਜ਼ ਕਰਵਾਉਂਦੇ ਨਜ਼ਰ ਆਏ।ਨੇਕੀ ਫਾਊਂਡੇਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਲੋਕਾਂ ਵਿੱਚ ਖ਼ੂਨ ਦਾਨ ਕਰਨ ਦਾ ਉਤਸ਼ਾਹ ਕਾਬਿਲ-ਏ-ਤਰੀਫ ਰਿਹਾ।ਸ਼ਹਿਰ ਦੇ ਨਾਲ ਨਾਲ ਪਿੰਡਾਂ ਤੋਂ ਵੀ ਕਈ ਵਿਅਕਤੀ ਖ਼ੂਨਦਾਨ ਕਰਨ ਲਈ ਪਹੁੰਚੇ ਤੇ ਉਮੀਦ ਤੋਂ ਵੱਧ ਯੂਨਿਟ ਖ਼ੂਨਦਾਨ ਹੋਇਆ।ਲੋੜ ਮੁਤਾਬਿਕ ਬਲੱਡ ਯੂਨਿਟਾਂ ਸਮੇਂ ਤੋਂ ਪਹਿਲਾਂ ਪੂਰੀਆਂ ਹੋ ਜਾਣ ਕਾਰਨ ਬਹੁਤ ਖ਼ੂਨਦਾਨੀਆਂ ਨੂੰ ਵਾਪਸ ਮੁੜਨਾ ਪਿਆ, ਜਿਨ੍ਹਾਂ ਲਈ ਸੰਸਥਾ ਨੇ 31 ਜਨਵਰੀ ਨੂੰ ਪਿੰਡ ਅਹਿਮਦਪੁਰ ਵਿਖੇ ਖ਼ੂਨਦਾਨ ਕੈਂਪ ਰੱਖਿਆ ਹੈ।ਇਸ ਮੌਕੇ ਐਸ ਜੀ ਬਾਇਓਟੈੱਕ ਦੇ ਮਾਲਿਕ ਸੁਮਿਤ ਗੋਇਲ ਵੱਲੋਂ ਸਾਰੇ ਖ਼ੂਨਦਾਨੀਆਂ ਨੂੰ ਨਵੇਂ ਸਾਲ ਦੀ ਡਾਇਰੀ ਭੇਟ ਕਰਕੇ ਸਨਮਾਨਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਨਵੇਂ ਸਾਲ ਦੀ ਸ਼ੁਰੂਆਤ ਇੱਕ ਨੇਕ ਕੰਮ ਤੋਂ ਕਰਨੀ ਚਾਹੀਦੀ ਹੈ ਤੇ ਅੱਜ ਸੈਂਕੜੇ ਲੋਕਾਂ ਨੇ ਇਹ ਕਰ ਦਿਖਾਇਆ ਹੈ।ਇਸ ਮੌਕੇ ਐਸ ਜੀ ਬਾਇਓਟੈੱਕ ਦੇ ਪੂਰੇ ਸਟਾਫ਼ ਵੱਲੋਂ ਖ਼ੂਨਦਾਨ ਕੀਤਾ ਗਿਆ।ਉਨ੍ਹਾਂ ਵੱਲੋਂ ਸੰਸਥਾ ਨੂੰ 21000 ਰੁਪਏ ਲੋਕ ਭਲਾਈ ਕੰਮਾਂ ਲਈ ਦਾਨ ਕੀਤੇ ਗਏ।

## ਮੁਨਿਸ਼ ਮਹਿਤਾ ਤੇ ਨਿਤਿਸ਼ ਮਲਹੋਤਰਾ ਖੱਤਰੀ ਮਹਾਂ ਸਭਾ ਪੰਜਾਬ ਵੱਲੋਂ ਸਨਮਾਨਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਖੱਤਰੀ ਮਹਾਂ ਸਭਾ ਪੰਜਾਬ ਵੱਲੋਂ ਫਿਰੋਜ਼ਪੁਰ ਵਿਖੇ ਕਰਵਾਏ ਸਮਾਗਮ ਦੌਰਾਨ ਵਧੀਆ ਕਾਰਗੁਜ਼ਾਰੀ ਕਰਨ ਦੇ ਇਵਜ 'ਚ ਮੁਨੀਸ਼ ਮਹਿਤਾ ਤੇ ਨਿਤਿਸ਼ ਮਲਹੋਤਰਾ ਨੂੰ ਪੰਜਾਬ ਪ੍ਰਧਾਨ ਐਡਵੋਕੇਟ ਵਿਜੇ ਧੀਰ ਨੇ ਸਨਮਾਨਤ ਕੀਤਾ।ਫਿਰੋਜ਼ਪੁਰ ਵਿਖੇ ਸਥਿਤ ਖੱਤਰੀ ਭਵਨ ਵਿੱਚ ਹੋਏ ਸਮਾਗਮ ਵਿੱਚ ਵਿਸ਼ੇਸ਼ ਯੋਗਦਾਨ ਅਦਾ ਕਰਨ ਤੇ ਖੱਤਰੀ ਭਾਈਚਾਰੇ ਦੇ ਹਿੱਤ ਵਿਚ ਕਾਰਜ ਕਰਨ ਦੇ ਚਲਦਿਆਂ ਇਸ ਸਮਾਗਮ ਦੌਰਾਨ ਖੱਤਰੀ ਮਹਾਂ ਸਭਾ ਪੰਜਾਬ ਦੇ ਪ੍ਰਧਾਨ ਐਡਵੋਕੇਟ ਵਿਜੇ ਧਿਰ ਵੱਲੋਂ ਨੌਜਵਾਨ ਆਗੂ ਨਿਤਿਸ਼ ਮਲਹੋਤਰਾ ਤੇ ਮੁਨੀਸ਼ ਮਹਿਤਾ ਨੂੰ ਸਨਮਾਨਤ ਕਰਦਿਆਂ ਉਨ੍ਹਾਂ ਦੇ ਕਾਰਜਾਂ ਦੀ ਪ੍ਰਸੰਸਾ ਕੀਤੀ।ਗੱਲਬਾਤ ਕਰਦਿਆਂ ਐਡਵੋਕੇਟ ਵਿਜੈ ਧਿਰ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਸੰਸਥਾ ਦੀ ਰੀੜ ਦੀ ਹੱਡੀ ਵਜੋਂ ਨੌਜਵਾਨੀ ਕਾਰਜ ਕਰਦੀ ਹੈ, ਜਿਸ ਤਹਿਤ ਇਨ੍ਹਾਂ ਨੌਜਵਾਨਾਂ ਨੇ ਕਾਰਜ ਕਰਕੇ ਸਮਾਗਮ ਉਲੀਕਣ ਤੋਂ ਲੈ ਕੇ ਸਮਾਗਮ ਦੇ ਸਮਾਪਤੀ ਤੱਕ ਹਰ ਪਲੇਟਫਾਰਮ 'ਤੇ ਆਪਣਾ ਰੋਲ ਅਦਾ ਕਰਦਿਆਂ ਸਮਾਗਮ ਦੀ ਕਾਮਯਾਬੀ ਵਿਚ ਅਹਿਮ ਯੋਗਦਾਨ ਅਦਾ ਕੀਤਾ ਹੈ। ਨੌਜਵਾਨਾਂ ਨੂੰ ਸਨਮਾਨਤ ਕਰਨ ਉਪਰੰਤ ਵਧਾਈ ਦਿੰਦਿਆਂ ਖੱਤਰੀ ਮਹਾਂ ਸਭਾ ਪੰਜਾਬ ਦੇ ਸਕੱਤਰ ਪਵਨ ਭੰਡਾਰੀ ਪ੍ਰਧਾਨ ਖੱਤਰੀ ਸਭਾ ਫਿਰੋਜ਼ਪੁਰ ਨੇ ਕਿਹਾ ਕਿ ਜ਼ਮੀਨੀ ਪੱਧਰ ਤੋਂ ਲੈ ਕੇ ਹਰ ਕਾਰਜ ਵਿੱਚ ਉਕਤ ਨੌਜਵਾਨਾਂ ਨੇ ਅਹਿਮ ਰੋਲ ਅਦਾ ਕੀਤਾ ਹੈ, ਜਿਸ 'ਤੇ ਪੂਰੇ ਖੱਤਰੀ ਭਾਈਚਾਰੇ ਨੂੰ ਮਾਣ ਹੈ।ਉਨ੍ਹਾਂ ਕਿਹਾ ਕਿ ਅਜਿਹੇ ਨੌਜਵਾਨ ਜਿੱਥੇ ਆਪਣੇ ਸੁਚੱਜੇ ਕਾਰਜ ਕਰਕੇ ਆਪਣੇ ਸਾਥੀਆਂ ਨੌਜਵਾਨਾਂ ਲਈ ਰਾਹ ਦਸੇਰਾ ਬਣਦੇ ਹਨ, ਉਥੇ ਬਜ਼ੁਰਗਾਂ ਦੀਆਂ ਆਸਾਂ 'ਤੇ ਖਰੇ ਉਤਰਦੇ ਹਨ।ਖੱਤਰੀ ਮਹਾਂ ਸਭਾ ਪੰਜਾਬ ਵੱਲੋਂ ਫਿਰੋਜ਼ਪੁਰ ਵਿਖੇ ਕਰਵਾਏ ਸਮਾਰੋਹ ਵਿੱਚ ਵਿਸ਼ੇਸ਼ ਸਨਮਾਨ ਪ੍ਰਾਪਤ ਕਰਦਿਆਂ ਯੂਥ ਆਗੂ ਨਿਤਿਸ਼ ਮਲਹੋਤਰਾ ਤੇ ਮੁਨੀਸ਼ ਮਹਿਤਾ ਨੇ ਕਿਹਾ ਕਿ ਉਨ੍ਹਾਂ ਲਈ ਮਾਣ ਦੀ ਗੱਲ ਹੈ ਕਿ ਖੱਤਰੀ ਬਿਰਾਦਰੀ ਵੱਲੋਂ ਉਨ੍ਹਾਂ ਨੂੰ ਅਜਿਹੇ ਸਨਮਾਨ ਨਾਲ ਨਿਵਾਜਿਆ ਹੈ ਤੇ ਅਜਿਹੇ ਸਨਮਾਨ ਉਨ੍ਹਾਂ ਨੂੰ ਭਵਿੱਖ ਵਿਚ ਹੋਰ ਕਾਰਜ ਕਰਨ ਲਈ ਪ੍ਰੇਰਿਤ ਕਰੇਗੀ।

# ਅਧਿਆਪਕਾਂ ਦੀ ਸਭ ਤੋਂ ਵੱਡੀ ਪੂੰਜੀ ਗਿਆਨ ਹੈ : ਡਾ. ਇਕਬਾਲ ਸਿੰਘ



**ਸੰਗਰੂਰ (ਪ੍ਰਵੀਨ ਸਿੰਘ)**-ਆਦਰਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਦੇ ਪ੍ਰਿੰਸੀਪਲ ਜੋਗਾ ਸਿੰਘ ਤੂਰ ਨੇ ਨਵੇਂ ਵਰ੍ਹੇ ਦੀ ਸ਼ੁਰੂਆਤ ਆਪਣੇ ਸਕੂਲ ਦੇ ਅਧਿਆਪਕਾਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਇਕ ਰਿਫ਼ਰੈਸ਼ਰ ਕੋਰਸ ਦਾ ਪ੍ਰਬੰਧ ਕੀਤਾ। ਸਕੂਲ ਮੁਖੀ ਦੇ ਸੱਦੇ 'ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਡਾ: ਇਕਬਾਲ ਸਿੰਘ ਸਕਰੌਦੀ (ਰਿਟਾ: ਪ੍ਰਿੰਸੀਪਲ) ਨੇ ਇਸ ਮੌਕੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਸੰਸਾਰ ਦੇ ਸਭ ਤੋਂ ਪਹਿਲੇ ਅਧਿਆਪਕ ਮਹਾਂਰਿਸ਼ੀ ਵੇਦ ਵਿਆਸ ਜੀ ਸਨ, ਜਿਨ੍ਹਾਂ ਰਿਗਵੈਦ ਦੀ ਸਿਰਜਣਾ ਕੀਤੀ। ਉਨ੍ਹਾਂ ਦੇ ਸ਼ਾਗਿਰਦਾਂ ਨੂੰ ਰਿਸ਼ੀ ਆਖਿਆ ਗਿਆ ਤੇ ਰਿਸ਼ੀਆਂ ਦੇ ਚੇਲਿਆਂ ਨੂੰ ਗੁਰੂ ਕਿਹਾ ਗਿਆ। ਇਸੇ ਤਰ੍ਹਾਂ ਗੁਰੂਆਂ ਦੇ ਚੇਲਿਆਂ ਨੂੰ ਅੱਗੋਂ ਅਧਿਆਪਕ ਕਿਹਾ ਜਾਣ ਲੱਗਾ ਤੇ ਅਧਿਆਪਕਾਂ ਦੀ ਸਭ ਤੋਂ ਵੱਡੀ ਪੂੰਜੀ ਗਿਆਨ ਹੈ। ਉਨ੍ਹਾਂ ਕਿਹਾ ਕਿ ਸਮੇਂ ਦਾ ਹਾਣੀ ਅਧਿਆਪਕ ਹੀ ਸਫ਼ਲਤਾ ਸਹਿਤ ਵਿਦਿਆਰਥੀਆਂ ਵਿੱਚ ਵਿਚਰ ਕੇ ਆਦਰ, ਮਾਣ ਤੇ ਸਤਿਕਾਰ ਪ੍ਰਾਪਤ ਕਰਦਾ ਹੈ। ਉਨ੍ਹਾ ਕਿਹਾ ਕਿ ਇਹ ਸ਼ਬਦ ਹੀ ਹਨ, ਜਿਸ ਤੋਂ ਮਨੁੱਖ ਨੂੰ ਸੋਝੀ ਪ੍ਰਾਪਤ ਹੁੰਦੀ ਹੈ। ਜਿੱਥੇ ਸਮੁੱਚੀ ਮਾਨਵਤਾ ਲਈ ਸ਼ਬਦ ਦੀ ਬਹੁਤ ਅਹਿਮੀਅਤ ਹੈ, ਉਥੇ ਵਿਦਿਆਰਥੀਆਂ, ਕਵੀਆਂ, ਸਾਇੰਸਦਾਨਾਂ ਤੇ ਵਿਸ਼ੇਸ਼ ਤੌਰ 'ਤੇ ਅਧਿਆਪਕ ਲਈ ਸ਼ਬਦ ਦੀ ਬਹੁਤ ਅਹਿਮੀਅਤ ਹੈ। ਇਸ ਮੌਕੇ ਉਨ੍ਹਾ ਆਪਣੀ ਨਿੱਜੀ ਜ਼ਿੰਦਗੀ ਵਿੱਚੋਂ ਉਦਾਹਰਣ ਦਿੰਦਿਆਂ ਕਿਹਾ ਕਿ ਉਨ੍ਹਾ ਲਗਾਤਾਰ 21 ਸਾਲ ਬੜੀ ਰੀਝ ਨਾਲ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਨਾਲ ਨਾਲ ਉਨ੍ਹਾਂ ਨੂੰ ਸਾਹਿਤ ਪੜ੍ਹਨ ਤੇ ਲਿਖਣ ਲਈ ਵੀ ਪ੍ਰੇਰਿਤ ਕੀਤਾ ਹੈ। ਉਨ੍ਹਾ ਕਿਹਾ ਕਿ ਜਿੱਥੇ ਅਧਿਆਪਕ ਨੂੰ ਸਮੇਂ ਦਾ ਪਾਬੰਦ ਹੋਣ ਦੀ ਲੋੜ ਹੈ, ਉਥੇ ਹੀ ਆਪਣੇ ਵਿਦਿਆਰਥੀਆਂ ਦੀਆਂ ਨਿੱਜੀ ਸਮੱਸਿਆਵਾਂ ਪ੍ਰਤੀ ਵੀ ਸੁਚੇਤ ਹੋਣ ਦੀ ਲੋੜ ਹੈ। ਇਸ ਮੌਕੇ ਹਰਪ੍ਰੀਤ ਕੌਰ ਤੇ ਪਰਮਿੰਦਰ ਕੌਰ ਵੱਲੋਂ ਪੁੱਛੇ ਪ੍ਰਸ਼ਨਾਂ ਦਾ ਡਾ: ਇਕਬਾਲ ਸਿੰਘ ਨੇ ਬੜੇ ਠਰ੍ਹੰਮੇ ਤੇ ਬਾਖ਼ੂਬੀ ਜਵਾਬ ਦਿੱਤਾ ਅਤੇ ਮੈਡਮ ਸ਼ੁਭ ਲਤਾ ਨੇ ਡਾ: ਇਕਬਾਲ ਸਿੰਘ ਸਕਰੌਦੀ ਦਾ ਅਧਿਆਪਕਾਂ ਨੂੰ ਵਧੀਆ ਤੇ ਚੰਗੇਰੀ ਜਾਣਕਾਰੀ ਦੇਣ ਲਈ ਧੰਨਵਾਦ ਕੀਤਾ। ਅੰਤ ਪ੍ਰਿੰਸੀਪਲ ਜੋਗਾ ਸਿੰਘ ਨੇ ਅਧਿਆਪਕਾਂ ਨੂੰ ਕਿਹਾ ਕਿ ਜੇਕਰ ਉਹ ਸਾਰੇ ਡਾ: ਇਕਬਾਲ ਸਿੰਘ ਦੀਆਂ ਗੱਲਾਂ 'ਤੇ ਅਮਲ ਕਰਦਿਆਂ ਆਪਣੇ ਜੀਵਨ ਵਿੱਚ ਸਮੇਂ ਦੇ ਪਾਬੰਦ ਹੋਣ ਤਾਂ ਨਿਸ਼ਚੇ ਹੀ ਸਕੂਲ ਦੇ ਵਿਦਿਆਰਥੀਆਂ ਦਾ ਭਵਿੱਖ ਉੱਜਵਲ ਹੋਵੇਗਾ।

# ਦੇਸੀ ਘਿਓ ਦਾ ਹਲਵਾ ਅਧਿਆਪਕਾਂ ਦੇ ਬਟੂਏ ਕਰੇਗਾ ਖਾਲੀ : ਅਮਨਦੀਪ ਸ਼ਰਮਾ

### 1000 ਰੁਪਏ ਪ੍ਰਤੀ ਕਿੱਲੋ ਦੇ ਕਰੀਬ ਪਿੰਡਾਂ 'ਚ ਮਿਲ ਰਿਹੈ ਦੇਸੀ ਘਿਓ : ਰਕੇਸ਼ ਗੋਇਲ



**ਮਾਨਸਾ/ਬੁਢਲਾਡਾ/ਬਰੇਟਾ (ਆਤਮਾ ਸਿੰਘ ਪਮਾਰ, ਅਸ਼ੋਕ ਲਾਕੜਾ/ਰੀਤਵਾਲ)**-ਜਨਵਰੀ ਮਹੀਨੇ 'ਚ ਮਿਡ-ਡੇ-ਮੀਲ ਦੇ ਨਵੇਂ ਆਏ ਮੀਨੂ 'ਚ ਦੇਸੀ ਘਿਓ ਦੇ ਹਲਵੇ ਨਾਲ ਅਧਿਆਪਕਾਂ ਵਿੱਚ ਨਵੀਂ ਚਰਚਾ ਛਿੜ ਗਈ ਹੈ।ਮੁੱਖ ਅਧਿਆਪਕ ਜਥੇਬੰਦੀ ਪੰਜਾਬ ਦੇ ਸੂਬਾਈ ਪ੍ਰਧਾਨ ਅਮਨਦੀਪ ਸ਼ਰਮਾ ਨੇ ਕਿਹਾ ਕਿ ਜਿੱਥੇ ਮਹਿੰਗਾਈ ਪਹਿਲਾਂ ਹੀ ਰੁਕਣ ਦਾ ਨਾਂਅ ਨਹੀਂ ਲੈ ਰਹੀ, ਉੱਥੇ ਨਵੇਂ ਆਏ ਮੀਨੂੰ ਵਿੱਚ ਦੇਸੀ ਘਿਓ ਦੇ ਹਲਵੇ ਕਾਰਨ ਅਧਿਆਪਕਾਂ ਦੇ ਬਟੂਏ ਖ਼ਾਲੀ ਹੋਣ ਦਾ ਖਦਸ਼ਾ ਪੈਦਾ ਹੋ ਗਿਆ ਹੈ।ਨਵੀਂਆ ਦਰਾਂ ਅਨੁਸਾਰ ਪ੍ਰਤੀ ਬੱਚਾ 6 ਰੁਪਏ 19 ਪੈਸੇ ਰਾਸ਼ੀ ਜਾਰੀ ਹੁੰਦੀ ਹੈ, ਜਿਸ ਵਿੱਚ ਪ੍ਰਤੀ ਦਿਨ ਮੀਨੂੰ ਦੇ ਹਿਸਾਬ ਨਾਲ ਬੱਚਿਆਂ ਨੂੰ ਖਾਣਾ ਪਰੋਸਿਆ ਜਾਂਦਾ।ਹਫਤੇ ਦੇ ਇੱਕ ਦਿਨ ਬੱਚਿਆਂ ਨੂੰ ਮੌਸਮੀ ਫਲ ਦੇਣ ਦੀਆਂ ਹਦਾਇਤਾਂ ਵੀ ਜਾਰੀ ਹੋਈਆਂ ਹਨ, ਜਿਸ ਵਿੱਚ ਪੰਜ ਰੁਪਏ ਦੇ ਹਿਸਾਬ ਨਾਲ ਪ੍ਰਤੀ ਬੱਚਾ ਗਰਾਂਟ ਜਾਰੀ ਹੁੰਦੀ ਹੈ।ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਕੇਲੇ ਦਾ ਰੇਟ ਵੀ 10 ਰੁਪਏ ਦੇ ਕਰੀਬ ਪੈਂਦਾ ਸੀ।ਅਧਿਆਪਕ ਆਗੂ ਨੇ ਕਿਹਾ ਕਿ ਜੇਕਰ ਸਰਕਾਰ ਨੇ ਬੱਚਿਆਂ ਲਈ ਹਲਵਾ ਬਣਾਉਣ ਦੇ ਹੁਕਮ ਜਾਰੀ ਕਰਨੇ ਹੀ ਹਨ ਤਾਂ ਇਸ ਲਈ ਘੱਟੋ ਘੱਟ 10 ਰੁਪਏ ਪ੍ਰਤੀ ਬੱਚਾ ਗਰਾਂਟ ਜਾਰੀ ਕੀਤੀ ਜਾਣੀ ਚਾਹੀਦੀ ਹੈ। ਜਥੇਬੰਦੀ ਪੰਜਾਬ ਦੇ ਜੁਆਇੰਟ ਸਕੱਤਰ ਰਕੇਸ਼ ਗੋਇਲ ਬਰੇਟਾ ਨੇ ਕਿਹਾ ਕਿ ਅੱਜਕੱਲ੍ਹ ਪਿੰਡਾਂ ਵਿੱਚ ਦੇਸੀ ਘਿਓ ਦਾ ਰੇਟ ਕਰੀਬ ਹਜ਼ਾਰ ਰੁਪਏ ਹੈ।ਜੇਕਰ ਇੱਕ ਮਹੀਨੇ ਵਿੱਚ ਚਾਰ ਵਾਰ ਬੱਚਿਆਂ ਲਈ ਦੇਸੀ ਘਿਓ ਦਾ ਹਲਵਾ ਤਿਆਰ ਕਰੀਏ ਤਾਂ ਉਸ ਲਈ ਲਗਭਗ 10 ਰੁਪਏ ਦੇ ਕਰੀਬ ਖਰਚਾ ਆਵੇਗਾ। ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਪ੍ਰਤੀ ਬੱਚਾ ਘੱਟੋ ਘੱਟ 10 ਰੁਪਏ ਮਿਡ-ਡੇ-ਮੀਲ ਦੀ ਰਾਸ਼ੀ ਦੀ ਗ੍ਰਾਂਟ ਜਾਰੀ ਕਰੇ ਤਾਂ ਜੋ ਮਹਿੰਗਾਈ ਦੇ ਇਸ ਯੁੱਗ ਵਿੱਚ ਬੱਚਿਆਂ ਨੂੰ ਵਧੀਆ ਪੌਸ਼ਟਿਕ ਭੋਜਨ ਮੁਹੱਈਆ ਕਰਵਾਇਆ ਜਾ ਸਕੇ।



# ਪੰਜਾਬ ਰੋਡਵੇਜ਼ ਦੀ ਸਾਂਝੀ ਐਕਸ਼ਨ ਕਮੇਟੀ ਦੇ ਸੱਦੇ 'ਤੇ ਮੁਲਾਜ਼ਮਾਂ ਵੱਲੋਂ ਗੇਟ ਰੈਲੀ

**ਲੁਧਿਆਣਾ (ਐੱਮ ਐੱਸ ਭਾਟੀਆ)**-ਸਾਂਝੀ ਐਕਸ਼ਨ ਕਮੇਟੀ ਦੇ ਸੱਦੇ 'ਤੇ ਪੰਜਾਬ ਰੋਡਵੇਜ਼ ਲੁਧਿਆਣਾ ਡਿੱਪੂ ਦੇ ਗੇਟ 'ਤੇ ਗੇਟ ਰੈਲੀ ਕੀਤੀ ਗਈ।ਇਸ ਰੈਲੀ ਨੂੰ ਸੰਬੋਧਨ ਕਰਦੇ ਹੋਏ ਬੁਲਾਰਿਆਂ ਨੇ ਦੱਸਿਆ ਕਿ ਜਦੋਂ ਦੀ ਮਾਨ ਸਰਕਾਰ ਸੱਤਾ ਵਿੱਚ ਆਈ ਹੈ, ਉਨ੍ਹਾਂ ਵੱਲੋਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ, ਜਿਸ ਕਰਕੇ ਮੁਲਾਜ਼ਮ ਵਰਗ ਵਿੱਚ ਕਾਫ਼ੀ ਰੋਸ ਹੈ। ਬੁਲਾਰਿਆਂ ਨੇ ਦੱਸਿਆ ਕਿ ਟਰਾਂਸਪੋਰਟ ਮਹਿਕਮੇ ਵਿੱਚ ਢਾਈ ਸਾਲ ਬੀਤ ਜਾਣ ਉਪਰੰਤ ਵੀ ਕੋਈ ਵੀ ਨਵੀਂ ਬੱਸ ਨਹੀਂ ਸ਼ਾਮਲ ਕੀਤ ਗਈ, ਜਿਸ ਦਾ ਫਾਇਦਾ ਸਿੱਧੇ ਤੌਰ 'ਤੇ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਹੋ ਰਿਹਾ ਹੈ ਤੇ ਟਰਾਂਸਪੋਰਟ ਮਾਫੀਆ ਪਹਿਲਾਂ ਨਾਲੋਂ ਵੀ ਜ਼ਿਆਦਾ ਧੜੱਲੇ ਨਾਲ ਚੱਲ ਰਿਹਾ ਹੈ।ਇਸ ਦੇ ਨਾਲ ਹੀ ਮੁਫਤ ਸਫਰ ਸਹੂਲਤਾਂ ਦੇ ਕਲੇਮ ਦੇ ਪੈਸੇ ਵੀ ਸਰਕਾਰ ਵੱਲੋਂ ਮਹਿਕਮੇ ਨੂੰ ਅਦਾ ਨਹੀਂ ਕੀਤੇ ਜਾਂਦੇ, ਜਿਸ ਨਾਲ ਮਹਿਕਮੇ ਦੀ ਹਾਲਤ ਕਾਫੀ ਪਤਲੀ ਹੋ ਗਈ ਹੈ।ਡਿੱਪੂਆਂ ਵਿੱਚ ਸਪੇਅਰ ਪਾਰਟਸ ਦੀ ਘਾਟ ਕਾਰਨ ਬੱਸਾਂ ਡਿੱਪੂ ਵਿੱਚ ਹੀ ਖੜੀਆਂ ਰਹਿੰਦੀਆਂ ਹਨ, ਜਿਸ ਨਾਲ ਕਿਲੋਮੀਟਰ ਮਿਸ ਹੋ ਰਹੇ ਹਨ ਤੇ ਵਿੱਤੀ ਨੁਕਸਾਨ ਹੋ ਰਿਹਾ ਹੈ ਅਤੇ ਮਹਿਕਮੇ ਦੇ ਉੱਚ ਅਧਿਕਾਰੀਆਂ ਦਾ ਇਸ ਵੱਲ ਕੋਈ ਵੀ ਧਿਆਨ ਨਹੀਂ ਹੈ। ਸਾਂਝੀ ਐਕਸ਼ਨ ਕਮੇਟੀ ਵੱਲੋਂ ਕਮੇਟੀ ਵੱਲੋਂ ਮੰਗ ਕੀਤੀ ਜਾਂਦੀ ਹੈ ਕਿ ਮਹਿਕਮੇ ਵਿੱਚ ਨਵੀਆਂ ਬੱਸਾਂ ਸ਼ਾਮਲ ਕੀਤੀਆਂ ਜਾਣ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ ਤੇ ਪੈਂਡਿੰਗ ਰਹਿੰਦੀਆਂ ਤਰੱਕੀਆਂ ਕੀਤੀਆਂ ਜਾਣ, ਮੁਲਾਜ਼ਮਾਂ ਦਾ ਪੈਂਡਿੰਗ ਡੀ ਏ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ।ਜੇਕਰ ਸਰਕਾਰ ਵੱਲੋਂ ਉਪਰੋਕਤ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਤਾਂ ਸਾਂਝੀ ਐਕਸ਼ਨ ਕਮੇਟੀ ਤਿੱਖੇ ਸੰਘਰਸ਼ ਲਈ ਮਜਬੂਰ ਹੋਵੇਗੀ, ਜਿਸ ਦੀ ਜ਼ਿੰਮੇਵਾਰੀ ਆਪ ਸਰਕਾਰ ਦੀ ਹੋਵੇਗੀ।ਇਸੇ ਲੜੀ ਤਹਿਤ 4 ਜਨਵਰੀ 2025 ਨੂੰ ਟਰਾਂਸਪੋਰਟ ਮੰਤਰੀ ਦੇ ਹਲਕੇ ਵਿੱਚ ਵਿਸ਼ਾਲ ਰੋਸ ਰੈਲੀ ਕਰਨ ਲਈ ਲਾਮਬੰਦ ਕੀਤਾ ਗਿਆ ਹੈ।ਗੇਟ ਰੈਲੀ ਵਿੱਚ ਮਨਦੀਪ ਸਿੰਘ ਪ੍ਰਧਾਨ (ਏਟਕ), ਜਸਵੀਰ ਸਿੰਘ ਜਨਰਲ ਸਕੱਤਰ (ਏਟਕ), ਗੁਰਿੰਦਰ ਸਿੰਘ ਭੈਣੀ ਰੋੜਾ (ਏਟਕ), ਰਣਧੀਰ ਸਿੰਘ ਸੂਬਾ ਜਨਰਲ ਸਕੱਤਰ (ਏਟਕ), ਬਲਵੀਰ ਸਿੰਘ, ਅਮਰਜੀਤ ਸਿੰਘ ਪ੍ਰਧਾਨ ਤੇ ਜਤਿੰਦਰ ਸਿੰਘ (ਇੰਪਲਾਈਜ਼ ਯੂਨੀਅਨ), ਕੁਲਵੰਤ ਸਿੰਘ ਤੇ ਬਲਜਿੰਦਰ ਸਿੰਘ (ਡਰਾਇਵਰ ਯੂਨੀਅਨ) ਅਤੇ ਪਰਮਿੰਦਰ ਸਿੰਘ ਭੂਟਾ ਪ੍ਰਧਾਨ, ਅਰਵਿੰਦਰ ਸਿੰਘ ਜਨਰਲ ਸਕੱਤਰ ਦੇ ਸਾਥੀ ਤੇ ਦਫਤਰੀ ਸਟਾਫ ਵੱਲੋਂ ਸ਼੍ਰੀਮਤੀ ਅਮਨ ਪਰਾਸ਼ਰ ਤੇ ਰਿਟਾਇਰੀ ਯੂਨੀਅਨ ਵੱਲੋਂ ਰਜਿੰਦਰ ਸਿੰਘ ਸੀਲੋਂ ਤੇ ਮਨਜੀਤ ਸਿੰਘ ਪਵਾਤ ਸਾਬਕਾ ਪ੍ਰਧਾਨ ਉਚੇਚੇ ਤੌਰ 'ਤੇ ਸ਼ਾਮਲ ਹੋਏ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਮੇਲਾ ਮਾਘੀ ਮੌਕੇ ਕੀਤੀ ਜਾਵੇਗੀ ਵਿਸ਼ਾਲ ਕਾਨਫਰੰਸ : ਬਿੱਟੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਇਤਿਹਾਸਕ ਮਾਘੀ ਮੇਲੇ ਮੌਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਥਾਨਕ ਮਲੋਟ ਰੋਡ 'ਤੇ 14 ਜਨਵਰੀ ਨੂੰ ਵਿਸ਼ਾਲ ਕਾਨਫਰੰਸ ਕੀਤੀ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਨਜਿੰਦਰ ਸਿੰਘ ਬਿੱਟੂ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਕੁਰਬਾਨੀਆਂ ਭਰਿਆ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੰਜਾਬ ਦੇ ਹੱਕਾਂ ਲਈ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਮੂਹਰੇ ਹੋ ਕੇ ਸੰਘਰਸ਼ ਕੀਤਾ ਹੈ ਤੇ 14 ਜਨਵਰੀ ਨੂੰ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਜਾ ਰਹੀ ਮੇਲਾ ਮਾਘੀ ਕਾਨਫਰੰਸ ਵਿਰੋਧੀਆਂ ਦੇ ਸਾਰੇ ਭਰਮ ਭੁਲੇਖੇ ਦੂਰ ਕਰ ਦੇਵੇਗੀ।ਉਨ੍ਹਾਂ ਦੱਸਿਆ ਕਿ ਕਾਨਫਰੰਸ 'ਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵੀ ਸ਼ਾਮਲ ਹੋਣਗੇ।ਉਨ੍ਹਾਂ ਕਿਹਾ ਕਿ ਇਸ ਸਬੰਧੀ ਜਲਦ ਵਰਕਰਾਂ ਨਾਲ ਰਾਬਤਾ ਕਾਇਮ ਕਰ ਕੇ ਕਾਨਫਰੰਸ ਦੀਆਂ ਤਿਆਰੀਆਂ ਸ਼ੁਰੂ ਕੀਤੀਆਂ ਜਾਣਗੀਆਂ।

## ਬਜ਼ੁਰਗਾਂ ਦਾ ਸਿਹਤ ਸਰਵੇਖਣ ਤੈਅ ਸਮੇਂ 'ਚ ਮੁਕੰਮਲ ਕੀਤਾ ਜਾਵੇ : ਡਾ. ਸੋਨਾ ਥਿੰਦ

**ਫ਼ਤਹਿਗੜ੍ਹ ਸਾਹਿਬ(ਪ੍ਰਮੋਦ ਭਾਰਦਵਾਜ)**

ਬਜ਼ੁਰਗਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਤੇ ਉਨ੍ਹਾਂ ਦੀਆਂ ਹੋਰਨਾਂ ਮੁਸ਼ਕਲਾਂ ਦੇ ਹੱਲ ਲਈ ਪੰਜਾਬ ਸਰਕਾਰ ਵੱਲੋਂ ਸਮਾਜਕ ਸੁਰੱਖਿਆ ਵਿਭਾਗ ਰਾਹੀਂ 'ਸਾਡੇ ਬਜ਼ੁਰਗ ਸਾਡਾ ਮਾਣ' ਸਿਹਤ ਸਰਵੇਖਣ ਕਰਵਾਇਆ ਜਾ ਰਿਹਾ ਹੈ, ਜਿਸ ਨੂੰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਤੇ ਬਾਲ ਵਿਕਾਸ ਤੇ ਪ੍ਰੋਜੈਕਟ ਅਫ਼ਸਰ ਸਮਾਂਬੱਧ ਢੰਗ ਨਾਲ ਪੂਰਾ ਕਰਨਾ ਯਕੀਨੀ ਬਣਾਉਣ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਸਰਵੇਖਣ ਵਿੱਚ ਸਹਿਯੋਗ ਦੇਣ ਲਈ ਜ਼ਿਲ੍ਹੇ ਦੇ ਬਜ਼ੁਰਗਾਂ ਨੂੰ ਅਪੀਲ ਕਰਨ ਮੌਕੇ ਕੀਤਾ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਰਵੇਖਣ ਦੌਰਾਨ ਜਿੱਥੇ ਬਜ਼ੁਰਗਾਂ ਦੀ ਸਿਹਤ ਸਬੰਧੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ, ਉੱਥੇ ਉਨ੍ਹਾਂ ਨੂੰ ਸਰਕਾਰੀ ਸਿਹਤ ਸੇਵਾਵਾਂ ਦੀ ਜਾਣਕਾਰੀ ਹੋਣ ਜਾਂ ਨਾ ਹੋਣ ਸਬੰਧੀ ਵੀ ਅੰਕੜੇ ਇਕੱਤਰ ਕੀਤੇ ਜਾ ਰਹੇ ਹਨ।ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਇਸ ਸਰਵੇਖਣ ਸਬੰਧੀ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਬਜ਼ੁਰਗਾਂ ਨੂੰ ਹਰੇਕ ਮਹੀਨੇ 1500 ਰੁਪਏ ਪੈਨਸ਼ਨ ਦੇ ਰਹੀ ਹੈ ਤਾਂ ਕਿ ਪੈਸੇ ਦੀ ਲੋੜ ਵੇਲੇ ਉਨ੍ਹਾਂ ਨੂੰ ਕਿਸੇ ਦੇ ਹੱਥਾਂ ਵੱਲ ਨਾ ਦੇਖਣਾ ਪਵੇ।ਸਿਹਤ ਦੀ ਬਿਹਤਰੀ ਲਈ ਪਿੰਡਾਂ ਤੇ ਸ਼ਹਿਰਾਂ ਵਿੱਚ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਜਿੱਥੇ ਮੁਫ਼ਤ ਦਵਾਈਆਂ ਤੇ ਟੈਸਟ ਦੀ ਸੁਵਿਧਾ ਉਪਲਬਧ ਹੈ। ਬਜ਼ੁਰਗਾਂ ਲਈ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਬਜ਼ੁਰਗਾਂ ਨੂੰ ਬੱਸਾਂ ਤੇ ਰੇਲਾਂ ਰਾਹੀਂ ਪੰਜਾਬ ਜਾਂ ਬਾਹਰਲੇ ਸੂਬਿਆਂ ਵਿੱਚ ਪ੍ਰਸਿੱਧ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ।ਇਸ ਯਾਤਰਾ ਦੌਰਾਨ ਰਹਿਣ-ਸਹਿਣ ਦਾ ਸਾਰਾ ਖ਼ਰਚਾ ਸਰਕਾਰ ਕਰਦੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਰਵੇਖਣ ਦੇ ਅਨੁਸਾਰ ਬਜ਼ੁਰਗਾਂ ਨੂੰ ਸਿਹਤ ਸਮੇਤ ਵੱਖੋ-ਵੱਖ ਸਹੂਲਤਾਂ ਦੇਣ ਲਈ ਵੱਡੇ ਪੱਧਰ ਉੱਤੇ ਉਪਰਾਲੇ ਕੀਤੇ ਜਾਣਗੇ।ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਰਿੰਦਰ ਸਿੰਘ ਟਿਵਾਣਾ ਵੀ ਹਾਜ਼ਰ ਸਨ।


**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 23.12.2024 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।
1. (ਐੱਚ ਐੱਲ ਵਿੱਚ ਕਰਜ਼ਦਾਰ) : ਸ੍ਰੀ ਗੁਰਪ੍ਰੀਤ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਥੰਮੂਵਾਲ, ਸੰਧਾਂਵਾਲ, ਜਲੰਧਰ, ਪੰਜਾਬ-144703
2. (ਐੱਚ ਐੱਲ ਵਿੱਚ ਕਰਜ਼ਦਾਰ) : ਸ੍ਰੀ ਮੁਖਤਿਆਰ ਸਿੰਘ ਪੁੱਤਰ ਸ੍ਰੀ ਗੁਰਮੀਤ ਸਿੰਘ ਵਾਸੀ ਪਿੰਡ ਥੰਮੂਵਾਲ, ਸੰਧਾਂਵਾਲ, ਜਲੰਧਰ, ਪੰਜਾਬ-144703
3. (ਐੱਚ ਐੱਲ ਵਿੱਚ ਗਰੰਟਰ) : ਸ੍ਰੀ ਸੁਰਿੰਦਰ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਥੰਮੂਵਾਲ, ਡਾਕ. ਸੰਧਾਂਵਾਲ, ਤਹਿ. ਸ਼ਾਹਕੋਟ, ਜਲੰਧਰ, ਪੰਜਾਬ-144703

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (1.12.2024 ਤੋਂ ਬਿਨ੍ਹਾ ਵਿਆਜ) |
|---|---|---|
| HL/054611000036 | Rs. 21,00,000/- | Rs. 21,78,552.70 |

ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਰਹਿਨਨਾਮਾ : ਟਰਾਂਸਫਰ ਡੀਡ ਦਸਤਾਵੇਜ਼ ਨੰ. 2022-23/177/1/25 ਮਿਤੀ 05-04-2022 ਅਤੇ ਟਾਈਟਲ ਡੀਡ ਨੰ. 2022-23/177/1/232 ਮਿਤੀ 05-05-2022 ਦੀ ਸੋਧ ਤਹਿਤ ਸ੍ਰੀ ਗੁਰਪ੍ਰੀਤ ਪੁੱਤਰ ਸ੍ਰੀ ਮੁਖਤਿਆਰ ਸਿੰਘ ਦੀ ਮਲਕੀਅਤ ਹੇਠ ਥੰਮੂਵਾਲ ਹੱਦਬਸਤ ਨੰ. 278, ਤਹਿ. ਸ਼ਾਹਕੋਟ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਜਾਇਦਾਦ ਰਕਬਾ 6 ਮਰਲੇ ਦੇ ਸਾਰੇ ਹਿੱਸੇ।
ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਕੰਗਣਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -
(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।
ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।
ਮਿਤੀ : 02.01.2025 ਸਥਾਨ : ਜਲੰਧਰ (ਅਧਿਕਾਰਤ ਅਫਸਰ)



**ਉਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-PACKING24 | 13.01.2025 ਨੂੰ 11:00 ਵਜੇ | ਪਠਾਨਕੋਟ ਕੈਂਟ, ਜਲੰਧਰ ਸਿਟੀ, ਅਤੇ ਜਲੰਧਰ ਕੈਂਟ ਵਿਚ ਦੋ ਪਹੀਆ ਵਾਹਨਾਂ ਅਤੇ ਹੋਰ ਪਾਰਸਲ ਪੈਕੇਜਾਂ ਦੀ ਪੈਕਿੰਗ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-SLR24-92 | 16.01.2025 ਨੂੰ11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਜਟ): 15212/F1, 14630/F1, 14504/F1, 19614/F1, 19416/F1, 19226/R1, 12414/R1, 13152/F1, 14630/R1 & 19226/F1. |
| EAFZR-SLR24-93 | 17.01.2025 ਨੂੰ11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਜਟ): 14036/F2, 14036/R1, 22424/F1, 14674/F1, 19108/F1, 22432/F1, 20986/F1, 22402/F1, 22942/F1 & 14616/F1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।
ਨੰਬਰ: 179-C/E-auction/FZR/24 ਤਾਰੀਕ 01.01.2025 06/2025
ਗ੍ਰਾਹਕਾਂ ਦੀ ਸੇਵਾ 'ਚ ਮੁਸਕਾਨ ਨਾਲ



**Standard Chartered Bank**
Retail Collections, 10, Jeevandeep Building, Sansad Marg New Delhi-110001.
Further details please contact: Mr. Sarabdeep Singh Thapar on 011 49861235 / 09810834383
Please refer to the link provided on Standard Chartered Bank/secured creditor's website i.e.
https://www.sc.com/in/important-information/public-sale-notice-of-properties-under-the-possession-of-bank/

**ਨਿੱਜੀ ਸੰਧੀ ਰਾਹੀਂ ਵਿਕਰੀ ਦਾ ਨੋਟਿਸ**
ਸਟੈਂਡਰਡ ਚਾਰਟਿਡ ਬੈਂਕ
17-18, 755 ਗਰਾਊਂਡ ਫਲੋਰ, ਫਲੇਮੇਜ਼ ਮਾਲ ਲੁਧਿਆਣਾ, ਪੰਜਾਬ-141001

ਜਦੋਂ ਕਿ ਨਿਮਨਹਸਤਾਖਰੀ ਨੇ ਸਟੈਂਡਰਡ ਚਾਰਟਿਡ ਬੈਂਕ, ਇੰਗਲੈਂਡ 'ਚ ਇਨਕਾਰਪੋਰੇਟਿਡ, ਰਾਇਲ ਚਾਰਟਰ 1853 ਰਾਹੀਂ ਸੀਮਤ ਦੇਣਦਾਰੀ ਦੇ ਨਾਲ ਹਵਾਲਾ ਨੰ. ਜ਼ੈੱਡ ਸੀ 18, ਜਿਸ ਦਾ ਪ੍ਰਿੰਸੀਪਲ ਦਫਤਰ ਇੰਗਲੈਂਡ 'ਚ 1, ਬਾਸਿੰਗਹਾਲ ਐਵੇਨਿਊ, ਲੰਡਨ, ਈ ਸੀ 2 ਵੀ 5 ਡੀ ਡੀ ਅਤੇ ਭਾਰਤ ਵਿੱਚ ਕਾਰੋਬਾਰ ਦਾ ਪ੍ਰਮੁੱਖ ਸਥਾਨ ਕਰੇਂਸੈਸੈਂਜ਼, 3 ਏ ਮੰਜ਼ਲ ਪਲਾਟ ਨੰ. ਸੀ-38 ਅਤੇ 39, ਜੀ ਬਲਾਕ ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ) ਮੁੰਬਈ-400051 ('ਬੈਂਕ'') ਹੈ, ਦਾ ਸਕਿਉਟਾਈਜੇਸ਼ਨ ਐਂਡ ਰੀਕੰਸਟਰੱਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (ਦਾ ''ਐਕਟ'') ਦੀਆਂ ਵਿਵਸਥਾਵਾਂ ਅਧੀਨ ਅਧਿਕਾਰਤ ਅਫਸਰ ਵਜੋਂ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 (ਦਾ ''ਰੂਲਜ਼'') ਦੇ ਰੂਲ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (2) ਅਧੀਨ ਪ੍ਰਾਪਤ ਤਾਕਤਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਮਿਤੀ 11 ਮਈ 2009 ਨੂੰ ਇੱਕ ਡਿਮਾਂਡ ਨੋਟਿਸ ਜਾਰੀ ਕਰਕੇ ਨੋਟਿਸ 'ਚ ਦਰਸਾਈ ਰਕਮ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾਇਗੀ ਕਰਨ ਲਈ ਕਿਹਾ ਸੀ।
ਕਰਜ਼ਦਾਰ ਰਕਮ ਵਾਪਸ ਮੋੜਨ ਵਿੱਚ ਨਾਕਾਮ ਰਹੇ ਹਨ। ਅਧਿਕਾਰਤ ਅਫਸਰ ਨੇ ਹੇਠਾਂ ਦਰਸਾਈ ਅਚੱਲ ਜਾਇਦਾਦ/ਸਕਿਉਰਡ ਐੱਸਟਸ ਦਾ ਬੈਂਕ ਤਰਫੋਂ 12 ਮਈ 2012 ਨੂੰ ਕਬਜ਼ਾ ਪ੍ਰਾਪਤ ਕਰ ਲਿਆ ਸੀ।
ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ-ਸਕਿਉਰਡ ਕ੍ਰੈਡਿਟਰ ਦਾ ਬਕਾਇਆ ਅਦਾ ਕਰਨ 'ਚ ਅਸਫਲ ਰਹੇ ਹਨ। ਆਮ ਜਨਤਾ ਅਤੇ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਨੋਟਿਸ ਦਿੱਤਾ ਜਾਂਦਾ ਹੈ ਕਿ ਬੈਂਕ ਦੇ ਅਧਿਕਾਰਤ ਅਫਸਰ ਹੁਣ ਰੂਲਜ਼ ਦੇ ਰੂਲ 9 ਨਾਲ ਪੜ੍ਹੇ ਜਾਂਦੇ ਰੂਲ 8 'ਚ ਦਰਸਾਏ ਤਰੀਕਿਆਂ 'ਚੋਂ ਕਿਸੇ ਦੀ ਵੀ ਵਰਤੋਂ ਕਰਦਿਆਂ ਉਕਤ ਜਾਇਦਾਦ/ਸਕਿਉਰਡ ਐੱਸਟਸ ਦੀ ਵਿਕਰੀ ਕਰ ਦੇਵੇਗਾ।
ਬੈਂਕ ਦੇ ਅਧਿਕਾਰਤ ਅਫਸਰ ਨੇ ਅਚੱਲ ਜਾਇਦਾਦ /ਸਕਿਉਰਡ ਐੱਸਟਸ ਦੀ ਵਿਕਰੀ ਲਈ ਪਹਿਲਾਂ ਹੀ ਤਿੰਨ ਨਿਲਾਮੀਆਂ ਕਰਵਾਈਆਂ, ਪ੍ਰੰਤੂ ਇਹ ਅਸਫਲ ਰਹੀਆਂ, ਕਿਉਂਕਿ ਕੋਈ ਬੋਲੀ ਪ੍ਰਾਪਤ ਨਹੀਂ ਸੀ ਹੋਈ। ਹੁਣ ਸਾਨੂੰ ਇੱਕ ਖਰੀਦਦਾਰ ਮਿਲ ਗਿਆ ਹੈ, ਜੋ ਕਿ ਜਾਇਦਾਦ ਖਰੀਦਣ ਲਈ ਤਿਆਰ ਹੈ। ਇਸ ਲਈ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ ਪੰਦਰਾਂ (15) ਦਿਨਾਂ ਦੇ ਅੰਦਰ ਉਕਤ ਕਰਜ਼ਾ ਖਾਤਾ ਦੇ ਕੁੱਲ ਬਕਾਇਆ ਅਦਾ ਨਾ ਕੀਤੇ ਗਏ ਤਾਂ ਅਧਿਕਾਰਤ ਅਫਸਰ ਰੁਪਏ 2,4000,000/-(ਰੁਪਏ ਦੋ ਕਰੋੜ ਚਾਲੀ ਲੱਖ ਕੇਵਲ) ਬਕਾਇਆ, ਅਗਲਾ ਵਿਆਜ, ਚਾਰਜਿਜ ਅਤੇ ਲਾਗਤਾਂ ਆਦਿ ਦੀ ਵਸੂਲੀ ਲਈ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਐਕਟ ਦੀਆਂ ਸ਼ਰਤਾਂ ਅਤੇ ਵਿਵਸਥਾਵਾਂ ਤਹਿਤ ਅਚੱਲ ਜਾਇਦਾਦ/ਸਕਿਉਰਡ ਐੱਸਟਸ ਦੀ 'ਜਿਵੇਂ ਹੈ ਜਿੱਥੇ ਹੈ'', ''ਜੋ ਹੈ ਜਿਵੇਂ ਹੈ'' ਅਤੇ ''ਉਥੇ ਜੋ ਵੀ ਹੈ '' ਦੇ ਅਧਾਰ 'ਤੇ ''ਨਿੱਜੀ ਸੰਧੀ'' ਰਾਹੀਂ ਵਿਕਰੀ ਕਰ ਦੇਵੇਗਾ।

| ਕਰਜ਼ਾ ਖਾਤਾ ਨੰ. | ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ ਗਰੰਟਰਾਂ ਦਾ ਨਾਂਅ | ਡਿਮਾਂਡ ਨੋਟਿਸ ਅਨੁਸਾਰ ਰਕਮ | ਸਕਿਉਰਡ ਐੱਸਟਸ/ਅਚੱਲ ਜਾਇਦਾਦਾਂ ਦਾ ਵੇਰਵਾ | ਰਾਖਵੀਂ ਕੀਮਤ |
|---|---|---|---|---|
| 47620609/ 47620617 | (1) ਮੈਸ. ਰੋਨਾਰਡ ਐਕਸਪੋਰਟਸ (2) ਸ੍ਰੀ ਹਰੀਸ਼ ਗੁਪਤਾ (3) ਸ੍ਰੀ ਰਾਜੇਸ਼ ਗੁਪਤਾ (4) ਮੈਸ. ਪੰਜਾਬ ਕੋਲ ਇੰਟਰਪ੍ਰਾਇਜਿਜ਼ ਪ੍ਰਾਈ. ਲਿਮ. (5) ਮੈਸ. ਗਰਗਾ ਇੰਟਰਨੈਸ਼ਨਲ ਪ੍ਰਾਈ ਲਿਮ: (6) ਸ੍ਰੀਮਤੀ ਸੁਸ਼ਮਾ ਦੇਵੀ (7) ਸ੍ਰੀ ਰਣਧੀਰ ਜੈਨ (8) ਮੈਸ: ਗਰਗਾ ਕਾਰਪੋਰੇਸ਼ਨ ਲਿਮਟਿਡ | 81351502.53/- (ਅੱਠ ਕਰੋੜ ਤੇਰਾਂ ਲੱਖ ਇਕਵੰਜਾ ਹਜ਼ਾਰ ਪੰਜ ਸੌ ਦੋ ਰੁਪਏ ਅਤੇ ਤਰਵੰਜਾ ਪੈਸੇ ਕੇਵਲ) | ਈਲਾਈਟ ਅਰਕੇਡ, ਨੰ. 407, ਤੀਜੀ ਮੰਜ਼ਲ, ਦੁਕਾਨ ਨੰ. 601, ਦਾ ਮਾਲ ਰੋਡ ਲੁਧਿਆਣਾ (ਪੰਜਾਬ) 141001 | ਰੁਪਏ 2,4000,000/- (ਦੋ ਕਰੋੜ ਚਾਲੀ ਲੱਖ ਰੁਪਏ ਕੇਵਲ) |

ਕਰਜ਼ਦਾਰ, ਜੋ ਕਿ ਬਕਾਇਆ ਰਕਮ ਲਈ ਜ਼ਿੰਮੇਵਾਰ ਹਨ, ਇਸ ਨੋਟਿਸ ਨੂੰ ਐਕਟ ਦੇ ਰੂਲ 9 (1) ਅਤੇ ਦਾ ਰੂਲਜ਼ ਅਧੀਨ ਵਿਕਰੀ ਨੋਟਿਸ ਸਮਝਣ ਅਤੇ ਉਨ੍ਹਾਂ ਦਾ ਧਿਆਨ ਉਪਲਬਧ ਸਮੇਂ 'ਚ ਸਕਿਉਰਡ ਐੱਸਟਸ/ ਅਚੱਲ ਜਾਇਦਾਦਾਂ ਦੇ ਪੁਨਰਗ੍ਰਹਿਣ ਲਈ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 8 ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।
ਚਾਹਵਾਨ ਖਰੀਦਦਾਰ ਅਧਿਕਾਰਤ ਅਫਸਰ ਸ੍ਰੀ ਸਰਬਦੀਪ ਸਿੰਘ ਥਾਪਰ (011-49861235) ਸਟੈਂਡਰਡ ਚਾਰਟਿਡ ਬੈਂਕ, 10, ਜੀਵਨਦੀਪ ਬਿਲਡਿੰਗ, ਸੰਸਦ ਮਾਰਗ, ਨਵੀਂ ਦਿੱਲੀ-110001 ਨਾਲ ਸੰਪਰਕ ਕਰ ਸਕਦੇ ਹਨ।
ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕਿਰਪਾ ਕਰਕੇ ਸਟੈਂਡਰਡ ਚਾਰਟਿਡ ਬੈਂਕ ਦੀ ਵੈੱਬਸਾਈਟ ਤੋਂ ਹਵਾਲਾ ਲਿਆ ਜਾਵੇ।
ਅਡਰੈਸੀ :
(1) ਮੈਸ. ਰੋਨਾਰਡ ਐਕਸਪੋਰਟਸ
(2) ਸ੍ਰੀ ਹਰੀਸ਼ ਗੁਪਤਾ
(3) ਸ੍ਰੀ ਰਜੇਸ਼ ਗੁਪਤਾ
(4) ਮੈਸ. ਪੰਜਾਬ ਕੋਲ ਇੰਟਰਪ੍ਰਾਇਜਿਜ਼ ਪ੍ਰਾਈ. ਲਿਮ.
(5) ਮੈਸ. ਗਰਗ ਇੰਟਰਨੈਸ਼ਨਲ ਪ੍ਰਾਈ ਲਿਮ:
(6) ਸ੍ਰੀਮਤੀ ਸੁਸ਼ਮਾ ਦੇਵੀ
(7) ਸ੍ਰੀ ਰਣਧੀਰ ਜੈਨ
(8) ਮੈਸ: ਗਰਗ ਕਾਰਪੋਰੇਸ਼ਨ ਲਿਮਟਿਡ

ਸਥਾਨ : ਲੁਧਿਆਣਾ
ਮਿਤੀ : 03-01-2025
ਸਹੀ/-
ਅਧਿਕਾਰਤ ਅਫਸਰ,
ਵਾਸਤੇ ਸਟੈਂਡਰਡ ਚਾਰਟਿਡ ਬੈਂਕ



**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 06.12.2024 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।
1. (ਐੱਚ ਐੱਲ ਅਤੇ ਡਬਲਿਯੂ ਸੀ ਟੀ ਐਲ ਵਿੱਚ ਕਰਜ਼ਦਾਰ) : ਸ੍ਰੀ ਆਸ਼ੂ ਪੁੱਤਰ ਨਰਿੰਦਰ ਕੁਮਾਰ ਵਾਸੀ ਮਕਾਨ ਨੰ. ਈਡੀ-274, ਡੰਨ ਮੁਹੱਲਾ, ਜਲੰਧਰ, ਪੰਜਾਬ-144001
2. (ਐੱਚ ਐੱਲ ਵਿਚ ਕਰਜ਼ਦਾਰ ਅਤੇ ਡਬਲਿਯੂ ਸੀ ਟੀ ਐਲ ਵਿੱਚ ਗਰੰਟਰ) : ਸ੍ਰੀਮਤੀ ਰੂਪਾ ਦੇਵੀ ਪਤਨੀ ਆਸ਼ੂ ਵਾਸੀ ਮਕਾਨ ਨੰ. ਈਡੀ-274, ਡੰਨ ਮੁਹੱਲਾ, ਜਲੰਧਰ, ਪੰਜਾਬ-144001
3. (ਐੱਚ ਐੱਲ ਅਤੇ ਡਬਲਿਯੂ ਸੀ ਟੀ ਐਲ ਵਿੱਚ ਗਰੰਟਰ) : ਸ੍ਰੀ ਰਵੀ ਕੁਮਾਰ ਪੁੱਤਰ ਹੇਮ ਰਾਜ ਵਾਸੀ ਮਕਾਨ ਨੰ. 879, ਟਾਂਡਾ ਰੋਡ, ਨੇੜੇ ਦੇਵੀ ਤਲਾਬ ਮੰਦਰ ਦੇ ਪਿੱਛੇ, ਸ਼ਾਹ ਸਿਕੰਦਰ, ਜਲੰਧਰ, ਪੰਜਾਬ-144001

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (1.12.2024 ਤੋਂ ਬਿਨ੍ਹਾ ਵਿਆਜ) |
|---|---|---|
| HL/013611000955 | Rs. 7,00,000/- | Rs. 7,51,108.80 |
| WCTL/013612000733 | Rs. 3,00,000/- | Rs. 1,29,958/- |

ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਰਹਿਨਨਾਮਾ : ਵਿਕਰੀ ਬੈਨਾਮਾ ਦਸਤਾਵੇਜ਼ ਨੰ. 2021-22/186/1/455 ਮਿਤੀ 12-04-2021 ਰਾਹੀਂ ਸ੍ਰੀਮਤੀ ਰੂਪਾ ਦੇਵੀ ਪਤਨੀ ਆਸ਼ੂ ਦੀ ਮਲਕੀਅਤ ਹੇਠ ਪਲਾਟ ਨੰ. 80, ਪਿੰਡ ਕੋਟਲਾ ਤਹਿ. ਅਤੇ ਜ਼ਿਲ੍ਹਾ ਜਲੰਧਰ, ਹੱਦਬਸਤ ਨੰ. 213 ਵਿਖੇ ਸਥਿਤ ਜਾਇਦਾਦ ਰਕਬਾ 4 ਮਰਲੇ 12 ਵਰਗ ਫੁੱਟ (ਮਰਲਾ 272 ਵਰਗ ਫੁੱਟ) ਦੇ ਸਾਰੇ ਹਿੱਸੇ।
ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਜੀ ਟੀ ਰੋਡ, ਜਲੰਧਰ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -
(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।
ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।
ਮਿਤੀ : 02.01.2025 ਸਥਾਨ : ਜਲੰਧਰ (ਅਧਿਕਾਰਤ ਅਫਸਰ)



**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 23.12.2024 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।
1. (ਐੱਚ ਐੱਲ ਵਿੱਚ ਕਰਜ਼ਦਾਰ) : ਸ੍ਰੀ ਆਨੰਦ ਕੁਮਾਰ ਪੁੱਤਰ ਸ੍ਰੀ ਪ੍ਰੇਮ ਸ਼ੰਕਰ ਵਾਸੀ ਵਾਰਡ ਨੰ. 9 ਡਾਕ. ਟਾਂਡਾ ਉੜਮੁੜ, ਹੁਸ਼ਿਆਰਪੁਰ, ਪੰਜਾਬ (ਮ੍ਰਿਤਕ) ਰਾਹੀਂ ਉਸ ਦੇ ਕਾਨੂੰਨੀ ਵਾਰਿਸਾਂ :
ਨੋਟਿਸੀ ਨੰ. 1 ਦਾ ਕਾਨੂੰਨੀ ਵਾਰਿਸ : (ਏ) ਸ੍ਰੀਮਤੀ ਸੁਭਾਵਤੀ ਦੇਵੀ ਪਤਨੀ ਪ੍ਰੇਮ ਸ਼ੰਕਰ ਵਾਰਡ ਨੰ. 9 ਪਿੰਡ ਤੇ ਡਾਕ. ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ
ਨੋਟਿਸੀ ਨੰ. 1 ਦਾ ਕਾਨੂੰਨੀ ਵਾਰਿਸ : (ਬੀ) ਸ੍ਰੀਮਤੀ ਅਨੁਪਮ ਕੁਮਾਰ ਪਤਨੀ ਆਨੰਦ ਕੁਮਾਰ ਵਾਰਡ ਨੰ. 9 ਪਿੰਡ ਤੇ ਡਾਕ. ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ
ਨੋਟਿਸੀ ਨੰ. 1 ਦਾ ਕਾਨੂੰਨੀ ਵਾਰਿਸ : (ਸੀ) ਆਤਿਸ਼ ਆਨੰਦ ਪੁੱਤਰ ਆਨੰਦ ਕੁਮਾਰ ਵਾਰਡ ਨੰ. 9 ਪਿੰਡ ਤੇ ਡਾਕ. ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਉਸ ਦੀ ਕਾਨੂੰਨੀ ਗਾਰਡੀਅਨ ਮਾਤਾ ਰਾਹੀਂ
2. (ਐੱਚ ਐੱਲ ਵਿੱਚ ਗਰੰਟਰ) : ਸ੍ਰੀ ਬਲਰਾਜ ਮਹੇਂਦ੍ਰੂ ਪੁੱਤਰ ਦੌਲਤ ਰਾਮ ਵਾਸੀ ਰਾਮ ਗਲੀ, ਵਾਰਡ ਨੰ.2 ਅਹੀਆਪੁਰ, ਹੁਸ਼ਿਆਰਪੁਰ, ਪੰਜਾਬ-144204

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (1.12.2024 ਤੋਂ ਬਿਨ੍ਹਾ ਵਿਆਜ) |
|---|---|---|
| HL/022611000047 | Rs. 14,00,000/- | Rs. 14,34,870.60 |

ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਰਹਿਨਨਾਮਾ : ਵਿਕਰੀ ਬੈਨਾਮਾ ਦਸਤਾਵੇਜ਼ ਨੰ. 2022/23/161/1/2465 ਮਿਤੀ 16-03-2023 ਰਾਹੀਂ ਸ੍ਰੀ ਆਨੰਦ ਕੁਮਾਰ ਪੁੱਤਰ ਸ੍ਰੀ ਪ੍ਰੇਮ ਸ਼ੰਕਰ ਦੀ ਮਲਕੀਅਤ ਹੇਠ ਪਿੰਡ ਡੱਲਾ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ ਜਾਇਦਾਦ ਰਕਬਾ 3 ਮਰਲੇ ਦੇ ਸਾਰੇ ਹਿੱਸੇ। (ਵਰਤਮਾਨ ਪਤਾ : ਵਾਰਡ ਨੰ. 9, ਨਿਊ ਰਜਿੰਦਰ ਨਗਰ ਕਾਲੋਨੀ, ਯੂਰੋ ਕਿਡਜ਼ ਸਕੂਲ ਦੇ ਪਿੱਛੇ, ਤਹਿ. ਦਸੂਹਾ ਅਤੇ ਜ਼ਿਲ੍ਹਾ ਹੁਸ਼ਿਆਰਪੁਰ।)
ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਟਾਂਡਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -
(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।
ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।
ਮਿਤੀ : 02.01.2025 ਸਥਾਨ : ਜਲੰਧਰ (ਅਧਿਕਾਰਤ ਅਫਸਰ)



**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 23.12.2024 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।
1. (ਓ ਡੀ ਵਿੱਚ ਕਰਜ਼ਦਾਰ) : ਮੈਸ. ਅਰੂਹੀ ਆਰਕੀਟੈਕਟਸ ਐਂਡ ਕੰਟਸਟਰੰਕਸ਼ਨਜ਼, 1, ਪਾਲਮ ਡਰਾਇਵ ਕਾਲੋਨੀ, ਵਡਾਲਾ, ਜਲੰਧਰ ਰਾਹੀਂ ਇਸ ਦੇ ਮਾਲਕ ਸ੍ਰੀ ਵਿਜੈ ਕੁਮਾਰ।
2. (ਮੈਸ. ਅਰੂਹੀ ਆਰਕੀਟੈਕਟਸ ਐਂਡ ਕੰਟਸਟਰੰਕਸ਼ਨਜ਼ ਦਾ ਮਾਲਕ) : ਸ੍ਰੀ ਵਿਜੈ ਕੁਮਾਰ ਪੁੱਤਰ ਸ੍ਰੀ ਰਘੁਬੀਰ ਸਿੰਘ ਵਾਸੀ ਪਾਲਮ ਡਰਾਇਵ ਕਾਲੋਨੀ, ਵਡਾਲਾ, ਜਲੰਧਰ-144003
3. (ਓ ਡੀ ਵਿੱਚ ਗਰੰਟਰ) : ਸ੍ਰੀ ਸਿੱਧੂ ਕੁਮਾਰ ਪੁੱਤਰ ਸ੍ਰੀ ਸੁਖਰਾਮ ਵਾਸੀ ਨੰ.2 ਟੈਂਕੀ, ਨੇੜੇ ਪਾਣੀ ਵਾਲੀ ਟੈਂਕੀ, ਫੋਕਲ ਪੁਆਇੰਟ, ਇੰਡਸਟਰੀਅਲ ਟਾਊਨ, ਜਲੰਧਰ, ਪੰਜਾਬ-144004
4. (ਓ ਡੀ ਵਿੱਚ ਗਰੰਟਰ) : ਸ੍ਰੀ ਟਵਿੰਕਲ ਕੁਮਾਰੀ ਪਤਨੀ ਸ੍ਰੀ ਵਿਜੈ ਕੁਮਾਰ ਪੁੱਤਰ ਸ੍ਰੀ ਰਘੁਬੀਰ ਸਿੰਘ ਵਾਸੀ ਪਾਲਮ ਡਰਾਇਵ ਕਾਲੋਨੀ, ਵਡਾਲਾ, ਜਲੰਧਰ-144003

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (1.12.2024 ਤੋਂ ਬਿਨ੍ਹਾ ਵਿਆਜ) |
|---|---|---|
| OD/048400000086 | Rs. 12,00,000/- | Rs. 12,85,832.04 |

ਪ੍ਰਾਇਮਰੀ ਸਕਿਉਰਿਟੀ : ਸਟਾਕਾਂ ਅਤੇ ਬੁੱਕ ਡੈਬਟਸ ਦਾ ਰਹਿਨਨਾਮਾ :
ਕਲਾਟਰਲ ਸਕਿਉਰਿਟੀ : ਵਿਕਰਮੀ ਬੈਨਾਮਾ ਦਸਤਾਵੇਜ਼ ਨੰ. 2018-19/187/1/4402 ਮਿਤੀ 23-01-2019 ਰਾਹੀਂ ਸ੍ਰੀਮਤੀ ਟਵਿੰਕਲ ਕੁਮਾਰੀ ਪਤਨੀ ਸ੍ਰੀ ਵਿਜੈ ਕੁਮਾਰ ਦੀ ਮਲਕੀਅਤ ਹੇਠ ਪਲਾਟ ਨੰ. 58 ਪਿੰਡ ਧਾਲੀਵਾਲ, ਤਹਿ. ਜਲੰਧਰ ਵਿਖੇ ਸਥਿਤ ਜਾਇਦਾਦ ਰਕਬਾ 2 ਮਰਲੇ 266 ਵਰਗ ਫੁੱਟ (810 ਵਰਗ ਫੁੱਟ) ਦੇ ਸਾਰੇ ਹਿੱਸੇ।
ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਮਾਡਲ ਟਾਊਨ, ਜਲੰਧਰ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -
(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।
ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।
ਮਿਤੀ : 02.01.2025 ਸਥਾਨ : ਜਲੰਧਰ (ਅਧਿਕਾਰਤ ਅਫਸਰ)

# ਡਰੱਗ ਇੰਸਪੈਕਟਰ ਲੁਧਿਆਣਾ ਖਿਲਾਫ਼ ਵੀ ਕੇਸ ਦਰਜ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਚਲਾਏ ਜਾ ਰਹੇ 22 ਨਸ਼ਾ ਛੁਡਾਊ ਕੇਂਦਰਾਂ ਵਿੱਚ ਨਸ਼ਾ ਛੁਡਾਉਣ ਵਾਲੀਆਂ ਦਵਾਈਆਂ ਦੀ ਦੁਰਵਰਤੋਂ ਕਰਨ ਦੇ ਦੋਸ਼ ਹੇਠ ਡਾ. ਅਮਿਤ ਬਾਂਸਲ ਪੁੱਤਰ ਸੁਭਾਸ਼ ਬਾਂਸਲ, ਵਾਸੀ ਮਕਾਨ ਨੰ. 141, ਸੈਕਟਰ 28-ਏ ਚੰਡੀਗੜ੍ਹ ਨੂੰ ਗ੍ਰਿਫ਼ਤਾਰ ਕੀਤਾ ਹੈ। ਦੱਸਣਯੋਗ ਹੈ ਕਿ ਇਸ ਮਾਮਲੇ 'ਚ ਡਰੱਗ ਇੰਸਪੈਕਟਰ ਲੁਧਿਆਣਾ ਰੁਪਪ੍ਰੀਤ ਕੌਰ ਨੂੰ ਵੀ ਇਸ ਮੁਕੱਦਮੇ ਵਿੱਚ ਸਹਿ ਦੋਸ਼ੀ ਬਣਾਇਆ ਗਿਆ ਹੈ, ਜਿਨ੍ਹਾਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਉਕਤ ਦੋਹਾਂ ਮੁਲਜ਼ਮਾਂ ਵਿਰੁੱਧ ਵਿਜੀਲੈਂਸ ਬਿਊਰੋ ਦੇ ਉਡਣ ਦਸਤਾ-1, ਮੋਹਾਲੀ, ਪੰਜਾਬ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7-ਏ ਅਤੇ ਆਈ.ਪੀ.ਸੀ. ਦੀ ਧਾਰਾ 120-ਬੀ ਤਹਿਤ ਐਫ.ਆਈ.ਆਰ. ਨੰਬਰ 12 ਮਿਤੀ 31.12.2024 ਅਧੀਨ ਕੇਸ ਦਰਜ ਕੀਤਾ ਗਿਆ ਹੈ। ਡਾ. ਅਮਿਤ ਬਾਂਸਲ ਪੰਜਾਬ ਵਿੱਚ ਕਰੀਬ 22 ਨਸ਼ਾ ਛੁਡਾਊ ਕੇਂਦਰ ਚਲਾ ਰਿਹਾ ਹੈ, ਜਿੱਥੇ ਨਸ਼ੇ ਦੇ ਆਦੀ ਮਰੀਜ਼ਾਂ ਨੂੰ ਇਲਾਜ ਲਈ ਐਡਨੋਕ-ਐਨ 0.4 ਅਤੇ ਐਡਨੋਕ-ਐਨ 2.0 (ਬਿਊਪ੍ਰੇਨੋਰਫੀਨ ਅਤੇ ਨਲੋਕਸੋਨ) ਦੀਆਂ ਗੋਲੀਆਂ ਦਿੱਤੀਆਂ ਜਾਂਦੀਆਂ ਹਨ। ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜ਼ਮ ਡਾ. ਅਮਿਤ ਬਾਂਸਲ ਵੱਲੋਂ ਚਲਾਏ ਜਾ ਰਹੇ ਇਨ੍ਹਾਂ ਨਸ਼ਾ ਛੁਡਾਊ ਕੇਂਦਰਾਂ 'ਚ ਉਕਤ ਗੋਲੀਆਂ ਦੀ ਦੁਰਵਰਤੋਂ ਹੋ ਰਹੀ ਸੀ ਅਤੇ ਇਹ ਗੋਲੀਆਂ ਬਾਜ਼ਾਰ 'ਚ ਅਜਿਹੇ ਵਿਅਕਤੀਆਂ ਅਤੇ ਨਸ਼ੇ ਦੇ ਆਦੀਆਂ ਨੂੰ ਵੇਚੀਆਂ ਜਾ ਰਹੀਆਂ ਸਨ, ਜਿਨ੍ਹਾਂ ਦਾ ਨਾਮ ਇਨ੍ਹਾਂ ਨਸ਼ਾ ਛੁਡਾਊ ਕੇਂਦਰਾਂ ਦੀ ਸੂਚੀ 'ਚ ਸ਼ਾਮਲ ਨਹੀਂ ਸੀ।ਉਨ੍ਹਾਂ ਅੱਗੇ ਦੱਸਿਆ ਕਿ ਇਸ ਤੋਂ ਪਹਿਲਾਂ ਡਾਕਟਰ ਅਮਿਤ ਬਾਂਸਲ ਦੇ ਲੁਧਿਆਣਾ ਸਥਿਤ ਸਿਮਰਨ ਹਸਪਤਾਲ/ਨਸ਼ਾ ਛੁਡਾਊ ਕੇਂਦਰ ਦੇ ਕਰਮਚਾਰੀਆਂ ਵਿਦੰਤ ਅਤੇ ਕਮਲਜੀਤ ਸਿੰਘ ਵਿਰੁੱਧ ਥਾਣਾ ਐਸ.ਟੀ.ਐਫ, ਫੇਜ਼-4, ਮੋਹਾਲੀ ਵਿਖੇ ਮੁਕੱਦਮਾ ਨੰਬਰ 242 ਮਿਤੀ 05.10.2022 ਦਰਜ ਕੀਤਾ ਗਿਆ ਸੀ। ਇਨ੍ਹਾਂ ਮੁਲਾਜ਼ਮਾਂ ਵੱਲੋਂ ਦਿੱਤੇ ਗਏ ਇਕਬਾਲੀਆ ਬਿਆਨਾਂ ਦੇ ਆਧਾਰ 'ਤੇ ਉਨ੍ਹਾਂ ਕੋਲੋਂ ਕਰੀਬ 23000 ਗੋਲੀਆਂ ਅਤੇ 90000 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਸੀ।ਜ਼ਿਕਰਯੋਗ ਹੈ ਕਿ ਉਸੇ ਦਿਨ ਐਸ.ਟੀ.ਐਫ. ਦੀ ਟੀਮ ਨੇ ਡਰੱਗ ਇੰਸਪੈਕਟਰ ਰੁਪਪ੍ਰੀਤ ਕੌਰ ਦੀ ਹਾਜ਼ਰੀ ਵਿੱਚ ਉਪਰੋਕਤ ਸਿਮਰਨ ਨਸ਼ਾ ਛੁਡਾਊ ਕੇਂਦਰ ਦੀ ਛਾਣਬੀਨ ਕੀਤੀ, ਜਿੱਥੇ ਰਿਕਾਰਡ ਅਨੁਸਾਰ 4610 ਗੋਲੀਆਂ ਘੱਟ ਪਾਈਆਂ ਗਈਆਂ।ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਛਾਣਬੀਨ ਤੋਂ ਬਾਅਦ ਨਿਰੀਖਣ ਟੀਮ ਦੇ ਦਸਤਖ਼ਤਾਂ ਹੇਠ ਰਿਪੋਰਟ ਤਿਆਰ ਕੀਤੀ ਗਈ ਪਰ ਉਕਤ ਡਰੱਗ ਇੰਸਪੈਕਟਰ ਰੁਪਪ੍ਰੀਤ ਕੌਰ ਨੇ ਡਾਇਰੈਕਟਰ, ਸਿਹਤ ਤੇ ਪਰਵਾਰ ਭਲਾਈ ਪੰਜਾਬ ਨੂੰ ਇੱਕ ਵੱਖਰੀ ਰਿਪੋਰਟ ਭੇਜੀ, ਜਿਸ ਵਿੱਚ ਉਨ੍ਹਾਂ ਨੇ ਡਾ. ਅਮਿਤ ਬਾਂਸਲ ਨਾਲ ਮਿਲੀਭੁਗਤ ਕਰਕੇ ਉਸ ਨੂੰ 610 ਗੋਲੀਆਂ ਦੀ ਘਾਟ ਸਬੰਧੀ ਕਾਨੂੰਨੀ ਕਾਰਵਾਈ ਤੋਂ ਬਚਾਉਣ ਲਈ 4610 ਗੋਲੀਆਂ ਦੀ ਬਜਾਏ 4000 ਗੋਲੀਆਂ ਦੀ ਘਾਟ ਦਾ ਹੀ ਜ਼ਿਕਰ ਕੀਤਾ, ਜੋ ਸਪੱਸ਼ਟ ਤੌਰ 'ਤੇ ਉਨ੍ਹਾਂ ਵੱਲੋਂ ਸਰਕਾਰੀ ਅਹੁਦੇ ਦੀ ਦੁਰਵਰਤੋਂ ਅਤੇ ਭ੍ਰਿਸ਼ਟਾਚਾਰ ਨੂੰ ਦਰਸਾਉਂਦਾ ਹੈ।ਜ਼ਿਕਰਯੋਗ ਹੈ ਕਿ ਕਿਸੇ ਵਿਅਕਤੀ ਵੱਲੋਂ ਡਾਕਟਰ ਬਾਂਸਲ ਦੇ ਸਹਿਜ ਹਸਪਤਾਲ ਨਕੋਦਰ ਨਾਮੀ ਇੱਕ ਹੋਰ ਨਸ਼ਾ ਛੁਡਾਊ ਕੇਂਦਰ ਦੀ ਵੀਡੀਓ ਵਾਇਰਲ ਕੀਤੀ ਗਈ ਸੀ, ਜਿਸ ਦਾ ਤਤਕਾਲੀ ਡਿਪਟੀ ਕਮਿਸ਼ਨਰ ਜਲੰਧਰ ਵੱਲੋਂ ਤੁਰੰਤ ਨੋਟਿਸ ਲੈਂਦਿਆਂ ਇਸ ਸਬੰਧੀ ਥਾਣਾ ਸਿਟੀ, ਨਕੋਦਰ ਵਿਖੇ ਐਫ.ਆਈ.ਆਰ ਨੰਬਰ 64 ਮਿਤੀ 08.06.2024 ਦਰਜ ਕਰਵਾਈ ਗਈ ਸੀ। ਉਕਤ ਸਹਿਜ ਨਸ਼ਾ ਛੁਡਾਊ ਕੇਂਦਰ ਦੀ ਚੈਕਿੰਗ ਦੌਰਾਨ ਉੱਥੇ ਨਿਰੀਖਣ ਕਮੇਟੀ ਵੱਲੋਂ ਐਡਨੋਕ-ਐਨ ਦੀਆਂ ਕਰੀਬ 144000 ਗੋਲੀਆਂ ਘੱਟ ਪਾਈਆਂ ਗਈਆਂ ਸਨ।ਤਤਕਾਲੀ ਡਿਪਟੀ ਕਮਿਸ਼ਨਰ ਜਲੰਧਰ ਨੇ ਜਾਂਚ ਪੂਰੀ ਹੋਣ ਤੱਕ ਉਕਤ ਹਸਪਤਾਲ/ਨਸ਼ਾ ਛੁਡਾਊ ਕੇਂਦਰ ਦੇ ਆਨਲਾਈਨ ਪੋਰਟਲ ਨੂੰ ਫ੍ਰੀਜ਼ ਕਰਨ ਅਤੇ ਇਸ ਦਾ ਲਾਇਸੈਂਸ ਮੁਅੱਤਲ ਕਰਨ ਦੇ ਹੁਕਮ ਦਿੱਤੇ ਸਨ। ਇਸ ਤੋਂ ਬਾਅਦ ਡਾ. ਅਮਿਤ ਬਾਂਸਲ ਨੇ ਸਿਹਤ ਅਤੇ ਪਰਿਵਾਰ ਭਲਾਈ ਡਾਇਰੈਕਟੋਰੇਟ ਪੰਜਾਬ ਦੇ ਅਧਿਕਾਰੀਆਂ/ਕਰਮਚਾਰੀਆਂ ਨਾਲ ਮਿਲੀਭੁਗਤ ਕਰਕੇ ਇਸ ਮਾਮਲੇ ਨੂੰ ਦਬਾ ਦਿੱਤਾ। ਇਹ ਵੀ ਪਤਾ ਲੱਗਾ ਹੈ ਕਿ ਡਾ. ਅਮਿਤ ਬਾਂਸਲ ਦੀ ਮਾਲਕੀ ਵਾਲੇ ਇੱਕ ਹੋਰ ਆਦਰਸ਼ ਹਸਪਤਾਲ/ਨਸ਼ਾ ਛੁਡਾਊ ਕੇਂਦਰ ਪਟਿਆਲਾ ਦੇ ਮੁਲਾਜ਼ਮਾਂ ਵਿਰੁੱਧ ਥਾਣਾ ਅਨਾਜ ਮੰਡੀ, ਪਟਿਆਲਾ ਵਿਖੇ ਇੱਕ ਵੱਖਰਾ ਮੁਕੱਦਮਾ ਨੰਬਰ 154 ਮਿਤੀ 11.11.2024 ਦਰਜ ਕੀਤਾ ਗਿਆ ਹੈ।ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਦੇ ਉਡਣ ਦਸਤਾ-1 ਨੇ ਮੁਲਜ਼ਮ ਡਾ. ਅਮਿਤ ਬਾਂਸਲ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਨਸ਼ਾ ਛੁਡਾਊ ਕੇਂਦਰਾਂ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਇਸ ਸਾਰੇ ਗਠਜੋੜ ਵਿਚ ਸ਼ਾਮਲ ਹੋਰ ਮੁਲਾਜ਼ਮਾਂ/ਆਮ ਵਿਅਕਤੀਆਂ ਦੀ ਭੂਮਿਕਾ ਦਾ ਪਤਾ ਲਗਾਉਣ ਵਾਸਤੇ ਇਸ ਮੁਕੱਦਮੇ ਦੀ ਡੂੰਘਾਈ ਨਾਲ ਜਾਂਚ ਅਰੰਭੀ ਹੋਈ ਹੈ।

## ਰਿਸ਼ਵਤ ਲੈਂਦਾ ਏ ਐਸ ਆਈ ਵਿਜੀਲੈਂਸ ਬਿਊਰੋ ਵੱਲੋਂ ਰੰਗੇ-ਹੱਥੀਂ ਕਾਬੂ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਥਾਣਾ ਸਿਟੀ-2, ਕਪੂਰਥਲਾ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਮਨਜੀਤ ਸਿੰਘ ਨੂੰ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਸ ਮੁਲਾਜ਼ਮ ਵਿਰੁੱਧ ਇਹ ਕੇਸ ਕਪੂਰਥਲਾ ਜ਼ਿਲ੍ਹੇ ਦੇ ਫੱਤੂਢੀਂਗਾ ਦੀ ਰਹਿਣ ਵਾਲੀ ਗੁਰਜੀਤ ਕੌਰ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਹੈ ਕਿ ਉਕਤ ਮੁਲਜ਼ਮ ਨੇ ਉਸਦੇ ਖਿਲਾਫ਼ ਥਾਣੇ ਵਿੱਚ ਕੀਤੀ ਗਈ ਸ਼ਿਕਾਇਤ ਦੀ ਨਕਲ ਅਤੇ ਉਸ ਵੱਲੋਂ ਸ਼ਿਕਾਇਤ ਕਰਨ ਵਾਲੇ ਵਿਅਕਤੀਆਂ ਨਾਲ ਕੀਤੇ ਗਏ ਰਾਜ਼ੀਨਾਮੇ ਦੀਆਂ ਕਾਪੀਆਂ ਮੁਹੱਈਆ ਕਰਵਾਉਣ ਬਦਲੇ ਉਸ ਤੋਂ 5,000 ਰੁਪਏ ਰਿਸ਼ਵਤ ਮੰਗੀ ਸੀ। ਸ਼ਿਕਾਇਤਕਰਤਾ ਗੁਰਜੀਤ ਕੌਰ ਨੇ ਅੱਗੇ ਦੱਸਿਆ ਕਿ ਮੁਲਜ਼ਮ ਏ.ਐਸ.ਆਈ. ਨੇ ਉਕਤ ਪੁਲਿਸ ਸ਼ਿਕਾਇਤ ਦਾ ਨਿਬੇੜਾ ਉਸਦੇ ਹੱਕ ਵਿੱਚ ਕਰਨ ਲਈ ਉਸ ਤੋਂ ਪਹਿਲਾਂ ਵੀ 1500 ਰੁਪਏ ਲੈ ਲਏ ਹਨ।ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਪੁਲਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਰਕਮ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਕਤ ਮੁਲਜ਼ਮ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।



## ਸਨੈਚਿੰਗ ਤੇ ਡਕੈਤੀ ਦੇ ਦੋਸ਼ 'ਚ ਚਾਰ ਗ੍ਰਿਫਤਾਰ

**ਜਲੰਧਰ (ਇਕਬਾਲ ਸਿੰਘ ਉਭੀ)**-ਚੋਰੀ ਅਤੇ ਡਕੈਤੀ ਦੀਆਂ ਘਟਨਾਵਾਂ ਨੂੰ ਨੱਥ ਪਾਉਂਦੇ ਹੋਏ ਜਲੰਧਰ ਕਮਿਸ਼ਨਰੇਟ ਪੁਲਸ ਨੇ ਕਈ ਸਨੈਚਿੰਗ ਅਤੇ ਡਕੈਤੀ ਦੀਆਂ ਵਾਰਦਾਤਾਂ ਵਿੱਚ ਸ਼ਾਮਲ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਬਾਲਟਨ ਪਾਰਕ ਨੇੜੇ ਰੁਟੀਨ ਗਸ਼ਤ 'ਤੇ ਕਾਰਵਾਈ ਕਰਦੇ ਹੋਏ, ਅਪਰਾਧ ਸ਼ਾਖਾ ਦੀ ਟੀਮ ਨੇ ਸ਼ੱਕੀ ਵਿਅਕਤੀਆਂ ਨੂੰ ਲਿਜਾ ਰਹੇ ਦੋ ਅਣ-ਰਜਿਸਟਰਡ ਐਕਟਿਵਾ ਸਕੂਟਰਾਂ ਨੂੰ ਰੋਕਿਆ।ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਨੇ ਤਫ਼ਤੀਸ਼ ਕਰਨ 'ਤੇ ਇਨ੍ਹਾਂ ਚੋਰਾਂ ਕੋਲੋਂ ਚਾਰ ਮੋਬਾਈਲ ਫ਼ੋਨ, ਇੱਕ ਲੈਪਟਾਪ ਅਤੇ ਦੋ ਸਕੂਟਰਾਂ ਸਮੇਤ ਚੋਰੀ ਦਾ ਸਮਾਨ ਬਰਾਮਦ ਕੀਤਾ ਹੈ ਫੜੇ ਗਏ ਵਿਅਕਤੀਆਂ ਦੀ ਪਛਾਣ ਮੁਨੀਸ਼ ਕੁਮਾਰ ਉਰਫ਼ ਮੋਨੂੰ, ਅਜੇ ਕੁਮਾਰ, ਰਵੀ ਕੁਮਾਰ ਉਰਫ਼ ਰਵੀ ਅਤੇ ਨਿਤੀਸ਼ ਕੁਮਾਰ ਉਰਫ਼ ਨਿਤੀਸ਼ ਵਜੋਂ ਹੋਈ ਹੈ।

## ਸੁਲਤਾਨਵੀ ਨੇ ਧਾਰਮਿਕ ਸਮਾਗਮ 'ਚ ਹਾਜ਼ਰੀ ਭਰੀ



**ਸੁਲਤਾਨਪੁਰ ਲੋਧੀ, (ਹਨੀ)**-ਨਵੇਂ ਸਾਲ ਮੌਕੇ ਸਤਿਗੁਰੂ ਵਾਲਮੀਕਿ ਪ੍ਰਗਟ ਉਤਸਵ ਕਮੇਟੀ ਮੁਹੱਲਾ ਅਰੋੜਾ ਰਸਤਾ ਸੁਲਤਾਨਪੁਰ ਲੋਧੀ ਵੱਲੋਂ ਸਤਿਸੰਗ ਕਰਵਾਇਆ ਗਿਆ।ਇਸ ਦੌਰਾਨ ਉੱਘੇ ਭਜਨ ਗਾਇਕ ਰਜਿੰਦਰ ਸੁਲਤਾਨਵੀ ਨੇ ਆਪਣੇ ਚਰਚਿਤ ਭਜਨਾ ਰਾਹੀਂ ਸੰਗਤ ਵਿੱਚ ਹਾਜਰੀ ਭਰੀ।ਧਾਰਮਿਕ ਸਮਾਗਮ ਦਾ ਆਗਾਜ਼ ਮਾਂ ਸਰਸਵਤੀ ਦੀ ਅਰਾਧਨਾ ਤੇ ਗਣੇਸ਼ ਵੰਦਨਾ ਨਾਲ ਕੀਤਾ ਗਿਆ।ਇਸ ਮੌਕੇ ਜਤਿੰਦਰ ਲਹੌਰਾ, ਪੂਜਾ ਰਾਣੀ ਕੌਂਸਲਰ, ਬੌਬ ਲਹੌਰਾ, ਰਾਹੁਲ ਨਾਹਰ, ਵਿਨੇ ਸਹੋਤਾ, ਰੋਹਿਤ ਨਾਹਰ, ਵਿੱਕੀ ਨਾਹਰ, ਸੀਪਾ, ਸਮਨ ਨਾਹਰ, ਵਿਪੁਲ ਚੌਹਾਨ, ਰਾਜੂ ਥਾਪਰ, ਕਰਨ ਚੌਹਾਨ, ਕੇ ਕੇ ਚੌਹਾਨ, ਮੁੰਨਾ ਨਾਹਰ, ਸੁਦੇਸ਼ ਸਹੋਤਾ ਆਦਿ ਹਾਜ਼ਰ ਸਨ।

## ਡੀ ਏ ਵੀ ਸਕੂਲ ਫਿਲੌਰ ਵਿਖ਼ੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

**ਫਿਲੌਰ (ਬੀ ਐਸ ਕੈਨਡੀ)**- ਸਥਾਨਕ ਡੀ ਆਰ ਵੀ ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਫਿਲੌਰ ਵਿਖੇ ਪਿਛਲੇ ਸਾਲਾਂ ਦੀ ਤਰ੍ਹਾਂ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਕੀਰਤਨ ਦਾ ਆਯੋਜਨ ਕੀਤਾ ਗਿਆ।ਅਸੀਸਾਂ ਅਤੇ ਵਿਕਾਸ ਲਈ ਇੱਕ ਜੁੱਟ ਹੋਕੇ, ਨਵੇਂ ਸਾਲ ਵਿੱਚ ਆਸ, ਸਕਾਰਾਤਮਕਤਾ ਅਤੇ ਮਜ਼ਬੂਤ ਦ੍ਰਿੜਤਾ ਦੇ ਨਾਲ ਅੱਗੇ ਵਧਣ ਦਾ ਸੁਨੇਹਾ ਫੈਲਾਇਆ ਗਿਆ।ਇਹ ਸਾਲ ਬਦਲਾਅ, ਵਿਕਾਸ ਅਤੇ ਅਨੰਤ ਸੰਭਾਵਨਾਵਾਂ ਦਾ ਹੋਵੇਗਾ।ਇਸੇ ਰਾਹੀਂ ਪੂਰੇ ਸਕੂਲ ਮੈਂਬਰ ਸਾਹਿਬਾਨ, ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਖੁਸ਼ਹਾਲੀ ਅਤੇ ਸੰਸਥਾ ਦੀ ਤਰੱਕੀ ਲਈ ਵਾਹਿਗੁਰੂ ਦਾ ਅਸ਼ੀਰਵਾਦ ਲਿਆ ਗਿਆ।ਇਸ ਤੋਂ ਇਲਾਵਾ, ਸਮੂਹ ਮਨੁੱਖਤਾ ਦੀ ਸ਼ਾਂਤੀ ਅਤੇ ਭਲਾਈ ਲਈ ਵਿਸ਼ੇਸ਼ ਅਰਦਾਸ ਕੀਤੀ ਗਈ।ਸਕੂਲ ਦੇ ਵਿਹੜੇ ਵਿੱਚ ਸਾਰਿਆਂ ਦੀ ਹਾਜ਼ਰੀ ਨਾਲ ਹੋਰ ਵੀ ਖੁਸ਼ੀ ਮਿਲੀ।ਸਕੂਲ ਦੇ ਪ੍ਰਿੰਸੀਪਲ ਡਾ. ਯੋਗੇਸ਼ ਗੰਭੀਰ ਨੇ ਨਵੇਂ ਵਰ੍ਹੇ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਵਾਹਿਗੁਰੂ ਦੀ ਕ੍ਰਿਪਾ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਸਾਲ ਦੀ ਸ਼ੁਰੂਆਤ ਆਧਿਆਤਮਿਕ ਤਾਕਤ ਅਤੇ ਸਕਾਰਾਤਮਕਤਾ ਨਾਲ ਕਰਨ ਦੇ ਮਹੱਤਵ ਨੂੰ ਜ਼ੋਰ ਦਿੱਤਾ।ਉਨ੍ਹਾਂ ਨੇ ਸਭ ਨੂੰ ਦਇਆ, ਮਿਹਨਤ ਵਰਗੇ ਨੈਤਿਕ ਮੁੱਲਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਵਰਤਣ ਲਈ ਪ੍ਰੇਰਿਤ ਕੀਤਾ।



## ਸੁਨਿਆਰੇ ਦੀ ਦੁਕਾਨ 'ਚ ਲੱਖਾਂ ਰੁਪਏ ਦੀ ਚੋਰੀ

**ਫਿਲੌਰ, (ਨਿਰਮਲ, ਹਰਜਿੰਦਰ ਕੌਰ ਚਾਹਲ)**

ਬੀਤੀ ਰਾਤ ਪੁਰਾਣੀ ਤਹਿਸੀਲ ਰੋਡ ਫਿਲੌਰ ਵਿਖੇ 2 ਸਕੇ ਭਰਾਵਾਂ ਦੀਆਂ ਸੁਨਿਆਰੇ ਦੀਆਂ ਦੁਕਾਨਾਂ ਨੂੰ ਚੋਰਾਂ ਨੇ ਆਪਣਾ ਨਿਸ਼ਾਨਾ ਬਣਾਇਆ। 7-8 ਦੇ ਕਰੀਬ ਚੋਰਾਂ ਦੇ ਵੱਡੇ ਗਿਰੋਹ ਵੱਲੋਂ ਪਹਿਲਾਂ ਜੋਤੀ ਜਿਊਲਰਜ਼ ਦੀ ਦੁਕਾਨ ਦੇ ਸ਼ਟਰ ਦੇ ਤਾਲੇ ਤੋੜੇ ਕੇ ਅੰਦਰ ਪਏ ਪਲਾਸਟਿਕ ਦੇ ਡੱਬਿਆਂ ਵਿੱਚੋ ਚਾਂਦੀ ਅਤੇ ਸੋਨੇ ਦੇ ਗਹਿਣੀਆਂ ਨੂੰ ਡੱਬਿਆਂ ਵਿੱਚੋਂ ਕੱਢ ਬੈਗ ਵਿੱਚ ਭਰ ਲਿਆ।ਚੋਰਾਂ ਨੇ ਦੁਕਾਨ ਅੰਦਰ ਪਈ ਅਲਮਾਰੀ ਨੂੰ ਵੀ ਤੋੜਕੇ ਉਸ ਵਿੱਚੋਂ ਸੋਨੇ ਦੇ ਗਹਿਣੇ ਅਤੇ 5 ਲੱਖ ਰੁਪਏ ਦੇ ਕਰੀਬ ਨਗਦੀ ਚੋਰੀ ਕਰ ਲਈ।ਚੋਰਾਂ ਨੇ ਇੱਥੇ ਹੀ ਬੱਸ ਨਹੀਂ ਕੀਤੀ ਉਨ੍ਹਾਂ ਨਾਲ ਲੱਗਦੀ ਦੁਕਾਨ ਜੋਤੀ ਜਿਊਲਰਜ਼ ਦੇ ਮਾਲਕ ਅਜੇ ਲੂਥਰਾ ਦੀ ਸ੍ਰੀ ਸਾਈਂ ਜਿਊਲਰਜ਼ ਦੀ ਦੁਕਾਨ ਦੇ ਬਾਹਰਲਾ ਸ਼ਟਰ ਤੋੜ ਦਿੱਤਾ ਅਤੇ ਫਿਰ ਉਨ੍ਹਾਂ ਕੇਚੀ ਗੇਟ ਨੂੰ ਤੋੜਕੇ ਉਹ ਐਲਮੀਨੀਅਮ ਡੋਰ ਤੋੜਨ ਦੀ ਕੋਸ਼ਿਸ਼ ਕਰ ਰਹੇ ਸਨ ਕਿ ਇੰਨੇ ਨੂੰ ਦੁਕਾਨ ਅੰਦਰ ਸੁੱਤੇ ਅਜੇ ਲੂਥਰਾ ਨੇ ਰੋਲਾ ਪਾਉਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਚੋਰ ਭਜ ਗਏ। ਇਸ ਮੌਕੇ ਜੋਤੀ ਜਿਊਲਰਜ਼ ਦੇ ਮਾਲਕ ਵਿਨੋਦ ਲੂਥਰਾ ਨੇ ਦੱਸਿਆ ਕਿ ਉਨ੍ਹਾਂ ਦੀ ਦੁਕਾਨ ਦੀ ਉਪਰਲੀ ਮੰਜ਼ਲ 'ਚ ਉਸਾਰੀ ਦਾ ਕੰਮ ਚੱਲ ਰਿਹਾ ਸੀ, ਚੋਰ ਉਨ੍ਹਾਂ ਦੀ ਦੁਕਾਨ 'ਚ ਲੱਗੇ ਨਵੇਂ ਛੋਟੇ ਸ਼ਟਰ ਦੇ ਤਾਲੇ ਤੋੜਕੇ ਅੰਦਰ ਦਾਖਲ ਹੋ ਕੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ।ਅਜੇ ਲੂਥਰਾ ਨੇ ਦੱਸਿਆ ਕਿ ਉਨ੍ਹਾਂ ਆਪਣੀ ਦੁਕਾਨ 'ਤੇ ਹੋਈ ਚੋਰੀ ਸਬੰਧੀ ਪੁਲਸ ਸੂਚਨਾ ਦੇ ਦਿੱਤੀ ਸੀ, ਪਰ ਉਨ੍ਹਾਂ ਦੇ ਵੱਡੇ ਭਰਾ ਦੀ ਦੁਕਾਨ ਦੀ ਚੋਰੀ ਬਾਰੇ ਸਵੇਰੇ ਪਤਾ ਲੱਗਾ ਸੀ, ਉਨ੍ਹਾਂ ਪੁਲਸ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਉਨ੍ਹਾਂ ਦੇ ਚੋਰੀ ਕਰਨ ਵਾਲੇ ਗਰੋਹ ਨੂੰ ਜਲਦ ਕਾਬੂ ਕਰਕੇ ਉਨ੍ਹਾਂ ਦਾ ਚੋਰੀ ਹੋਇਆ ਸਮਾਨ ਉਨ੍ਹਾਂ ਨੂੰ ਦਿਵਾਇਆ ਜਾਵੇ।ਚੋਰੀ ਦਾ ਸਮਾਚਾਰ ਮਿਲਦਿਆਂ ਹੀ ਥਾਣਾ ਫਿਲੌਰ ਤੋਂ ਥਾਣੇਦਾਰ ਜਸਵਿੰਦਰ ਸਿੰਘ ਅਤੇ ਥਾਣੇਦਾਰ ਪਰਮਜੀਤ ਸਿੰਘ ਨੇ ਮੌਕੇ ਪਹੁੰਚ ਕੇ ਚੋਰੀ ਦੀ ਬਰੀਕੀ ਨਾਲ ਜਾਂਚ ਆਰੰਭ ਕਰ ਦਿੱਤੀ।



## 80 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ



**ਕਾਲਾ ਸੰਘਿਆਂ (ਮਨਜੀਤ ਮਾਨ)**—ਪੁਲਸ ਚੌਂਕੀ ਕਾਲਾ ਸੰਘਿਆਂ ਦੇ ਇੰਚਾਰਜ ਏ ਐਸ ਆਈ ਅਮਰਜੀਤ ਸਿੰਘ ਦੀ ਅਗਵਾਈ ਹੇਠ ਪਿੰਡ ਸੁਖਾਣੀ 'ਤੇ ਨਾਕਾਬੰਦੀ ਕਰਕੇ ਆਉਣ ਜਾਣ ਵਾਲੇ ਵਾਹਨਾਂ ਦੀ ਸਖ਼ਤੀ ਦੇ ਨਾਲ ਚੈਕਿੰਗ ਕੀਤੀ ਜਾ ਰਹੀ ਸੀ। ਪੁਲਸ ਪਾਰਟੀ ਨੇ ਪਿੰਡ ਅਠੋਲਾ ਜ਼ਿਲ੍ਹਾ ਜਲੰਧਰ ਵੱਲੋਂ ਇੱਕ ਮੋਟਰਸਾਈਕਲ ਸਵਾਰ ਵਿਅਕਤੀ, ਜਿਸ ਦਾ ਮੂੰਹ ਬੰਨ੍ਹਿਆ ਹੋਇਆ ਸੀ 'ਤੇ ਪਿੰਡ ਸੁਖਾਣੀ ਪੁਲੀ ਵੱਲ ਨੂੰ ਆ ਰਿਹਾ ਸੀ, ਨੂੰ ਰੁਕਣ ਦਾ ਇਸ਼ਾਰਾ ਕੀਤਾ ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ। ਉਸ ਦੀ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿੱਚੋਂ 80 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ, ਜਿਸ ਦੀ ਪਛਾਣ ਨਵੀਂ ਕੁਮਾਰ ਉਰਫ ਨੰਨ੍ਹੀ ਪੁੱਤਰ ਰਾਮ ਲੁਭਾਇਆ ਵਾਸੀ ਪਿੰਡ ਆਲਮਗੀਰ ਕਾਲਾ ਸੰਘਿਆਂ ਵਜੋਂ ਹੋਈ ਹੈ। ਜਿਸ ਨੂੰ ਮੌਕੇ ਤੇ ਗ੍ਰਿਫਤਾਰ ਕਰਕੇ ਮਾਣਯੋਗ ਕੋਰਟ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਰਿਮਾਂਡ ਲਿਆ ਗਿਆ ਹੈ।

## ਹੈਰੋਇਨ ਤੇ 28 ਨਸ਼ੀਲੀਆਂ ਗੋਲੀਆਂ ਸਮੇਤ ਦੋ ਕਾਬੂ

**ਬੰਗਾ (ਅਵਤਾਰ ਕਲੇਰ)**

ਥਾਣਾ ਮੁਕੰਦਪੁਰ ਦੀ ਪੁਲਸ ਨੂੰ ਉਸ ਸਮੇਂ ਸਫਲਤਾ ਪ੍ਰਾਪਤ ਹੋਈ ਜਦੋਂ ਏ ਐਸ ਆਈ ਸੰਦੀਪ ਸਿੰਘ ਥਾਣਾ ਮੁਕੰਦਪੁਰ ਪੁਲਿਸ ਪਾਰਟੀ ਸਮੇਤ ਨਵੇਂ ਸਾਲ ਦੀ ਆਮਦ 'ਤੇ ਗਸ਼ਤ 'ਤੇ ਮੁਕੰਦਪੁਰ ਤੋਂ ਹੁੰਦੇ ਹੋਏ ਪਿੰਡ ਬਖਲੌਰ ਸਾਇਡ ਨੂੰ ਰਹੇ ਸੀ ਤਾਂ ਬਖਲੌਰ ਸਾਇਡ ਤੋਂ ਇਕ ਸਕੂਟਰੀ ਐਕਟਿਵਾ ਨੰਬਰ ਪੀਬੀ -32-0-5401 'ਤੇ ਦੋ ਨੌਜਵਾਨਾਂ ਨੂੰ ਕਾਬੂ ਕੀਤਾ। ਇਹਨਾਂ ਨੇ ਆਪਣਾ ਨਾਂਅ ਲੱਭਾ ਪੁੱਤਰ ਜੀਤ ਰਾਮ ਵਾਸੀ ਬਖਲੌਰ ਥਾਣਾ ਮੁਕੰਦਪੁਰ ਅਤੇ ਸਕੂਟਰੀ ਚਾਲਕ ਨੇ ਆਪਣਾ ਨਾਂਅ ਰਾਮ ਤੀਰਥ ਪੁੱਤਰ ਸੁਰਿੰਦਰ ਸਿੰਘ ਵਾਸੀ ਮਾਲੋ ਮਜਾਰਾ ਥਾਣਾ ਮੁਕੰਦਪੁਰ ਦੱਸਿਆ। ਇਨ੍ਹਾਂ ਪਾਸੋ 05 ਗ੍ਰਾਮ ਹੈਰੋਇੰਨ ਅਤੇ 28 ਨਸ਼ੀਲੀਆਂ ਗੋਲੀਆਂ ਦੀ ਬਰਾਮਦੀ ਕੀਤੀ। ਥਾਣਾ ਮੁਕੰਦਪੁਰ ਦੇ ਐਸ ਐਚ ਓ ਮਹਿੰਦਰ ਸਿੰਘ ਨੇ ਦੱਸਿਆ ਕਿ ਮੁਕੱਦਮਾ ਦਰਜ ਕਰਕੇ ਕਥਿਤ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਤੇ ਦੋਸ਼ੀਆ ਦਾ ਰਿਮਾਂਡ ਹਾਸਲ ਕਰਕੇ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



## ਐਕਿਊਟ ਇਸਕੇਮਿਕ ਸਟ੍ਰੋਕ ਤੋਂ ਪੀੜਤ ਮਰੀਜ਼ ਨੂੰ ਮਿਲਿਆ ਨਵਾਂ ਜੀਵਨ

**ਹੁਸ਼ਿਆਰਪੁਰ ( ਬਲਵੀਰ ਸਿੰਘ ਸੈਣੀ)**-ਐਕਿਊਟ ਇਸਕੀਮਿਕ ਸਟ੍ਰੋਕ ਤੋਂ ਪੀੜਤ 73 ਸਾਲਾ ਵਿਅਕਤੀ ਨੂੰ ਮੈਕਸ ਹਸਪਤਾਲ ਵਿੱਚ ਸਫ਼ਲਤਾਪੂਰਵਕ ਇਲਾਜ ਤੋਂ ਬਾਅਦ ਨਵੀਂ ਜ਼ਿੰਦਗੀ ਮਿਲੀ ਹੈ। ਐਕਿਊਟ ਇਸਕੇਮਿਕ ਸਟ੍ਰੋਕ ਇੱਕ ਐਮਰਜੈਂਸੀ ਹੈ ਜੋ ਦਿਮਾਗ ਵਿੱਚ ਖੂਨ ਦੇ ਪ੍ਰਵਾਹ ਵਿੱਚ ਕਮੀ ਦੇ ਕਾਰਨ ਹੁੰਦੀ ਹੈ, ਨਤੀਜੇ ਵਜੋਂ ਦਿਮਾਗ ਦੇ ਸੈੱਲਾਂ ਨੂੰ ਨੁਕਸਾਨ ਹੁੰਦਾ ਹੈ।ਮਰੀਜ਼ ਨੂੰ ਗੰਭੀਰ ਹਾਲਤ ਵਿੱਚ ਮੈਕਸ ਹਸਪਤਾਲ ਲਿਆਂਦਾ ਗਿਆ ਸੀ।ਉਹ ਸੱਜੇ ਪਾਸੇ ਅਧਰੰਗ ਤੋਂ ਪੀੜਤ ਸੀ, ਜਿਸ ਨਾਲ ਉੱਪਰਲੇ ਅਤੇ ਹੇਠਲੇ ਦੋਵੇਂ ਅੰਗ ਪ੍ਰਭਾਵਿਤ ਹੋ ਰਹੇ ਸਨ, ਨਾਲ ਹੀ ਬੋਲਣ ਵਿੱਚ ਮੁਸ਼ਕਲ ਹੋ ਰਹੀ ਸੀ।ਮਰੀਜ਼ ਨੂੰ ਐਮਰਜੈਂਸੀ ਵਿਭਾਗ ਵਿੱਚ ਤਬਦੀਲ ਕੀਤਾ ਗਿਆ ਸੀ। ਵਿਸਤ੍ਰਿਤ ਮੁਲਾਂਕਣ ਤੋਂ ਬਾਅਦ ਖੱਬੇ ਸੇਰਬ੍ਰਲ ਧਮਨੀਆਂ ਵਿੱਚ ਰੁਕਾਵਟ ਦੀ ਪਛਾਣ ਕੀਤੀ ਗਈ ਸੀ ਤੇ ਸਟ੍ਰੋਕ ਦੀ ਪੁਸ਼ਟੀ ਕੀਤੀ ਗਈ ਸੀ।ਸੀਨੀਅਰ ਇੰਟਰਵੈਂਸ਼ਨਲ ਨਿਊਰੋਰਾਡੀਓਲੋਜਿਸਟ, ਮੈਕਸ ਹਸਪਤਾਲ ਦੇ ਡਾ. ਸੰਦੀਪ ਮੌਦਗਿਲ ਨੇ ਕਿਹਾ, ਮਰੀਜ਼ ਨੂੰ ਇਸਕੇਮਿਕ ਸਟ੍ਰੋਕ ਦੇ ਮੁੱਖ ਲੱਛਣਾਂ ਦੇ ਨਾਲ ਗੰਭੀਰ ਸਥਿਤੀਆਂ ਵਿੱਚ ਲਿਆਂਦਾ ਗਿਆ ਸੀ।ਕਲਾਟ ਨੂੰ ਘੁਲਣ ਲਈ ਇੰਟਰਾਵੇਨਸ ਥ੍ਰੋਮੋਲੋਸਿਸ ਕੀਤਾ ਗਿਆ ਸੀ। ਇਸ ਤੋਂ ਬਾਅਦ ਦਿਮਾਗ ਦੇ ਪ੍ਰਭਾਵਿਤ ਖੇਤਰਾਂ ਵਿੱਚ ਖੂਨ ਦੇ ਪ੍ਰਵਾਹ ਨੂੰ ਬਹਾਲ ਕਰਨ ਲਈ ਉੱਨਤ ਨਿਊਰੋ ਦਖਲਅੰਦਾਜ਼ੀ ਤਕਨੀਕਾਂ ਦੁਆਰਾ ਮਕੈਨੀਕਲ ਥ੍ਰੋਮਬੈਕਟੋਮੀ ਕੀਤੀ ਗਈ।ਮਰੀਜ਼ ਦੀ ਸਿਹਤ ਵਿੱਚ ਕਾਫ਼ੀ ਸੁਧਾਰ ਹੋਇਆ। ਉਸ ਦੀ ਸਰੀਰਕ ਗਤੀਵਿਧੀ ਅਤੇ ਬੋਲਣ ਦੀ ਸਮਰੱਥਾ ਨੂੰ ਬਹਾਲ ਕੀਤਾ ਗਿਆ। ਇਲਾਜ ਤੋਂ ਬਾਅਦ ਮਰੀਜ਼ ਨੂੰ ਸਥਿਰ ਹਾਲਤ ਵਿੱਚ ਛੁੱਟੀ ਦੇ ਦਿੱਤੀ ਗਈ।ਡਾ ਮੌਦਗਿਲ ਨੇ ਕਿਹਾ ਕਿ ਸਟ੍ਰੋਕ ਪ੍ਰਬੰਧਨ ਵਿੱਚ ਸਮੇਂ ਸਿਰ ਇਲਾਜ ਮਹੱਤਵਪੂਰਨ ਹੈ।

## ਰਾਸ਼ਟਰੀ ਝੰਡੇ ਦਾ ਅਪਮਾਨ ਕਰਨਾ ਗੈਰ-ਸੰਵਿਧਾਨਕ : ਧੀਮਾਨ




**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**

ਰਾਸ਼ਟਰੀ ਝੰਡਾ ਦੇਸ਼ ਦੀ ਰਾਸ਼ਟਰੀ ਪਹਿਚਾਣ ਹੈ।ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ, ਮੀਤ ਪ੍ਰਧਾਨ ਸੋਨੂ ਮਹਿਤਪੁਰ,ਸਰਪੰਚ ਛਾਉਣੀ ਕਲਾਂ ਸੁਰਿੰਦਰ ਸਿੰਘ ਪੱਪੀ ਨੇ ਸ਼ਹੀਦ ਭਗਤ ਸਿੰਘ ਚੌਂਕ ਵਿਚ ਲੱਗੇ ਰਾਸ਼ਟਰੀ ਝੰਡੇ ਦੇ ਪਿਲਰ ਨਾਲ ਰਾਹ ਦਰਸਾਉਂਦੀ ਫਲੈਕਸ ਲਗਾਉਣ ਦੀ ਸਖ਼ਤ ਸਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਹਰ ਰੋਜ਼ ਇਸ ਚੌਂਕ ਵਿਚ ਪੁਲਸ ਦਾ ਪਹਿਰਾ ਰਹਿੰਦਾ ਹੈ ਤੇ ਹਰ ਰੋਜ ਇਥੋਂ ਛੋਟੇ ਤੋਂ ਲੈ ਕੇ ਵੱਡੇ ਅਧਿਕਾਰੀਆਂ ਤੇ ਮੰਤਰੀਆਂ ਦਾ ਆਉਣਾ ਜਾਣਾ ਲੱਗਾ ਰਹਿੰਦਾ ਹੈ ਤੇ ਹੈਰਾਨੀ ਦੀ ਗੱਲ ਹੈ ਕਿ ਸੰਵਿਧਾਨ ਦੀਆਂ ਕਸਮਾਂ ਖਾਣ ਵਾਲਿਆਂ ਨੂੰ ਅੱਜ ਤੱਕ ਇਹ ਨਜਰ ਨਹੀਂ ਆਇਆ। ਰਾਸ਼ਟਰੀ ਝੰਡੇ ਦਾ ਅਪਮਾਨ ਕਰਨਾ ਗੈਰ ਸੰਵਿਧਾਨਕ ਹੈ।ਉਨ੍ਹਾਂ ਆਖਿਆ ਕਿ ਇਨ੍ਹਾਂ ਦਾ ਧਿਆਨ ਤਾਂ ਜਾਵੇ ਅਗਰ ਦੇਸ਼ ਨਾਲ ਪਿਆਰ ਹੋਵੇ, ਇਨ੍ਹਾਂ ਦੀ ਦੌੜ ਤਾਂ ਸਾਰਾ ਦਿਨ ਉਦਘਾਟਨ ਕਰਨ ਜਾਂ ਫਿਰ ਪੈਸੇ ਲਈ ਲੱਗੀ ਰਹਿੰਦੀ ਹੈ।।ਧੀਮਾਨ ਨੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਸੰਦੇਸ਼ ਭੇਜ ਕੇ ਰਾਸ਼ਟਰੀ ਝੰਡੇ ਤੋਂ ਫਲੈਕਸ ਹਟਾਉਣ ਦੀ ਮੰਗ ਕੀਤੀ ਹੈ।

## ਚੌਧਰੀ ਜਗਤ ਰਾਮ ਸੂੰਢ ਦੀ ਬਰਸੀ ਭਲਕੇ

**ਬੰਗਾ (ਅਵਤਾਰ ਕਲੇਰ)** ਕਾਂਗਰਸ ਪਾਰਟੀ ਦੇ ਦਰਵੇਸ਼ ਸਿਆਸਤਦਾਨ, ਸਾਬਕਾ ਸੀਨੀਅਰ ਆਗੂ ਅਮਰ ਸ਼ਹੀਦ ਚੌਧਰੀ ਜਗਤ ਰਾਮ ਸੂੰਢ ਸਾਬਕਾ ਕੈਬਨਿਟ ਮੰਤਰੀ ਪੰਜਾਬ ਦੀ ਸਾਲਾਨਾ ਬਰਸੀ 4 ਜਨਵਰੀ ਨੂੰ ਉਨ੍ਹਾਂ ਦੇ ਜੱਦੀ ਪਿੰਡ ਸੂੰਢ( ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਖੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਮਨਾਈ ਜਾ ਰਹੀ ਹੈ।ਉਨ੍ਹਾਂ ਦੇ ਸਪੁੱਤਰ ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ ਦੱਸਿਆ ਕਿ ਅੱਜ ਤੋਂ 36 ਸਾਲ ਪਹਿਲਾਂ ਅੱਤਵਾਦੀਆਂ ਨੇ ਚੌਧਰੀ ਜਗਤ ਰਾਮ ਸੂੰਢ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਉਨ੍ਹਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ। ਉਨ੍ਹਾਂ ਦੱਸਿਆ ਕਿ ਸਵੇਰੇ 9 ਵਜੇ ਚੌਧਰੀ ਜਗਤ ਰਾਮ ਸੂੰਢ ਦੀ ਸਮਾਧ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ ਜਾਣਗੀਆਂ। ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਸੂੰਢ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਭਾਈ ਗੁਲਵਿੰਦਰ ਸਿੰਘ ਵਲੋਂ ਕਥਾ ਕੀਰਤਨ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਕਾਂਗਰਸ ਪਾਰਟੀ ਦੇ ਆਗੂ ਅਤੇ ਹੋਰ ਸ਼ਖ਼ਸੀਅਤਾਂ ਚੌਧਰੀ ਜਗਤ ਰਾਮ ਸੂੰਢ ਨੂੰ ਸ਼ਰਧਾਂਜਲੀਆਂ ਭੇਟ ਕਰਨਗੇ। ਇਸ ਮੌਕੇ ਕੁਲਵਰਨ ਸਿੰਘ ਥਾਂਦੀਆਂ, ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਰਘਵੀਰ ਸਿੰਘ ਬਿੱਲਾ, ਸਰਪੰਚ ਹਰਭਜਨ ਸਿੰਘ ਭਰੋਲੀ, ਰਜਿੰਦਰ ਸ਼ਰਮਾ, ਅਮਰਜੀਤ ਕਲਸੀ, ਐਡਵੋਕੇਟ ਅਮਨਦੀਪ ਗੁਰੂ, ਐਡਵੋਕੇਟ ਪਰਮਜੀਤ ਸਰੋਆ, ਪਟਵਾਰੀ ਬਲਵੀਰ ਬੀਸਲਾ, ਕੁਲਵੰਤ ਕਲੇਰਾਂ ਆਦਿ ਹਾਜ਼ਰ ਸਨ।

## ਗਰੇਸ ਚਰਚ ਵੈਲਫੇਅਰ ਸੁਸਾਇਟੀ ਨੇ ਨਵੇਂ ਵਰ੍ਹੇ ਦੀ ਆਮਦ 'ਤੇ ਬੰਦਗੀ ਕਰਵਾਈ



**ਨਕੋਦਰ (ਮਨਜੀਤ ਮਾਨ)**

ਗਰੇਸ ਚਰਚ ਵੈਲਫੇਅਰ ਸੁਸਾਇਟੀ (ਰਜਿ) ਦੁਆਰਾ ਬ੍ਰਦਰ ਬਲਜੀਤ ਬੱਬੂ ਅਤੇ ਈਸਾ ਚਰਨ ਦੇ ਪਰਵਾਰ ਵਲੋਂ ਨਵੇਂ ਸਾਲ ਦੀ ਆਮਦ 'ਤੇ ਪਿੰਡ ਕੋਟਲੀ ਗਾਜਰਾਂ ਸ਼ਾਹਕੋਟ ਜਲੰਧਰ ਵਿਖੇ ਬੰਦਗੀ ਦਾ ਆਯੋਜਨ ਕੀਤਾ ਗਿਆ। ਬੰਦਗੀ ਦੀ ਸ਼ੁਰੂਆਤ ਵਿੱਚ ਬ੍ਰਦਰ ਸੈਮਪੋਲ ਨੇ ਪ੍ਰਮੇਸ਼ਵਰ ਅੱਗੇ ਸੰਸਾਰ ਭਰ ਦੀ ਭਲਾਈ ਵਾਸਤੇ ਬੇਨਤੀ ਪ੍ਰਾਰਥਨਾ ਕੀਤੀ। ਪਾਸਟਰ ਕੁਲਵੰਤ ਮਸੀਹ ਨੇ ਬਾਈਬਲ ਵਿੱਚੋਂ ਪ੍ਰਵਚਨ ਕਰਦੇ ਹੋਏ ਦੱਸਿਆ ਪ੍ਰਮੇਸ਼ਵਰ ਨੇ ਇਨਸਾਨ ਜਾਤੀ ਲਈ ਸ਼ਾਂਤੀ ਦੀਆਂ ਯੋਜਨਾਵਾਂ ਬਣਾਈਆਂ ਹਨ ਨਾ ਕਿ ਬੁਰਾਈ ਦੀਆਂ। ਇਸ ਬੰਦਗੀ ਵਿੱਚ ਸੈਮਪੋਲ ਵਰਸ਼ਿਪ ਟੀਮ, ਮੋਨਿਕਾ ਮੋਨਾ,ਮੰਜੂ ਫਿਰੋਜ਼ਪੁਰ,ਸੈਮੀਨਾਰ ਚਵਿੰਡਾ,ਗੁਰਜੰਟ ਮਸੀਹ ਨੇ ਗੀਤਾਂ ਭਜਨਾਂ ਰਾਹੀਂ ਪ੍ਰਮੇਸ਼ਵਰ ਦੀ ਮਹਿਮਾ ਕੀਤੀ। ਇਸ ਬੰਦਗੀ ਵਿੱਚ ਪਾਸਟਰ ਅਮਰੀਕ ਸਿੰਘ, ਰੀਨਾ ਕੋਟਲੀ,ਸ਼ਮਸ਼ੇਰ ਮਸੀਹ, ਰੋਹਿਤ ਮਸੀਹ, ਮੇਜ਼ਰ ਮਸੀਹ,ਗੁਰਮੀਤੋ, ਆਰਾਧਨਾ, ਜਗੀਰ ਸਿੰਘ, ਜਸਪਾਲ ਸਿੰਘ,ਮਨਜੀਤ ਸਿੰਘ,ਮਨੂੰ, ਜੋਤੀ ਲਸੂੜੀ,ਨੀਤੂ ਗੋਰਸੀਆਂ, ਮਨਪ੍ਰੀਤ ਮਨੀ, ਨੀਤੂ ਕੋਟਲੀ ਗਾਜਰਾਂ ਆਦਿ ਨੇ ਸ਼ਿਰਕਤ ਕੀਤੀ।

## ਪ੍ਰੀ ਨਰਸਰੀ/ਪਲੇਅ ਵੇ ਸਕੂਲਾਂ ਦੀ ਰਜਿਸਟ੍ਰੇਸ਼ਨ ਲਾਜ਼ਮੀ : ਜ਼ਿਲ੍ਹਾ ਪ੍ਰੋਗਰਾਮ ਅਫ਼ਸਰ

**ਜਲੰਧਰ(ਸ਼ੈਲੀ ਐਲਬਰਟ)**- ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮਨਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਪ੍ਰੀ ਨਰਸਰੀ/ਪਲੇਅ ਵੇ ਸਕੂਲਾਂ ਦੀ ਰਜਿਸਟ੍ਰੇਸ਼ਨ ਲਾਜ਼ਮੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਜਲੰਧਰ ਵਿੱਚ ਪ੍ਰਾਈਵੇਟ ਸੰਸਥਾਵਾਂ, ਜੋ ਕਿ 3-6 ਸਾਲ ਦੇ ਬੱਚਿਆਂ ਲਈ ਅਰਲੀ ਚਾਈਲਡ ਕੇਅਰ ਅਤੇ ਐਜੂਕੇਸ਼ਨ (ਪਲੇਅ ਵੇ ਸਕੂਲ) ਦੇ ਖੇਤਰ ਵਿੱਚ ਕੰਮ ਕਰ ਰਹੀਆਂ ਹਨ ਜਾਂ ਕਰਨਾ ਚਾਹੁੰਦੀਆਂ ਹਨ, ਲਈ ਰਜਿਸਟ੍ਰੇਸ਼ਨ ਕਰਵਾਉਣਾ ਜ਼ਰੂਰੀ ਹੈ। ਉਨ੍ਹਾਂ ਸਮੂਹ ਪ੍ਰੀ ਨਰਸਰੀ/ਪਲੇਅ ਵੇ ਸਕੂਲਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਰਜਿਸਟ੍ਰੇਸ਼ਨ ਕਰਵਾਉਣ ਲਈ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਲੰਧਰ ਦੇ ਦਫ਼ਤਰ, ਗਾਂਧੀ ਵਨੀਤਾ ਆਸ਼ਰਮ, ਕਪੂਰਥਲਾ ਰੋਡ ਵਿਖੇ ਤੁਰੰਤ ਤਾਲਮੇਲ ਕੀਤਾ ਜਾਵੇ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਜੇ ਭਾਰਤੀ ਨਾਲ ਮੋਬਾਇਲ ਨੰਬਰ 79738 46008 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬੱਡੋਂ ਵਿਖੇ ਸਾਲਾਨਾ 41ਵਾਂ ਫੁੱਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸਮਾਪਤ



**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ )**

ਪਿੰਡ ਬੱਡੋਂ ਵਿਖੇ ਮਹਾਦਾਨੀ ਕੁੰਦਨ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ ਰਜਿ. ਹੁਸ਼ਿਆਰਪੁਰ ਵਲੋਂ ਚਾਰ ਸਾਹਿਬਜ਼ਾਦਿਆਂ ਅਤੇ ਸ਼ਹੀਦ ਬਾਬਾ ਕਰਮ ਸਿੰਘ ਦੀ ਮਿੱਠੀ ਪਿਆਰੀ ਯਾਦ ਵਿੱਚ ਸਾਲਾਨਾ 41ਵਾਂ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ।ਕਲੱਬ ਪ੍ਰਧਾਨ ਠੇਕੇਦਾਰ ਮੋਹਣਪਾਲ ਸਿੰਘ ਰਿੱਕੀ, ਡਾਕਟਰ ਸੁਖਦੇਵ ਸਿੰਘ ਬੱਡੋ ਨੇ ਦੱਸਿਆ ਕਿ ਸੰਤ ਬਾਬਾ ਗੁਰਚਰਨ ਸਿੰਘ ਬੱਡੋ ਅਤੇ ਸੁਖਵਿੰਦਰ ਸਿੰਘ ਸਾਬੀ ਯੂਕੇ ਵਾਲੇ ਨੇ ਸਾਂਝੇ ਤੌਰ 'ਤੇ ਉਦਘਾਟਨ ਕੀਤਾ। ਫਾਈਨਲ ਮੈਚ ਬੱਡੋਂ ਅਤੇ ਰਿਹਾਣਾ ਜੱਟਾਂ ਵਿਚਕਾਰ ਕਰਵਾਇਆ ਗਿਆ, ਅੰਤ ਸਮੇਂ ਤੱਕ ਦੋਵੇਂ ਟੀਮਾਂ ਬਰਾਬਰ ਰਹੀਆਂ।ਪ੍ਰਬੰਧਕ ਕਮੇਟੀ ਵੱਲੋਂ ਰਿਹਾਣਾ ਜੱਟਾਂ ਫਸਟ ਵਿਨਰ ਦੀ ਟਰਾਫੀ ਦਿੱਤੀ ਗਈ। ਇਸੇ ਤਰ੍ਹਾਂ 2008 ਦਾ ਫਾਈਨਲ ਮੈਚ ਭੂੰਗਰਨੀ ਅਤੇ ਬੱਡੋਂ ਸਕੂਲ ਵਿਚਕਾਰ ਕਰਵਾਇਆ ਗਿਆ, ਜਿਸ ਵਿੱਚ ਬੱਡੋਂ ਸਕੂਲ ਦੀ ਟੀਮ ਜੇਤੂ ਰਹੀ।ਕੁਲਦੀਪ ਸਿੰਘ ਮਿਨਹਾਸ ਪਾਲਦੀ, ਬੀਬੀ ਕੁਲਦੀਪ ਕੌਰ ਮਿਨਹਾਸ ਪਾਲਦੀ, ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ ਰਿੱਕੀ ਪਾਲਦੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਕਬੱਡੀ ਦਾ ਸ਼ੋਅ ਮੈਚ ਖਰੀਆ ਕਲੱਬ ਅਤੇ ਸ਼ਹੀਦ ਬਾਬਾ ਕਰਮ ਸਿੰਘ ਜੀ ਕਲੱਬ ਵਿਚਕਾਰ ਕਰਵਾਇਆ ਗਿਆ।ਮੁੱਖ ਮਹਿਮਾਨ ਡਾਕਟਰ ਇਸ਼ਾਕ ਕੁਮਾਰ ਐਮਐਲਏ ਚੱਬੇਵਾਲ ਨੇ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ।ਇਸ ਮੌਕੇ ਕਲੱਬ ਪ੍ਰਧਾਨ ਠੇਕੇਦਾਰ ਮੋਹਨਪਾਲ ਸਿੰਘ ਰਿੱਕੀ, ਉਪ ਪ੍ਰਧਾਨ ਰਣਜੀਤ ਸਿੰਘ, ਡਾਕਟਰ ਸੁਖਦੇਵ ਸਿੰਘ ਖਜਾਨਚੀ, ਸਨਦੀਪ ਸਿੰਘ ਖਜਾਨਚੀ, ਸਰਪੰਚ ਬਲਵਿੰਦਰ ਸਿੰਘ ਬਿੱਲਾ, ਸਟੇਜ ਸਕੱਤਰ ਸਰ ਪ੍ਰੀਤ ਸਿੰਘ ਸੋਨੂ, ਹਰਵਿੰਦਰ ਸਿੰਘ, ਨਵਨੀਤ ਸਿੰਘ, ਬਲਵੀਰ ਸਿੰਘ ਸੈਕਟਰੀ, ਮਨਜੀਤ ਸਿੰਘ, ਹਰਦੇਵ ਸਿੰਘ, ਹਰਦੇਵ ਸਿੰਘ ਅਮਰੀਕਾ, ਹਰਭਜਨ ਸਿੰਘ, ਦਲਜੀਤ ਸਿੰਘ, ਹਰਦੇਵ ਸਿੰਘ ਚੰਡੀਗੜ੍ਹ, ਇੰਦਰਪਾਲ ਸਿੰਘ, ਹਰਭਜਨ ਸਿੰਘ, ਪ੍ਰਿੰਸੀਪਲ ਜਗਮੋਹਨ ਸਿੰਘ ਡਾਂਡੀਆਂ, ਤਰਸੇਮ ਸਿੰਘ ਸਾਬਕਾ ਸਰਪੰਚ ਡਾਡੀਆਂ, ਅਜੀਤ ਸਿੰਘ ਸਾਬਕਾ ਡੀਐਸਪੀ, ਬਲਬੀਰ ਸਿੰਘ ਧਰਮੀ ਫੌਜੀ, ਗੁਰਵਿੰਦਰ ਸਿੰਘ ਬਾਵਾ ਦਿਹਾਣਾ ਗੁਰਦੀਪ ਸਿੰਘ ਸਰੋਆ ਬੱਬਲੂ ਦਿਹਾਣਾ,ਇੰਦਰਪਾਲ ਸਿੰਘ, ਸਨਿੰਦਰ ਪਾਲ ਸਿੰਘ, ਬਲਵੀਰ ਸਿੰਘ ਆਦਿ ਹਾਜ਼ਰ ਸਨ।

## ਵਾਲੀਬਾਲ ਟੂਰਨਾਮੈਂਟ 'ਚ ਹੋਏ ਦਿਲਚਸਪ ਤੇ ਫਸਵੇਂ ਮੁਕਾਬਲੇ



**ਆਦਮਪੁਰ -(ਪਰਮਜੀਤ ਸਿੰਘ)**- ਸਪੋਰਟਸ ਕਲੱਬ ਆਦਮਪੁਰ ਵਲੋਂ ਆਯੋਜਿਤ ਟੂਰਨਾਮੈਂਟ ਵਿਚ ਦਿਲਚਸਪ ਤੇ ਫਸਵੇਂ ਮੁਕਾਬਲੇ ਦੇਖਣ ਨੂੰ ਮਿਲੇ।ਪਹਿਲੇ ਵਾਲੀਬਾਲ ਮੈਚ ਵਿਚ ਆਦਮਪੁਰ ਦੀ ਟੀਮ ਨੇ ਏਅਰਫੋਰਸ ਦੀ ਵਾਲੀਬਾਲ ਟੀਮ ਨੂੰ 21-25, 23-25 ਨਾਲ ਹਰਾ ਕੇ ਕੁਆਟਰ ਫਾਈਨਲ ਵਿੱਚ ਪ੍ਰਵੇਸ਼ ਕੀਤਾ।ਇਸੇ ਤਰ੍ਹਾਂ ਖੋਖਰਾਂ ਨੇ ਨਡਾਲੋਂ, ਜੌੜਾ ਪਿੰਡ ਨੇ ਕੰਦੋਲਾ, ਜਲਭੇ ਨੇ ਹਰੀਪੁਰ, ਭੋਜੋਵਾਲ ਨੇ ਮਰਨਾਈਆਂ ਤੇ ਜੰਡਿਆਲਾ ਨੇ ਕਾਲਰੇ ਨੂੰ ਹਰਾ ਕੇ ਅਗਲੇ ਰਾਉਂਡ ਵਿੱਚ ਪ੍ਰਵੇਸ਼ ਕੀਤਾ। ਜਿਕਰਯੋਗ ਹੈ ਕਿ ਟੂਰਨਾਮੈਂਟ ਜੇਤੂ ਵਾਲੀਬਾਲ ਟੀਮ ਨੂੰ 21 ਹਜਾਰ ਤੇ ਉਪ ਜੇਤੂ ਨੂੰ 15 ਹਜਾਰ ਦਾ ਕੈਸ਼ ਇਨਾਮ ਤੇ ਟਰਾਫੀਆਂ ਦਿੱਤੀਆਂ ਜਾਣਗੀਆਂ।

## ਵਾਲਮੀਕਿ ਮੰਦਰ ਜਾਜਾ ਵਿਖੇ 10ਵਾਂ ਸਾਲਾਨਾ ਸਤਿਸੰਗ ਕਰਵਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਭਾਰਤੀਆ ਵਾਲਮੀਕਿ ਧਰਮ ਸਮਾਜ (ਰਜਿ:) ਭਾਵਾਧਸ ਭਾਰਤ ਦੀ ਜਿਲ੍ਹਾ ਇਕਾਈ ਦੇ ਸਹਿਯੋਗ ਨਾਲ ਜਾਜਾ ਵਿਖੇ ਨਵੇਂ ਸਾਲ ਤੇ ਪਰਮਪਿਤਾ ਵਾਲਮੀਕਿ ਦਾ ਆਸ਼ੀਰਵਾਦ ਲੈਣ ਲਈ 10ਵੇਂ ਸਾਲਾਨਾ ਸਤਿਸੰਗ ਦਾ ਆਯੋਜਨ ਵਾਲਮੀਕਿ ਮੰਦਰ ਜਾਜਾ ਵਿਖੇ ਪੰਜਾਬ ਕਨਵੀਨਰ ਸੁਰਿੰਦਰ ਜਾਜਾ ਦੀ ਅਗਵਾਈ 'ਚ ਕੀਤਾ ਗਿਆ।ਇਸ ਮੌਕੇ ਭਾਵਾਧਸ ਦੇ ਧਰਮਗੁਰੂ ਅਤੇ ਸਰਵਉੱਚ ਨਿਰਦੇਸ਼ਕ ਸਵਾਮੀ ਚੰਦਰਪਾਲ ਅਨਾਰਿਆ ਨੇ ਸੰਗਤਾਂ ਨੂੰ ਆਪਣਾ ਆਸ਼ੀਰਵਾਦ ਦਿੱਤਾ। ਇਸ ਮੌਕੇ ਭਾਵਾਧਸ ਦੇ ਰਾਸ਼ਟਰੀਆ ਮੁੱਖ ਸੰਚਾਲਕ ਵੀਰੋਤਮ ਸ਼ਿਵ ਕੁਮਾਰ ਬਿਡਲਾਨ, ਮਹਾਂ ਮੰਤਰੀ ਵੀਰ ਸ੍ਰੇਸ਼ਠ ਰਾਜ ਕੁਮਾਰ ਸਾਥੀ, ਚੇਅਰਮੈਨ ਇੰਪਰੂਵਮੈਂਟ ਟਰੱਸਟ ਹੁਸ਼ਿਆਰਪੁਰ ਹਰਮੀਤ ਸਿੰਘ ਔਲਖ, ਸਰ ਮਾਰਸਲ ਗਰੁੱਪ ਆਫ ਸਕੂਲ ਦੇ ਚੇਅਰਮੈਨ ਰਜਿੰਦਰ ਮਾਰਸ਼ਲ, ਜਗਜੀਵਨ ਜੱਗੀ, ਐਡ. ਵਨੀਸ਼ ਰਾਏ ਹੁਸ਼ਿਆਰਪੁਰ ਨੇ ਪਰਮਪਿਤਾ ਪ੍ਰਮਾਤਮਾ ਵਾਲਮੀਕਿ ਦੇ ਦਰਸਾਏ ਹੋਏ ਮਾਰਗ 'ਤੇ ਚੱਲਣ ਅਤੇ ਪਰਮਾਤਮਾ ਵਾਲਮੀਕਿ ਜੀ ਦੇ ਹੱਥ ਵਿੱਚ ਫੜ੍ਹੀ ਕਲਮ ਦੇ ਇਸ਼ਾਰੇ ਨੂੰ ਸਮਝਣ ਲਈ ਕਿਹਾ, ਇਸ ਮੌਕੇ ਅਸ਼ੋਕ ਫੌਜੀ, ਗੁਰਦਿਆਲ ਵਿੱਕੀ, ਸੋਮ ਨਾਥ, ਸਤਨਾਮ, ਏ ਐੱਸ ਆਈ ਮਲਕੀਤ, ਸੁਖਦੇਵ ਸਿੰਘ, ਚਰਨਜੀਤ, ਅਜੇ ਮੱਟੂ, ਗੁਰਨਾਮ ਗਾਮਾ, ਸੰਨੀ ਮੱਟੂ, ਮੋਨੂ ਮੱਟੂ, ਪ੍ਰਸ਼ੋਤਮ ਜਾਜਾ ਕਾਲੂ ਜਾਜਾ ਬਾਬੂ, ਸੋਨੀ ਜਾਜਾ, ਬੌਬੀ ਜਾਜਾ, ਕਸ਼ਿਸ਼ ਗਿੱਲ, ਕੁਲਵਿੰਦਰ ਸਿੰਘ ਜਾਜਾ ਆਦਿ ਤੋਂ ਇਲਾਵਾ ਪੰਚ ਬੌਬੀ ਰਾਜਪੁਰ, ਸੁਰਜੀਤ ਰਾਜਾ, ਰਾਜੂ, ਸੰਦੀਪ ਕੌਰ ਹਰਸੀ ਪਿੰਡ, ਸਰਪੰਚ ਬਿੱਲਾ ਸਿੰਘ, ਸੈਣੀ, ਜੀਤ ਸਿੰਘਡੁਮਾਣਾ , ਸੁਮਨ ਖੋਸਲਾ ਕੌਂਸਲਰ ਟਾਂਡਾ, ਸੁਰਿੰਦਰ ਭੱਟੀ ਸਟੀਫਨ ਸਹੋਤਾ, ਸਰਪੰਚ ਜਸਵਿੰਦਰ ਸਿੰਘ ਬੱਸੀ ਜਲਾਲ, ਪੰਚ ਕਾਲੀ ਡੱਡੀਆਂ, ਸਾਬਕਾ ਸਰਪੰਚ ਰਿੰਕੂ ਤੇਜ਼ੀ ਸੱਲਾਂ, ਕਾਲਾ ਬਹਾਦੁਰ ਪੁਰ, ਛੋਟੂ ਬਘਿਆੜੀ, ਰਿੰਕੂ ਅਹਿਆਪੁਰ, ਰਾਜਨ ਮਲਹੋਤਰਾ ਉੜਮੁੜ, ਮੋਨੂੰ ਤੇਜ਼ੀ, ਟੀਪੂ ਝਿੰਗੜਾਂ, ਅਮਰਜੀਤ ਕਾਕਾ ਮਾਨਪੁਰ, ਸਾਡੀ ਮੋਹਕਮਗੜ੍ਹ ਸੂਬੇਦਾਰ ਹਰਬੰਸ ਸਿੰਘ ਝਾਂਵਾ, ਨੰਦ ਲਾਲ ਅਤੇ ਫੌਜੀ ਕੰਧਾਲਾ ਸ਼ੇਖਾ, ਸਾਬਕਾ ਸਰਪੰਚ ਦਲਵੀਰ ਮੋਹਾਂ, ਹੈਪੀ ਪੰਡੋਰੀ ਭਵੇਂ, ਅਸ਼ੋਕ ਕੋਹਲੀ, ਰਜੇਸ਼ ਬਿੱਟੂ, ਮੰਨਾ ਮਹਿਰਾ, ਵੀਨੂ ਪੰਡਤ, ਰਾਜ ਕੁਮਾਰ ਡੀ ਪੀ ਆਈ, ਸੰਨੀ, ਹਰਦੀਪ ਆਦਿ ਹਾਜ਼ਰ ਸਨ।



## 39ਵਾਂ ਫੁੱਟਬਾਲ ਟੂਰਨਾਮੈਂਟ 5 ਤੋਂ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**— ਪੰਚਾਇਤੀ ਰਾਜ ਸਪੋਰਟਸ ਕਲੱਬ (ਰਜਿ) ਬਿਆਸ ਪਿੰਡ ਵੱਲੋਂ 39ਵਾਂ ਸਾਲਾਨਾ ਫੁੱਟਬਾਲ ਟੂਰਨਾਮੈਂਟ 5 ਜਨਵਰੀ ਤੋਂ ਸ਼ਹੀਦ ਭਗਤ ਸਿੰਘ ਸਟੇਡੀਅਮ ਬਿਆਸ ਪਿੰਡ ਵਿਖੇ ਕਰਵਾਇਆ ਜਾ ਰਿਹਾ ਹੈ।ਪ੍ਰਧਾਨ ਗੁਰਮੀਤ ਸਿੰਘ ਗੋਸ਼ਾ ਅਤੇ ਕੈਸ਼ੀਅਰ ਪੰਡਿਤ ਅਸ਼ਵਨੀ ਕੁਮਾਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ 5 ਜਨਵਰੀ ਤੋਂ 15 ਜਨਵਰੀ ਤਕ ਫੁੱਟਬਾਲ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਟੂਰਨਾਮੈਂਟ ਦੀਆਂ ਐਂਟਰੀਆਂ 3 ਜਨਵਰੀ 10 ਵਜੇ ਤੋਂ ਸ਼ਹੀਦ ਭਗਤ ਸਿੰਘ ਸਟੇਡੀਅਮ ਬਿਆਸ ਪਿੰਡ ਦੀ ਗਰਾਊਂਡ 'ਚ ਲਈਆਂ ਜਾਣਗੀਆਂ। 13 ਜਨਵਰੀ ਨੂੰ 400 ਅਤੇ 1500 ਮੀਟਰ ਦੌੜਾਂ ਦੇ ਮੁਕਾਬਲੇ ਕਰਵਾਏ ਜਾਣਗੇ।ਟੂਰਨਾਮੈਂਟ ਦੌਰਾਨ ਅੰਤਰਰਾਸ਼ਟਰੀ ਮੈਰਾਥਨ ਬਜ਼ੁਰਗ ਦੌੜਾਕ ਫੌਜਾ ਸਿੰਘ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਨਗੇ। ਜੇਤੂ ਟੀਮਾਂ ਅਤੇ ਖਿਡਾਰੀਆਂ ਨੂੰ ਮੁੱਖ ਮਹਿਮਾਨ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ ਮੁੱਖ ਬੁਲਾਰਾ (ਆਪ) ਪ੍ਰਬੰਧਕਾਂ ਨਾਲ ਇਨਾਮਾਂ ਦੀ ਵੰਡ ਕਰਨਗੇ।

## ਖੈਰੜ-ਅੱਛਰਵਾਲ ਦੀ ਮਸਜਿਦ ਅੱਬੂ ਬਕਰ ਵਿਖੇ ਇਸਲਾਮੀ ਅਜਲਾਸ ਕਰਵਾਇਆ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**

ਨਜ਼ਦੀਕੀ ਪਿੰਡ ਖੈਰੜ ਅੱਛਰਵਾਲ ਦੀ ਮਸਜਿਦ ਅੱਬੂ ਬਕਰ ਵਿਖੇ ਇਸਲਾਮੀ ਜਲਸੇ ਦਾ ਆਯੋਜਨ ਮਸਜਿਦ ਪ੍ਰਧਾਨ ਰੌਸ਼ਨ ਮੁਹੰਮਦ ਅਤੇ ਇਨਾਮਲ ਹੱਕ ਦੀ ਅਗਵਾਈ ਵਿੱਚ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਸ਼ਿਰਕਤ ਕੀਤੀ। ਇਸ ਮੌਕੇ ਉਨਾਂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਇਸਲਾਮ ਧਰਮ ਇਨਸਾਨਾਂ ਨੂੰ ਆਪਸੀ ਭਾਈਚਾਰੇ ਦਾ ਸੁਨੇਹਾ ਦਿੰਦਾ ਹੈ। ਸਿਰਫ ਇਬਾਦਤ ਕਰਨ ਦੇ ਨਾਲ ਰੱਬ ਨੂੰ ਰਾਜੀ ਨਹੀਂ ਕੀਤਾ ਜਾ ਸਕਦਾ। ਇਸ ਦੇ ਲਈ ਜਰੂਰੀ ਹੈ ਕਿ ਸਾਡਾ ਵਿਵਹਾਰ ਲੋਕਾਂ ਨਾਲ ਚੰਗਾ ਹੋਵੇ। ਜੇਕਰ ਤੁਹਾਡਾ ਵਿਵਹਾਰ ਕਿਸੇ ਨਾਲ ਮਾੜਾ ਹੈ ਅਤੇ ਤੁਸੀਂ ਪੰਜ ਵੇਲੇ ਦੇ ਨਮਾਜੀ ਹੋ ਤਾਂ ਇਸਦਾ ਮਤਲਬ ਇਹ ਨਹੀਂ ਕਿ ਤੁਸੀਂ ਚੰਗੇ ਇਨਸਾਨ ਹੋ। ਵਰਨਣਯੋਗ ਹੈ ਕਿ ਆਪਣੇ ਭਾਸ਼ਣ ਦੌਰਾਨ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ ਨੇ ਪੋਹ ਦੇ ਇਸ ਮਹੀਨੇ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਹੋਈ ਲਾਸਾਨੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਕਿਉਂਕਿ ਇਹਨਾਂ ਸ਼ਹਾਦਤਾਂ ਦਾ ਮਕਸਦ ਹੱਕ ਅਤੇ ਇਨਸਾਫ ਦੀ ਜੰਗ ਵਿੱਚ ਸੱਚਾਈ ਦਾ ਸਾਥ ਦੇਣਾ ਸੀ। ਇਸ ਮੌਕੇ ਕਈ ਹੋਰ ਬੁਲਾਰਿਆਂ ਨੇ ਵੀ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ।ਉਹਨਾਂ ਨੇ ਕਿਹਾ ਕਿ ਸਾਨੂੰ ਸਭ ਨੂੰ ਆਪਣੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਦੱਸਣਾ ਹੋਵੇਗਾ ਕਿ ਜਾਲਮ ਨੂੰ ਜਾਲਮ ਕਹਿਣਾ ਅਤੇ ਮਜ਼ਲੂਮ ਦਾ ਸਾਥ ਦੇਣਾ ਹੀ ਅਸਲ ਧਰਮ ਹੈ। ਇਸ ਮੌਕੇ ਅਮਨ ਸ਼ਾਂਤੀ ਦੀ ਕਾਮਨਾ ਕਰਦੇ ਹੋਏ ਸਰਬੱਤ ਦੇ ਭਲੇ ਲਈ ਦੁਆ ਕੀਤੀ ਗਈ। ਇਸ ਮੌਕੇ ਮਸਜਿਦ ਦੇ ਪ੍ਰਧਾਨ ਰੌਸ਼ਨ ਮੁਹੰਮਦ, ਮੌਲਾਨਾ ਇਨਾਮੁਲ ਹੱਕ ਅਤੇ ਇਲਾਕੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਲੋਕਾਂ ਵੱਲੋਂ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ ਦਾ ਫੁੱਲਾਂ ਦੇ ਹਾਰ ਪਾ ਕੇ ਤੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੌਲਾਨਾ ਮੈਰਾਜ਼ ਆਲਮ ਮਸਜਿਦ ਮਾਹਿਲਪੁਰ , ਮੌਲਾਨਾ ਮੈਰਾਜ਼ ਆਲਮ ਜੱਲੋਵਾਲ , ਮੌਲਾਨਾ ਮੁਹੰਮਦ ਆਬਦ ਭਾਮ , ਫਕੀਰ ਮੁਹੰਮਦ ਮਾਹਿਲਪੁਰ, ਇਰਫਾਨ ਖਾਨ ਕੋਟ ਫਤੂਹੀ, ਬਹਾਦਰ ਖਾਨ ਕੋਟ ਫਤੂਹੀ , ਮੁਸਤਕੀਨ ਲੁਧਿਆਣਾ, ਇੰਸਪੈਕਟਰ ਰਾਮ ਦਿਆਲ ਮਨੀ ਮਾਜਰਾ, ਮਹੁੰਮਦ ਅਹਿਮਦ, ਰਮਜਾਨ ਅਲੀ ਦੂਹੜੇ , ਬਿੱਲਾ ਬੰਗਿਆਂ ਵਾਲਾ , ਮੌਲਾਨਾ ਕਾਲੇਵਾਲ ਭਗਤਾਂ, ਏ.ਐੱਸ.ਆਈ ਕੁਲਵਿੰਦਰ ਸਿੰਘ ਮਾਹਿਲਪੁਰ, ਅਸਗਰ ਅਲੀ , ਅਨਵਰ ਅਲੀ , ਬੂਟਾ ਮਹੁੰਮਦ ਕਾਲੇਵਾਲ ਭਗਤਾਂ, ਨਜ਼ਾਕਤ ਅਲੀ, ਮੁਖਤਿਆਰ ਮਹੁੰਮਦ, ਸ਼ਿੰਦਾ ਫੌਜੀ, ਸ਼ਫੀ ਮੁਹੰਮਦ, ਸ਼ਾਹ ਨਵਾਜ, ਅੱਬੁਸਮਾ ਖਾਨ, ਨਵੀ ਮਹੁੰਮਦ, ਸ਼ੱਬਾ ਜਫਰ, ਸਿਨਾਊੱਲਾ ਆਦਿ ਭਾਰੀ ਗਿਣਤੀ ਵਿੱਚ ਮੁਸਲਿਮ ਭਾਈਚਾਰੇ ਦੇ ਲੋਕ ਹਾਜਰ ਸਨ।

## ਦੋਸੜਕਾ ਵਿਖੇ ਪੁਲਸ ਵੱਲੋਂ ਨਸ਼ੇ ਰੋਕਣ ਸਬੰਧੀ ਸਹਿਯੋਗ ਲਈ ਪਬਲਿਕ ਮੀਟਿੰਗ




**ਅੱਡਾਂ ਸਰਾਂ (ਜਸਵੀਰ ਕਾਜਲ)**

ਹਰੀਸ਼ ਕੁਮਾਰ ਐਸ.ਐਚ.ਓ. ਹਰਿਆਣਾ ਵੱਲੋਂ ਅੱਡਾਂ ਦੋਸੜਕਾ ਵਿਖੇ ਮਿਸ਼ਨ ਹੁਸ਼ਿਆਰਪੁਰ ਦੇ ਸਬੰਧ ਵਿੱਚ ਨਸ਼ਿਆਂ ਸਬੰਧੀ ਜਾਗਰੂਕਤਾ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਸਬੰਧੀ ਉਤਸਾਹਿਤ ਕਰਨ ਸਬੰਧੀ ਪਿੰਡਾ ਦੇ ਪੰਚਾਂ, ਸਰਪੰਚਾ ਅਤੇ ਇਲਾਕੇ ਦੇ ਮੋਹਤਬਰਾਂ ਦੀ ਮੀਟਿੰਗ ਕੀਤੀ ਗਈ। ਐਸ.ਐਚ.ਓ. ਨੇ ਪਬਲਿਕ ਮੀਟਿੰਗ ਨੂੰ ਸੰਬੋਧਨ ਕਰਦਿਆ ਸਮਾਜ ਵਿੱਚੋਂ ਨਸ਼ਿਆਂ ਦਾ ਕੋਹੜ ਕੱਢਣ ਲਈ ਆਮ ਲੋਕਾਂ ਦੇ ਸਹਿਯੋਗ ਨੂੰ ਅਹਿਮ ਦੱਸਦਿਆਂ ਪੁਲਸ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ । ਬਲਜੀਤ ਸਿੰਘ ਏ.ਐਸ.ਆਈ. ਹਰਿਆਣਾ ਨੇ ਸਾਇਬਰ ਕਰਾਇਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫਰਾਡ ਤੋਂ ਬਚਣ ਲਈ ਆਪਣਾ ਉ.ਟੀ.ਪੀ., ਬੈਂਕ ਡਿਟੇਲ, ਏ.ਟੀ.ਐਮ ਕਾਰਡ ਬਾਰੇ ਜਾਣਕਾਰੀ ਕਿਸੇ ਵੀ ਅਣਜਾਣ ਵਿਅਕਤੀ ਨਾਲ ਸਾਂਝੀ ਨਾ ਕਰੋ। ਇਸ ਮੌਕੇ ਰਵਿੰਦਰ ਸਿੰਘ ਕਾਹਲੋਂ ਪ੍ਰਧਾਨ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਸ਼ੇ ਸਮਾਜ ਵਿੱਚ ਚੋਰੀਆਂ, ਡਕੈਤੀਆਂ, ਕਤਲ ਅਤੇ ਹੋਰ ਬਹੁਤ ਸਾਰੇ ਜੁਰਮਾਂ ਨੂੰ ਜਨਮ ਦਿੰਦੇ ਹਨ। ਨਸ਼ੇ ਨਾਲ ਨਸ਼ੇੜੀ ਅਤੇ ਉਸ ਦਾ ਪਰਵਾਰ ਹੀ ਨਹੀ ਸਗੋ ਸਮਾਜ ਵੀ ਪ੍ਰਭਾਵਿਤ ਹੁੰਦਾ ਹੈਹੈ ਇਸ ਲਈ ਨਸ਼ਿਆਂ ਨੂੰ ਖਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਸਹਿਯੋਗ ਕਰਨਾ ਚਾਹੀਦਾ ਹੈਹੈ। ਇਸ ਮੌਕੇ ਨਭਦੀਪ ਸਿੰਘ ਗਿੱਲ ਅਤੇ ਮਨਜੀਤ ਸਿੰਘ ਸਰਪੰਚ ਦੌਲਤਪੁਰ ਗਿੱਲ ਨੇ ਵੀ ਨਸ਼ੇ ਛੱਡਣ ਸਬੰਧੀ ਨੌਜਵਾਨਾਂ ਨੂੰ ਅਪੀਲ ਕੀਤੀ। ਇਸ ਮੌਕੇ ਵੱਖ ਵੱਖ ਪਿੰਡਾਂ ਦੇ ਸਰਪੰਚ ਅਤੇ ਮੋਹਤਬਰਾਂ ਵੱਲੋਂ ਆਪਣੇ ਪਿੰਡਾਂ ਦੀਆਂ ਸਮੱਸਿਆਵਾਂ ਦੀ ਚਰਚਾ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਨੰਬਰਦਾਰ ਸੋਹਣ ਸਿੰਘ, ਦਿਲਬਾਗ ਸਿੰਘ, ਜੀਤਾ, ਜਸਵਿੰਦਰ ਰਾਣਾ, ਸਾਧੂ, ਗਗਨ ਮੂਸਾ, ਦੀਪਾ, ਅਨੂੰਪ, ਜੱਸ ਧੂਤ, ਅਮਨਦੀਪ ਸਿੰਘ ਰਾਣਾ, ਬਲਵਿੰਦਰ ਸਿੰਘ, ਲਭ, ਸੁਮਨਾ ਦੇਵੀ ਰੌੜਾ, ਪ੍ਰੇਮ ਸਿੰਘ ਪੰਚ ਗਿੱਲਾਂ, ਬੂਟਾ ਸਿੰਘ , ਸ਼ੁਭਾਸ਼ ਚੰਦਨ, ਪਰਮਿੰਦਰ ਗੋਗੀ, ਸਰਪੰਚ ਸੰਦੀਪ ਗੱਝ, ਬਲਵਿੰਦਰ ਗੱਝ, ਦੀਪਕਮਲ, ਕੁਲਵੰਤ ਆਦਿ ਹਾਜਰ ਸਨ।

## ਜੀ ਐੱਮ ਐੱਸ ਐੱਸ ਮਿਸ਼ਰਾ ਨੇ ਨਵੇਂ ਬਣੇ ਰੇਲ ਡੱਬਿਆਂ ਦਾ ਕੀਤਾ ਨਿਰੀਖਣ



**ਤਲਵੰਡੀ ਚੌਧਰੀਆਂ (ਨਵਕਿਰਨ/ ਭੋਲਾ)**- ਭਾਰਤ ਸਰਕਾਰ ਦੀ ਰੀੜ ਦੀ ਹੱਡੀ ਰੇਲ ਕੋਚ ਫੈਕਟਰੀ ਹੁਸੈਨਪੁਰ ਦੇ ਜੀਐਮ ਐਸਐਸ ਮਿਸ਼ਰਾ ਨੇ ਆਪਣੇ ਅਣਥੱਕ ਵਰਕਰਾਂ ਨਾਲ ਮੁਲਾਕਾਤ ਕਰਦਿਆਂ ਨਵੇਂ ਡੱਬਿਆਂ ਦਾ ਨਿਰੀਖਣ ਕੀਤਾ।ਉਹਨਾਂ ਨੇ ਰੇਲ ਕੋਚ ਫੈਕਟਰੀ ਦੇ ਮਿਹਨਤੀ ਵਰਕਰਾਂ ਦੇ ਕੰਮ ਦੀ ਸ਼ਲਾਘਾ ਕੀਤੀ।ਹਰਦਿਆਲ ਸਿੰਘ ਸੰਧੂ ਨੇ ਦੱਸਿਆ ਕਿ ਜੀਐਮ ਐਸਐਸ ਮਿਸ਼ਰਾ ਦੀ ਬਦੌਲਤ ਰੇਲ ਕੋਚ ਫੈਕਟਰੀ ਹੁਸੈਨਪੁਰ ਨੇ ਨਵੇਂ ਡੱਬੇ ਬਣਾਉਣ ਵਿੱਚ ਦੇਸ਼ ਭਰ ਵਿੱਚ ਨਾਮਣਾ ਖੱਟਿਆ ਹੈ। ਇਸ ਮੌਕੇ ਤੇ ਉਹਨਾਂ ਨੇ ਸਾਲ 2025 ਦੀ ਆਮਦ ਦੀਆਂ ਸਮੂਹ ਵਰਕਰਾਂ ਨੂੰ ਵਧਾਈ ਦਿੱਤੀ।

# ਵਜੀਦੋਵਾਲ ਦੀ ਪੰਚਾਇਤ ਨੇ ਨਵੇਂ ਸਾਲ ਦੀ ਆਮਦ ਦਾ ਕੀਤਾ ਸਵਾਗਤ



ਫਗਵਾੜਾ ( ਡਾ.ਰਮਨ, ਢੱਡਾ ) ਗ੍ਰਾਮ ਪੰਚਾਇਤ ਪਿੰਡ ਵਜੀਦੋਵਾਲ ਵਲੋਂ ਨਵੇਂ ਸਾਲ 2025 ਦੀ ਆਮਦ ਮੌਕੇ ਇਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਪੰਚਾਇਤ ਸਕੱਤਰ ਮਲਕੀਤ ਚੰਦ ਕੰਗ ਬੀ.ਡੀ.ਪੀ.ਓ. ਦਫਤਰ ਫਗਵਾੜਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਹਨਾਂ ਦਾ ਸਵਾਗਤ ਸਰਪੰਚ ਰਿੰਪਲ ਕੁਮਾਰ ਦੀ ਅਗਵਾਈ ਹੇਠ ਸਮੂਹ ਪੰਚਾਇਤ ਮੈਂਬਰਾਂ ਤੇ ਨਗਰ ਨਿਵਾਸੀਆਂ ਵਲੋਂ ਕੀਤਾ ਗਿਆ। ਸਮਾਗਮ ਦੌਰਾਨ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਲੱਡੂਆਂ ਨਾਲ ਇਕ-ਦੂਸਰੇ ਦਾ ਮੂੰਹ ਮਿੱਠਾ ਕਰਵਾਇਆ ਗਿਆ। ਪੰਚਾਇਤ ਸਕੱਤਰ ਮਲਕੀਤ ਚੰਦ ਕੰਗ ਨੇ ਸਮੂਹ ਹਾਜਰੀਨ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਨਵਾਂ ਸਾਲ ਸਾਰਿਆਂ ਲਈ ਨਵੀਆਂ ਉਮੀਦਾਂ ਲੈ ਕੇ ਆਉਂਦਾ ਹੈ, ਇਸ ਲਈ ਉਹ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਸਾਰਿਆਂ ਦੀਆਂ ਉਮੀਦਾਂ ਇਸ ਨਵੇਂ ਸਾਲ ਵਿੱਚ ਪੂਰੀਆਂ ਹੋਣ ਅਤੇ ਇਹ ਸਾਲ ਪੰਜਾਬ ਅਤੇ ਭਾਰਤ ਲਈ ਖੁਸ਼ੀਆਂ, ਖੇੜਿਆਂ ਵਾਲਾ ਸਾਲ ਸਾਬਿਤ ਹੋਵੇ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਇਸ ਸਾਲ ਵਿਚ ਬਲਾਕ ਫਗਵਾੜਾ ਦੇ ਪਿੰਡਾਂ ਦੇ ਕਾਇਆ ਕਲਪ ਲਈ ਯੋਜਨਾਵਾਂ ਤਿਆਰ ਕਰ ਲਈਆਂ ਗਈਆਂ ਹਨ, ਜਿਹਨਾਂ ਨੂੰ ਜਲਦੀ ਹੀ ਅਮਲੀ ਰੂਪ ਦਿੱਤਾ ਜਾਵੇਗਾ। ਸਰਪੰਚ ਰਿੰਪਲ ਕੁਮਾਰ ਨੇ ਵੀ ਸਮੂਹ ਪਿੰਡ ਵਾਸੀਆਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ। ਉਹਨਾਂ ਭਰੋਸਾ ਦਿੱਤਾ ਕਿ ਪੰਚਾਇਤ ਵਲੋਂ ਪਿੰਡ ਦੀ ਬਿਹਤਰੀ ਲਈ ਨਵੇਂ ਸਾਲ ਵਿਚ ਵੀ ਉਪਰਾਲੇ ਜਾਰੀ ਰਹਿਣਗੇ। ਇਸ ਮੌਕੇ ਰਿਟਾ. ਇੰਸਪੈਕਟਰ ਰਮਨ ਕੁਮਾਰ, ਨੰਬਰਦਾਰ ਸਤੀਸ਼ ਕੁਮਾਰ, ਸੋਮਨਾਥ ਤੋਂ ਇਲਾਵਾ ਮੈਂਬਰ ਪੰਚਾਇਤ ਪੰਡਿਤ ਅਸ਼ੋਕ ਕੁਮਾਰ, ਸੰਜੀਵ ਕੁਮਾਰ, ਨਰਿੰਦਰ ਪਾਲ, ਸਰਬਜੀਤ ਕੌਰ, ਸੰਤੋਸ਼ ਰਾਣੀ, ਰਵੀ ਦੱਤ, ਬਲਰਾਮ ਕੁਮਾਰ, ਚੰਦਰ ਮੋਹਨ, ਬਲਿਹਾਰ ਰਾਮ, ਕੇਸ਼ਾ ਵਜੀਦੋਵਾਲ, ਚਮਨ ਲਾਲ, ਦੇਸਰਾਜ, ਗੁਰਮੇਜ ਰਾਮ, ਸ਼ਿਵ ਕੁਮਾਰ, ਬੀਬੀ ਸ਼ਿੰਦੋ, ਬੀਰੋ, ਸੀਮਾ ਰਾਣੀ, ਜੀਵਨ ਲਾਲ, ਸੋਹਨ ਲਾਲ ਅਤੇ ਪਿੰਡ ਦੇ ਪਤਵੰਤੇ ਹਾਜਰ ਸਨ।

# ਰੇਲਵੇ ਮੰਡੀ ਸਕੂਲ 'ਚ ਮਨਾਇਆ ਵੀਰ ਬਾਲ ਦਿਵਸ




ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਸ. ਕੰ. ਸ ਸ ਸ ਰੇਲਵੇ ਮੰਡੀ ਸਕੂਲ 'ਚ ਪ੍ਰਿੰਸੀਪਲ ਰਾਜਨ ਅਰੋੜਾ ਦੀ ਅਗਵਾਈ ਹੇਠ ਵੀਰ ਬਾਲ ਦਿਵਸ ਮਨਾਇਆ ਗਿਆ। ਇਸ ਮੌਕੇ ਬੱਚਿਆਂ ਲਈ ਵੱਖ-ਵੱਖ ਰਚਨਾਤਮਕ ਅਤੇ ਸਿੱਖਣ ਵਾਲੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਸ ਨੇ ਵਿਦਿਆਰਥੀਆਂ ਵਿੱਚ ਉਤਸ਼ਾਹ ਅਤੇ ਰੁਚੀ ਪੈਦਾ ਕੀਤੀ।ਸਕੂਲ ਵਿੱਚ ਭਾਸ਼ਣ ਮੁਕਾਬਲੇ ਭੁਪਿੰਦਰ ਕੌਰ ਅਤੇ ਰੋਮਾ ਦੇਵੀ ਦੀ ਦੇਖ-ਰੇਖ ਹੇਠ ਕਰਵਾਏ ਗਏ।ਸਿਮਰਨ ਚੌਹਾਨ, ਭਾਵਨਾ ਕੁਮਾਰੀ, ਨਿਮਰਪ੍ਰੀਤ ਕੌਰ, ਮਨੀਸ਼ਾ ਰਾਣੀ, ਕ੍ਰਿਤਿਕਾ ਅਤੇ ਪ੍ਰਾਚੀ ਸਮੇਤ ਕਈ ਬੱਚਿਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਕਵਿਤਾ ਉਚਾਰਨ ਮੁਕਾਬਲੇ ਦਾ ਆਯੋਜਨ ਚੰਦਰ ਪ੍ਰਭਾ ਅਤੇ ਸਰੋਜ ਨੇ ਕੀਤਾ। ਇਸ ਵਿੱਚ ਸੁਹਾਨੀ, ਜਸਮੀਨ, ਪਲਕ ਸ਼ਰਮਾ, ਅਦਿਤੀ ਸ਼ਰਮਾ ਅਤੇ ਇਕਾਂਸ਼ਾ ਵਰਗੇ ਬੱਚਿਆਂ ਨੇ ਭਾਗ ਲਿਆ।ਤਰਨਪ੍ਰੀਤ ਕੌਰ ਦੀ ਅਗਵਾਈ ਹੇਠ ਪੇਂਟਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਸਿਮਰਪ੍ਰੀਤ, ਸਿਮਰਨ, ਈਸ਼ਿਮਾ ਪ੍ਰਿੰਸੀਕਾ ਅਤੇ ਐਸ਼ਮੀਨ ਨੇ ਆਪਣੀਆਂ ਕਲਾ ਕੁਸ਼ਲਤਾਵਾਂ ਨੂੰ ਦਰਸਾਇਆ।ਲੇਖ ਰਚਨਾ ਮੁਕਾਬਲੇ ਕੁਸਮ ਲਤਾ, ਗੁਰਪ੍ਰੀਤ ਕੌਰ, ਰਜਨੀ ਨਾਹਰ ਅਤੇ ਸ਼ਾਲੂ ਜੀ ਦੀ ਅਗਵਾਈ ਹੇਠ ਹੋਏ। ਇਸ ਵਿੱਚ ਨਿਮਰਤਾ, ਮਾਨਵੀ, ਖੁਸ਼ੀ, ਨਵਪ੍ਰੀਤ ਅਤੇ ਸਿਮਰਪ੍ਰੀਤ ਵਰਗੇ ਬੱਚਿਆਂ ਨੇ ਹਿੱਸਾ ਲਿਆ।ਸਵੇਰ ਦੀ ਸਭਾ ਦੌਰਾਨ ਜਸਪ੍ਰੀਤ ਕੌਰ ਅਤੇ ਗੁਰਪਾਲ ਸਿੰਘ ਨੇ ਬੱਚਿਆਂ ਨੂੰ ਵੀਰ ਬਾਲ ਦਿਵਸ ਦੀ ਮਹੱਤਤਾ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਜੇਤੂ ਬੱਚਿਆਂ ਦੀਆਂ ਪ੍ਰੇਰਨਾਦਾਇਕ ਕਹਾਣੀਆਂ ਵੀ ਸਾਂਝੀਆਂ ਕੀਤੀਆਂ, ਜਿਨ੍ਹਾਂ ਨੇ ਸਾਰੇ ਹਾਜ਼ਰ ਵਿਦਿਆਰਥੀਆਂ ਨੂੰ ਬਹਾਦਰੀ ਅਤੇ ਕੜੇ ਸੰਘਰਸ਼ ਲਈ ਪ੍ਰੇਰਿਤ ਕੀਤਾ।ਪ੍ਰਿੰਸੀਪਲ ਰਾਜਨ ਅਰੋੜਾ ਨੇ ਸਮੂਹ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਬੱਚਿਆਂ ਦੇ ਮਨੋਵਿਗਿਆਨਕ ਵਿਕਾਸ ਲਈ ਮਹੱਤਵਪੂਰਨ ਹਨ। ਉਨ੍ਹਾਂ ਜ਼ੋਰ ਦਿੱਤਾ ਕਿ ਇਹ ਗਤੀਵਿਧੀਆਂ ਬੱਚਿਆਂ ਨੂੰ ਹੌਸਲੇ ਨਾਲ ਹਰ ਚੁਣੌਤੀ ਦਾ ਸਾਹਮਣਾ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਉਨ੍ਹਾਂ ਬੱਚਿਆਂ ਦੇ ਉਤਸ਼ਾਹ ਦੀ ਸ਼ਲਾਘਾ ਕੀਤੀ ਅਤੇ ਅਧਿਆਪਕਾਂ ਦੀ ਮਿਹਨਤ ਦੀ ਪ੍ਰਸ਼ੰਸਾ ਕੀਤੀ।ਇਸ ਮੌਕੇ ਸਕੂਲ ਦਾ ਸਾਰਾ ਸਟਾਫ, ਜਿਸ ਵਿੱਚ ਪੁਨੀਤ, ਰਵਿੰਦਰ ਕੌਰ, ਸਰੋਜ, ਪਰਵੀਨ, ਸੁਮਨ ਬਾਲਾ, ਊਸ਼ਾ ਰਾਣੀ ਅਤੇ ਸੰਜੀਵ ਅਰੋੜਾ ਸ਼ਾਮਲ ਸਨ, ਮੌਜੂਦ ਰਹੇ।

# ਬਜ਼ੁਰਗ ਤੇ ਦਿਲ ਦੇ ਮਰੀਜ਼ ਸਵੇਰੇ-ਸ਼ਾਮ ਦੀ ਸੈਰ ਤੋਂ ਕਰਨ ਗੁਰੇਜ਼ : ਡਾ. ਰਿਚਾ ਭਾਟੀਆ

**ਫਗਵਾੜਾ (ਡਾ ਰਮਨ)**-ਵੱਧ ਰਹੀ ਠੰਡ ਨਾਲ ਆਮ ਜਨ ਜੀਵਨ ਪ੍ਰਭਾਵਿਤ ਹੋ ਰਿਹਾ ਹੈ ਇਸ ਨਾਲ ਲੋਕਾਂ ਦੀ ਸਿਹਤ 'ਤੇ ਪ੍ਰਭਾਵ ਪੈਣਾ ਵੀ ਸੁਭਾਵਿਕ ਹੈ। ਸਰਦੀ ਤੋਂ ਲੋਕਾਂ ਨੂੰ ਅਪਣਾ ਬਚਾਅ ਕਰਨ ਦੀ ਸਲਾਹ ਦਿੰਦਿਆਂ ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਨੇ ਲੋਕਾਂ ਨੂੰ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਸ਼ੀਤ ਲਹਿਰ ਨਾਲ ਬਜ਼ੁਰਗ ਅਤੇ ਛੋਟੇ ਬੱਚੇ ਜਿਆਦਾ ਪ੍ਰਭਾਵਤ ਹੁੰਦੇ ਹਨ। ਉਹਨਾਂ ਨੂੰ ਸਰਦੀ ਲੱਗਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ ਇਸ ਲਈ ਬਜ਼ੁਰਗ ਅਤੇ ਦਿਲ ਦੇ ਰੋਗਾਂ ਦੇ ਮਰੀਜ਼ ਸਵੇਰ ਅਤੇ ਦੇਰ ਸ਼ਾਮ ਦੇ ਸਮੇਂ ਜਿਆਦਾ ਠੰਡ ਅਤੇ ਧੁੰਦ ਹੋਣ 'ਤੇ ਸੈਰ ਕਰਨ ਜਾਂ ਘਰੋਂ ਬਾਹਰ ਜਾਣ ਤੋਂ ਗੁਰੇਜ ਕਰਨ ਅਤੇ ਸ਼ੀਤ ਲਹਿਰ ਦੇ ਮੱਦੇਨਜਰ ਦੁਪੱਹੀਆ ਵਾਹਨ ਦੀ ਵਰਤੋਂ ਘੱਟ ਕੀਤੀ ਜਾਵੇ ਛੋਟੇ ਬੱਚਿਆਂ ਨੂੰ ਇਸ ਮੌਸਮ ਵਿੱਚ ਨਿਮੋਨੀਆ ਹੋਣ ਦਾ ਖਤਰਾ ਜਿਆਦਾ ਰਹਿੰਦਾ ਹੈ ਅਤੇ ਠੰਡ ਲੱਗਣ ਨਾਲ ਛੋਟੇ ਬੱਚਿਆਂ ਨੂੰ ਉਲਟੀ, ਦਸਤ ਵੀ ਲੱਗ ਸਕਦੇ ਹਨ ਇਸ ਲਈ ਬੱਚਿਆਂ ਦੀ ਸੰਭਾਲ ਵੱਲ ਖਾਸ ਧਿਆਨ ਦਿੰਦੇ ਹੋਏ ਸਰਦੀ ਤੋਂ ਬਚਾਅ ਲਈ ਛੋਟੇ ਬੱਚਿਆਂ ਨੂੰ ਪੂਰੀ ਤਰ੍ਹਾਂ ਸਰੀਰ ਢੱਕਣ ਵਾਲੇ ਗਰਮ ਕੱਪੜੇ ਪਾਉਣ ਦੇ ਨਾਲ ਸਿਰ 'ਤੇ ਟੋਪੀ ਅਤੇ ਪੈਰਾਂ ਵਿੱਚ ਜੁਰਾਬਾਂ ਜ਼ਰੂਰ ਪਾਈਆਂ ਜਾਣ। ਸਰਦੀ ਦੇ ਮੌਸਮ ਵਿੱਚ ਘਰਾਂ ਵਿੱਚ ਬੰਦ ਕਮਰੇ ਵਿੱਚ ਅੰਗੀਠੀ ਬਾਲ ਕੇ ਕਦੇ ਵੀ ਅੱਗ ਨਾ ਸੇਕੀ ਜਾਵੇ, ਕਿਉਂਕਿ ਅੱਗ ਬਲਣ ਨਾਲ ਕਾਰਬਨ ਮੋਨੋਆਕਸਾਈਡ ਗੈਸ ਬਣਦੀ ਹੈ ਅਤੇ ਜਿਸ ਨਾਲ ਬੰਦ ਕਮਰੇ ਵਿੱਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ, ਜੋ ਕਿ ਸਾਡੇ ਲਈ ਜਾਨਲੇਵਾ ਵੀ ਸਾਬਤ ਹੋ ਸਕਦੀ ਹੈ ਉਹਨਾਂ ਕਿਹਾ ਕਿ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਜਿਲ੍ਹੇ ਅਧੀਨ ਆਉਂਦੇ ਹਸਪਤਾਲਾਂ ਦੇ ਸੀਨੀਅਰ ਮੈਡੀਕਲ ਅਫਸਰਾਂ ਨੂੰ ਠੰਡ ਨਾਲ ਪੀੜਤ ਮਰੀਜਾਂ ਦੇ ਇਲਾਜ ਲਈ ਹਸਪਤਾਲਾਂ ਵਿੱਚ ਲੋੜੀਂਦੇ ਇੰਤਜਾਮ ਕਰਨ ਲਈ ਕਿਹਾ ਗਿਆ ਹੈ ਸਿਵਲ ਸਰਜਨ ਡਾਕਟਰ ਰਿਚਾ ਭਾਟੀਆ ਨੇ ਦੱਸਿਆ ਕਿ ਠੰਡ ਵਿੱਚ ਆਪਣੀ ਖੁਰਾਕ ਵਿੱਚ ਵੀ ਗਰਮ ਚੀਜਾਂ ਜਿਵੇਂ ਸੂਪ, ਚਾਹ, ਕਾਫੀ, ਸੰਤੁਲਿਤ ਖੁਰਾਕ ਦਾ ਸੇਵਨ ਕਰਨਾ ਚਾਹੀਦਾ ਹੈ ਇਸ ਮੌਸਮ ਵਿੱਚ ਗਰਮ ਕੱਪੜੇ ਦੋ ਜਾਂ ਤਿੰਨ ਪਰਤਾਂ ਵਿੱਚ ਪਾਏ ਜਾਣ ਤਾਂ ਜੋ ਸਰੀਰ ਦਾ ਤਾਪਮਾਨ ਨਾਰਮਲ ਬਣਿਆ ਰਹੇ। ਸਰੀਰ ਵਿੱਚ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਥੋੜੇ-ਥੋੜੇ ਸਮੇਂ ਜਾਂ ਲੋੜ ਅਨੁਸਾਰ ਕੋਸਾ ਜਾਂ ਗਰਮ ਗੁਣਗੁਣਾ ਪਾਣੀ ਪੀਤਾ ਜਾਵੇ, ਸੰਤੁਲਿਤ ਖੁਰਾਕ ਦਾ ਸੇਵਨ ਕੀਤਾ ਜਾਵੇ। ਉਹਨਾਂ ਕਿਹਾ ਕਿ ਸਰਦੀ ਲੱਗਣ ਨਾਲ ਆਮ ਤੌਰ ਤੇ ਫ਼ਲੂ ਹੋ ਜਾਂਦਾ ਹੈ ਠੰਡ ਵਿਚ ਕੰਬਣੀ ਆਉਣ ਨੂੰ ਵੀ ਨਜਰਅੰਦਾਜ ਨਾ ਕੀਤਾ ਜਾਵੇ। ਜੇਕਰ ਕੋਈ ਅਜਿਹਾ ਲੱਛਣ ਦਿਖਾਈ ਦਿੰਦਾ ਹੈ ਤਾਂ ਨੇੜੇ ਦੀ ਸਿਹਤ ਸੰਸਥਾ ਵਿੱਚ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਆਸ ਨਿਵਾਸ ਆਸ਼ਰਮ ਵਿਖੇ ਖੂਨਦਾਨ ਕੈਂਪ ਲਗਾਇਆ

ਬਲਾਚੌਰ (ਜਸਵਿੰਦਰ ਬੈਂਸ )-ਆਸ ਨਿਵਾਸ ਆਸ਼ਰਮ ਵਿਖੇ ਸਮਾਜ ਸੇਵੀ ਦੇਸ ਰਾਜ ਵੱਲੋਂ ਇੱਕ ਵਿਸ਼ੇਸ਼ ਖੂਨਦਾਨ ਕੈਂਪ ਆਯੋਜਿਤ ਕੀਤਾ ਗਿਆ। ਇਹ ਵਿਸ਼ੇਸ਼ ਉਪਰਾਲਾ ਸਮਾਜ ਸੇਵੀ ਸੰਸਥਾਵਾਂ ਸ਼੍ਰੀ ਦੇਸ਼ ਰਾਜ ਦੀ ਟੀਮ ਕਪਲਦੇਵ ਵਾਲ ਕ੍ਰਿਸ਼ਨ ਰਾਜੂ ਤਰਸੇਮ ਲਾਲ ਡੋਗਰ ਸੰਤੋਸ਼ ਕੁਮਾਰ ਅਮਨ ਕੁਮਾਰ ਦੀ ਅਗਵਾਈ ਵਿੱਚ ਸ਼ੁਰੂ ਕੀਤਾ ਗਿਆ। ਉਸ ਵਿੱਚ ਸਮਾਜ ਸੇਵੀ ਅਤੇ ਜੱਟ ਮਹਾਸਭਾ ਦੇ ਪ੍ਰਧਾਨ ਮੱਖਣ ਸਿੰਘ ਸਹੋਤਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਖੂਨਦਾਨ ਕੀਤਾ। ਉਹਨਾਂ ਨੇ ਕਿਹਾ ਕਿ ਖੂਨਦਾਨ ਇੱਕ ਮਹਾਦਾਨ ਹੈ ਇਸ ਨਾਲ ਕਿਸੇ ਦੀ ਵੀ ਜ਼ਿੰਦਗੀ ਬਚ ਸਕਦੀ ਹੈ। ਇਸ ਕੈਂਪ ਦੌਰਾਨ 50 ਯੂਨਿਟ ਖੂਨਦਾਨ ਇਕੱਤਰ ਕੀਤਾ ਗਿਆ।



## ਸਿਵਲ ਸਰਜਨ ਦਫਤਰ ਵਿਖੇ ਸਰਬੱਤ ਦੇ ਭਲੇ ਲਈ ਸੁਖਮਨੀ ਸਾਹਿਬ ਦੇ ਪਾਠ ਕਰਵਾਏ

ਫਗਵਾੜਾ (ਡਾ. ਰਮਨ) ਨਵੇਂ ਸਾਲ ਦੀ ਸ਼ੁਰੂਆਤ ਮੌਕੇ ਸਿਵਲ ਸਰਜਨ ਦਫਤਰ ਵਿਖੇ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਸ਼ਹਿਰ ਕਪੂਰਥਲਾ ਦੇ ਰਾਗੀ ਜੱਥੇ ਵੱਲੋਂ ਕੀਰਤਨ ਕਰ ਕੇ ਸਮੂਹ ਸੰਗਤ ਨੂੰ ਨਿਹਾਲ ਕੀਤਾ ਗਿਆ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਗਈ। ਸਿਵਲ ਸਰਜਨ ਡਾ. ਰਿਚਾ ਭਾਟੀਆ ਨੇ ਸਮੂਹ ਸਟਾਫ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ।ਉਨ੍ਹਾਂ ਕਿਹਾ ਕਿ ਉਹ ਕਾਮਨਾ ਕਰਦੇ ਹਨ ਕਿ ਨਵਾਂ ਸਾਲ ਸਭ ਲਈ ਖੁਸ਼ੀਆਂ ਲੈ ਕੇ ਆਏ। ਉਨ੍ਹਾਂ ਸਮੂਹ ਸਟਾਫ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਕਰਨ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਸਾਰੇ ਕੰਮ ਸਮੇਂ ਸਿਰ ਨਿਪਟਾਏ ਜਾਣ ਅਤੇ ਆਮ ਜਨਤਾ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਾ ਆਉਣ ਦਿੱਤੀ ਜਾਏ। ਇਸ ਮੌਕੇ ਏਸੀਐਸ ਡਾ. ਅਨੂੰ ਸ਼ਰਮਾ, ਡੀਐਫਪੀਓ ਡਾ. ਅਸ਼ੋਕ ਕੁਮਾਰ,ਡਿਪਟੀ ਮੈਡੀਕਲ ਕਮਿਸ਼ਨਰ ਡਾ. ਸੰਦੀਪ ਭੋਲਾ, ਡੀਐਚਓ ਡਾ. ਰਾਜੀਵ ਪਰਾਸ਼ਰ, ਡੀਆਈਓ ਡਾ. ਰਣਦੀਪ ਸਿੰਘ,ਡਾ. ਨਵਪ੍ਰੀਤ ਕੌਰ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਭਾਗ ਸਿੰਘ,ਡਿਪਟੀ ਮਾਸ ਮੀਡੀਆ ਅਫ਼ਸਰ ਸ਼ਰਨਦੀਪ ਸਿੰਘ, ਡਿਪਟੀ ਮਾਸ ਮੀਡੀਆ ਅਫ਼ਸਰ ਸੁਖਦਿਆਲ ਸਿੰਘ ,ਸੁਪਰੀਟੈਂਡੈਂਟ ਰਾਮ ਅਵਤਾਰ, ਪਵਨਦੀਪ ਸਿੰਘ, ਸਤਿੰਦਰ ਸਿੰਘ, ਪਵਿੱਤਰ ਸਿੰਘ, ਰਾਮ ਸਿੰਘ, ਰਵਿੰਦਰ ਜੱਸਲ, ਜੋਤੀ ਆਨੰਦ, ਨਿਤਿਨ ਸ਼ਰਮਾ,ਰਾਜਵਿੰਦਰ ਸਿੰਘ,ਸਟੈਨੋ ਅਮਰੀਕ ਸਿੰਘ ਤੇ ਹੋਰ ਸਟਾਫ ਹਾਜਰ ਸੀ।



## ਟ੍ਰੈਫਿਕ ਪੁਲਸ ਤੇ ਸਰਬਤ ਦਾ ਭਲਾ ਟਰੱਸਟ ਨੇ ਲਗਾਏ ਗਏ ਰਿਫਲੈਕਟਰ

ਐਸ.ਏ.ਐਸ.ਨਗਰ (ਗੁਰਜੀਤ ਬਿੱਲਾ)-ਕਰਨੈਲ ਸਿੰਘ ਪੀ.ਪੀ.ਐਸ., ਉਪ ਕਪਤਾਨ ਪਲਿਸ, ਟ੍ਰੈਫਿਕ ਵੱਲੋ ਸਰਬਤ ਦਾ ਭਲਾ ਟਰੱਸਟ ਨਾਲ ਮਿਲ ਕੇ ਕਰਮਸ਼ੀਅਲ ਵਹੀਕਲਾਂ (ਟਰੱਕ, ਟੈਪੂ, ਟਰੈਕਟਰ ਟਰਾਲੀ,ਬੱਸਾ, ਟਿੱਪਰ ਆਦਿ) 'ਤੇ ਰਿਫਲੈਕਟਰ ਲਗਾਏ ਗਏ ਤਾਂ ਜੋ ਧੁੰਦ ਦੌਰਾਨ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।ਆਮ ਪਬਲਿਕ ਨੂੰ ਅਪੀਲ ਕੀਤੀ ਗਈ ਕਿ ਧੁੰਦ ਵਿੱਚ ਐਕਸੀਡੈਂਟ ਤੋਂ ਬਚਣ ਲਈ ਆਪਣੇ ਵਹੀਕਲਾਂ ਦੀਆਂ ਪਾਰਕਿੰਗ ਲਾਈਟਾ ਨੂੰ ਠੀਕ ਰੱਖੋ ਅਤੇ ਗੱਡੀ ਖਰਾਬ ਹੋਣ ਦੀ ਸੂਰਤ ਵਿੱਚ ਆਪਣੀ ਗੱਡੀ ਨੂੰ ਸੜਕ ਤੋਂ ਸਾਈਡ 'ਤੇ ਖੜੀ ਕਰਕੇ ਪਾਰਕਿੰਗ ਲਾਈਟਾਂ ਨੂੰ ਚਾਲੂ ਰੱਖੋ, ਗੱਡੀ ਦੀ ਐਮਰਜੈਂਸੀ ਕਿੱਟ ਨਾਲ ਮਿੰਨੀ ਰਫਿਲੈਕਟਰ ਕੋਨ ਨੂੰ ਗੱਡੀ ਤੋਂ ਕਰੀਬ 25-30 ਫੁੱਟ ਦੀ ਦੂਰੀ 'ਤੇ ਇਸ਼ਾਰਾ ਦੇਣ ਲਈ ਰੱਖੋ। ਖੱਬੇ ਜਾਂ ਸੱਜੇ ਮੁੜਨ ਸਮੇਂ ਹਮੇਸ਼ਾ ਇੰਡੀਕੇਟਰ ਦੀ ਵਰਤੋਂ ਕਰੋ ਅਤੇ ਸੜਕ 'ਤੇ ਗੱਡੀ ਚਲਾਉਂਦੇ ਸਮੇਂ ਉਚਿਤ ਦੂਰੀ ਬਣਾ ਕੇ ਰੱਖੋ ਤੇ ਵਹੀਕਲ ਚਲਾਉਦੇ ਸਮੇਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਕੀਤੀ ਜਾਵੇ।



## ਪ੍ਰੋਫੈਸ਼ਨਲ ਫੋਟੋਗ੍ਰਾਫਰਜ਼ ਐਸੋਸੀਏਸ਼ਨ ਨੇ ਹਵਨ ਕਰਕੇ ਨਵੇਂ ਸਾਲ ਦਾ ਕੀਤਾ ਸਵਾਗਤ

ਜਲੰਧਰ (ਨ ਜ ਸ )ਜਲੰਧਰ ਪ੍ਰੋਫੈਸ਼ਨਲ ਫੋਟੋਗ੍ਰਾਫਰਜ਼ ਐਸੋਸੀਏਸ਼ਨ ਵੱਲੋਂ ਐਸੋਸੀਏਸ਼ਨ ਦੇ ਦਫ਼ਤਰ ਨਿਊ ਜਵਾਹਰ ਨਗਰ 537, ਨੇੜੇ ਗੁਰੂ ਨਾਨਕ ਮਿਸ਼ਨ ਚੌਂਕ ਵਿਖੇ ਸਾਲ 2025 ਦੇ ਸੁਆਗਤ ਲਈ ਹਵਨ ਕੀਤਾ ਗਿਆ ਅਤੇ ਵਿਸ਼ਵ ਵਿਚ ਸ਼ਾਂਤੀ ਲਈ ਅਰਦਾਸ ਕੀਤੀ ਗਈ।ਪੇਮਾ ਪ੍ਰਧਾਨ ਸੁਰਿੰਦਰਪਾਲ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ।ਜਲੰਧਰ ਪ੍ਰੋਫੈਸ਼ਨਲ ਫੋਟੋਗ੍ਰਾਫਰਜ਼ ਐਸੋਸੀਏਸ਼ਨ ਦੇ ਪ੍ਰਧਾਨ ਰਮੇਸ਼ ਹੈਪੀ ਨੇ ਸਾਰਿਆਂ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਲ 2025 ਸਾਰੇ ਭਾਰਤ ਵਾਸੀਆਂ ਲਈ ਖੁਸ਼ੀਆਂ ਲੈ ਕੇ ਆਵੇ। ਇਸ ਮੌਕੇ ਜਨਰਲ ਸਕੱਤਰ ਰਾਜੇਸ਼ ਥਾਪਾ, ਸਲਾਹਕਾਰ ਰਮੇਸ਼ ਗਾਬਾ, ਸੁਰਿੰਦਰ ਬੇਰੀ, ਸੀਨੀਅਰ ਵਾਈਸ ਪ੍ਰਧਾਨ ਰਿਸ਼ੀ ਸ਼ਰਮਾ, ਵਾਈਸ ਪ੍ਰਧਾਨ ਸੁਰਿੰਦਰ ਵਰਮਾ, ਤਰਲੋਕ ਚੁੱਘ, ਸੰਦੀਪ ਕੁਮਾਰ, ਜੁਆਇੰਟ ਸੈਕਟਰੀ ਸੁਭਾਸ਼ ਚੰਦਰ, ਸਾਹਿਲ ਓਂਕਾਰ , ਕਮਲ ਗੰਭੀਰ, ਜਤਿੰਦਰ ਚੁੱਘ ਆਦਿ ਮੈਂਬਰ ਹਾਜ਼ਰ ਸਨ।



# ਨਵੇਂ ਸਾਲ ਦੀ ਆਮਦ 'ਤੇ ਸੇਵਾ-ਮੁਕਤ ਪਟਵਾਰੀ/ਕਾਨੂੰਗੋ ਐਸੋਸੀਏਸ਼ਨ ਨੇ ਦਿੱਤੀ ਵਧਾਈ



ਬਲਾਚੌਰ ( ਜਸਵਿੰਦਰ ਬੈਂਸ)-ਸੇਵਾ ਮੁਕਤ ਪਟਵਾਰੀ ਅਤੇ ਕਾਨੂੰਗੋ ਐਸੋਸੀਏਸ਼ਨ ਬਲਾਚੌਰ ਵਲੋਂ ਨਵੇਂ ਸਾਲ ਦੀ ਆਮਦ ਉਪਰ ਇੱਕ ਵਿਸ਼ੇਸ ਮੀਟਿੰਗ ਸਥਾਨਕ ਸ਼ਿਵਾਲਿਕ ਹੋਟਲ ਚੰਡੀਗੜ੍ਹ ਰੋਡ ਬਲਾਚੌਰ ਵਿਖੇ ਕੀਤੀ ਜਿਸ ਵਿੱਚ ਜਥੇਬੰਦੀ ਸਮੂਹ ਅਹੁੱਦੇਦਾਰ ਅਤੇ ਮੈਬਰਾਂ ਨੇ ਸ਼ਮੂਲੀਅਤ ਕੀਤੀ । ਜਥੇਬੰਦੀ ਦੇ ਜਨਰਲ ਸਕੱਤਰ ਮਦਨ ਲਾਲ ਬੇਗਮਪੁਰੀ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਜਿੱਥੇ ਸਾਲ 2024 ਆਪਣੀਆਂ ਖੱਟੀਆਂ ਮਿੱਠੀਆਂ ਯਾਦਾਂ ਨੂੰ ਛੱਡਦਾ ਹੋਇਆ ਅਲਵਿਦਾ ਆਖ ਗਿਆ ਉਥੇ ਹੀ ਅੱਜ ਨਵੇਂ 2025 ਸਾਲ ਦੀ ਸ਼ੁਰੂਆਤ ਹੋਈ ਹੈ ਅਤੇ ਉਹ ਨਵੇਂ ਸਾਲ ਦੀ ਸਾਰਿਆਂ ਨੂੰ ਵਧਾਈ ਦਿੰਦੇ ਹਨ ਅਤੇ ਆਸ਼ਾ ਕਰਦੇ ਹਨ ਕਿ ਆਉਣ ਵਾਲਾ ਸਾਲ ਹਰ ਇੱਕ ਲਈ ਖੁਸ਼ੀਆਂ ਦੇ ਖੇੜੇ ਲੈ ਕੇ ਆਵੇ। ਉਨ੍ਹਾਂ ਜਥੇਬੰਦੀ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਅਤੇ ਸਾਰਿਆਂ ਦੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ ।ਉਨ੍ਹਾਂ ਆਖਿਆ ਕਿ ਹਰ ਨਵਾਂ ਸਾਲ ਆਪਣੇ ਨਾਲ ਨਵੇਂ ਸੰਪਕਲਪ, ਨਵੇਂ ਮੌਕੇ ਤੇ ਨਵੀਆਂ ਉਮੀਦਾਂ ਲਿਆਉਂਦਾ ਹੈ । ਨਵਾਂ ਸਾਲ ਸਾਡੇ ਲਈ ਇੱਕ ਪ੍ਰੇਰਨਾਦਾਇਕ ਯਾਤਰਾ ਦੀ ਸ਼ੁਰੂਆਤ ਕਰਦਾ ਹੈ। ਅਸੀਂ ਆਪਣੇ ਅਤੀਤ ਦੀਆਂ ਗਲਤੀਆਂ ਅਤੇ ਅਸਫਲਤਾਵਾਂ ਨੂੰ ਪਿੱਛੇ ਛੱਡ ਕੇ ਨਵੀਆਂ ਦਿਸ਼ਾਵਾਂ ਵਿੱਚ ਅੱਗੇ ਵੱਧਦੇ ਹਾਂ।ਜਥੇਬੰਦੀ ਦੇ ਤਹਿਸੀਲ ਪ੍ਰਧਾਨ ਗਿਆਨ ਸਿੰਘ ਭਨੂੰ ਨੇ ਆਖਿਆ ਕਿ ਸਾਨੂੰ ਨਵੇਂ ਸਾਲ ਵਿੱਚ ਨਵੇ ਸੰਕਲਪ ਲੈਣੇ ਚਾਹੀਦੇ ਹਨ,ਜਥੇਬੰਦੀ ਦੇ ਸਮੂਹ ਮੈਂਬਰਾਂ ਨੂੰ ਇੱਕਜੁਟ ਹੁੰਦਿਆਂ ਆਪਣੀਆਂ ਸਮੱਸਿਆਵਾਂ ਅਤੇ ਆਪਣੀਆ ਹੱਕੀ ਮੰਗਾਂ ਨੂੰ ਲਾਗੂ ਕਰਾਉਣ ਲਈ ਲਾਮਬੰਦ ਰਹਿਣ ਦਾ ਸੰਕਲਪ ਕਰਨਾ ਚਾਹੀਦਾ ਹੈ, ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਪੂਰੇ ਜੋਸ਼ ਅਤੇ ਤਾਕਤ ਨਾਲ ਅੱਗੇ ਵੱਧਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਇਸ ਸਾਲ ਸਾਨੂੰ ਆਪਣੇ ਗੰਦਲੇ ਹੋ ਚੁੱਕੇ ਵਾਤਾਵਰਣ ਜਿਸ ਵਿੱਚ ਹਵਾ ਪਾਣੀ ਮੌਜੂਦ ਹੈ ਨੂੰ ਅਨੁਕੂਲ ਬਣਾਏ ਜਾਣ ,ਵਾਤਾਵਰਣ ਨੂੰ ਹਰਿਆ ਭਰਿਆ ਬਣਾਏ ਜਾਣ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਉਣ ਦਾ ਵੀ ਸੰਕਲਪ ਕਰਨਾ ਚਾਹੀਦਾ ਹੈ ਅਤੇ ਇਸ ਦੇ ਨਾਲ ਨਾਲ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਗੁਰਨੇਕ ਸਿੰਘ ਸ਼ੇਰ, ਹਰਚਰਨਜੀਤ ਸਿੰਘ, ਸੁਰਿੰਦਰ ਕੁਮਾਰ, ਰਜਿੰਦਰ ਸਿੰਘ, ਦਵਿੰਦਰ ਬੇਗਮਪੁਰੀ, ਕੁਲਦੀਪ ਸਿੰਘ, ਜਗਨ ਨਾਥ, ਕੁਲਵਿੰਦਰ ਸਿੰਘ ਗੁਲਪੁਰ ਮੋਹਨ ਲਾਲ, ਹਰਬੰਸ ਸਿੰਘ, ਸੁਰਿੰਦਰ ਸਿੰਘ ਧਮਾਈ, ਹਰਭਜਨ ਰਾਮ, ਅਸ਼ੋਕ ਕੁਮਾਰ, ਰਜਿੰਦਰ ਸਿੰਘ, ਜਨਕ ਰਾਜ,ਸੰਦੀਪ ਕੁਮਾਰ, ਸੋਮ ਨਾਥ, ਮੋਹਨ ਲਾਲ, ਰਾਮ ਨਾਥ ਭਾਟੀਆ, ਹਰਵਿੰਦਰ ਸਿੰਘ, ਜਸਪਾਲ ਸਿੰਘ,ਮੇਹਰ ਸਿੰਘ, ਹਰਬੰਸ ਲਾਲ ਵੀ ਹਾਜ਼ਰ ਸਨ।

# ਡਾ. ਜਸਵੰਤ ਰਾਏ ਦਾ ਤਾਮਿਲਨਾਡੂ ਵਿਖੇ ਵਿਸ਼ੇਸ਼ ਸਨਮਾਨ



ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )- ਜ਼ਿਲ੍ਹਾ ਭਾਸ਼ਾ ਦਫ਼ਤਰ ਵਿਖੇ ਬਤੌਰ ਖੋਜ ਅਫ਼ਸਰ ਸੇਵਾ ਨਿਭਾਅ ਰਹੇ ਡਾ. ਜਸਵੰਤ ਰਾਏ ਦਾ ਤਾਮਿਲਨਾਡੂ ਦੇ ਜ਼ਿਲ੍ਹਾ ਤਿਰੁਚੀਰਪੱਲੀ ਵਿਖੇ ਫੈਡਰੇਸ਼ਨ ਆਫ ਰੈਸ਼ਨਲਿਸਟ ਐਸੋਸੀਏਸ਼ਨ ਅਤੇ ਡੀ.ਕੇ ਵੱਲੋਂ ਉਲੀਕੇ ਸਮਾਗਮ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਹ ਸਨਮਾਨ ਮਹਾਨ ਸਮਾਜਿਕ ਅਤੇ ਤਰਕਸ਼ੀਲ ਆਗੂ ਈ.ਵੀ ਰਾਮਾਸਾਮੀ ਪੇਰੀਆਰ ਦੇ ਜੀਵਨ ਅਤੇ ਲਿਖਤਾਂ 'ਤੇ ਅਧਾਰਤ ਪੁਸਤਕ 'ਕਲੈਕਟਿਡ ਵਰਕਸ ਆਫ ਪੇਰੀਆਰ' ਜਿਸ ਨੂੰ ਅੰਨਾਮਲੱਈ ਯੂਨੀਵਰਸਿਟੀ ਦੇ ਸਾਬਕਾ ਵਾਇਸ ਚਾਂਸਲਰ ਅਤੇ ਡੀ.ਕੇ ਦੇ ਪ੍ਰਧਾਨ ਡਾ. ਕੇ ਵੀਰਾਂਮਨੀ ਨੇ ਅੰਗਰੇਜ਼ੀ ਵਿੱਚ ਸੰਪਾਦਿਤ ਕੀਤਾ ਸੀ, ਦੇ ਡਾ. ਜਸਵੰਤ ਰਾਏ ਵੱਲੋਂ ਪੰਜਾਬੀ ਅਨੁਵਾਦ ਲਈ ਦਿੱਤਾ ਗਿਆ। ਡਾ. ਜਸਵੰਤ ਰਾਏ ਵੱਲੋਂ ਅਨੁਵਾਦਿਤ ਪੁਸਤਕ ਦਾ ਨਾਂ 'ਪੇਰੀਆਰ ਰਚਨਾਵਲੀ : ਨਵੇਂ ਯੁਗ ਦਾ ਸੁਕਰਾਤ' ਹੈ ਜਿਸ ਨੂੰ ਕਿ ਪ੍ਰਸਿੱਧ ਪ੍ਰਕਾਸ਼ਕ ਆੱਟਮ ਆਰਟ ਪਟਿਆਲਾ ਨੇ ਪ੍ਰਕਾਸ਼ਿਤ ਕੀਤਾ ਹੈ।ਪੇਰੀਆਰ ਆਪਣੇ ਸਮੇਂ ਦਾ ਪ੍ਰਸਿੱਧ ਸਮਾਜਿਕ ਕਾਰਕੁੰਨ ਸੀ ਜਿਸ ਨੇ ਹਾਸ਼ੀਆਗਤ ਲੋਕਾਂ ਦੇ ਹੱਕਾਂ ਲਈ ਲੰਬੀ ਲੜਾਈ ਲੜੀ। ਔਰਤਾਂ ਦੀ ਸਿੱਖਿਆ, ਸਮਾਜਿਕ ਸਮਾਨਤਾ, ਤਰਕਸ਼ੀਲਤਾ, ਸਾਇੰਸ, ਮਾਤ ਭਾਸ਼ਾ ਵਿੱਚ ਸਿੱਖਿਆ ਜਿਹੇ ਅਨੇਕਾਂ ਵਿਸ਼ਿਆਂ 'ਤੇ ਕੰਮ ਕਰਨ ਵਾਲੇ ਪੇਰੀਆਰ ਨੇ ਆਪਣੀ ਸਾਰੀ ਜ਼ਿੰਦਗੀ 'ਸੈਲਫ ਰਿਸਪੈਕਟ ਮੂਵਮੈਂਟ' ਦੇ ਨਾਂ ਲਾ ਦਿੱਤੀ। ਕਰੋੜਾਂ ਰੁਪਏ ਦੀ ਸੰਪੱਤੀ ਦੇ ਮਾਲਕ ਪੇਰੀਆਰ ਨੇ ਸਾਰੀ ਪ੍ਰਾਪਰਟੀ ਸਮਤਾ ਸਮਾਨਤਾ ਅੰਦੋਲਨ ਦੇ ਨਾਂ ਲਾ ਦਿੱਤੀ ਅਤੇ ਤਮਾਮ ਉਮਰ ਦੋ ਫੁਲਕੇ ਖਾ ਕੇ ਸਾਦਾ ਜ਼ਿੰਦਗੀ ਗੁਜ਼ਾਰਦੇ ਲੋਕਾਈ ਦੀ ਭਲਾਈ ਲਈ ਤੱਤਪਰ ਰਹੇ। ਡਾ. ਜਸਵੰਤ ਰਾਏ ਨੇ ਇਸ ਤੋਂ ਪਹਿਲਾਂ ਪੰਜਾਬੀ ਲੋਕ ਕਥਾਵਾਂ, ਗ਼ਦਰ ਲਹਿਰ, ਆਦਿ ਧਰਮ ਲਹਿਰ, ਮਦਨ ਵੀਰੇ ਦੀ ਕਵਿਤਾ ਦੇ ਕਾਵਿ ਸ਼ਾਸਤਰ, ਮਹਾਤਮਾ ਜੋਤੀਬਾ ਰਾਓ ਫੂਲੇ ਦੀਆਂ ਲਿਖਤਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਕੇ ਗੁਰਮੁਖੀ ਸਾਹਿਤ ਵਿੱਚ ਮਾਣਮੱਤਾ ਯੋਗਦਾਨ ਪਾਇਆ ਹੈ। ਦੱਖਣ ਭਾਰਤ ਦੀਆਂ ਆਦਿ ਲਹਿਰਾਂ ਦੀਆਂ ਲਿਖਤਾਂ ਦਾ ਪੰਜਾਬੀ ਅਨੁਵਾਦ ਕਰਨ ਬਦਲੇ ਡਾ. ਜਸਵੰਤ ਰਾਏ ਅਤੇ ਉਨ੍ਹਾਂ ਦੀ ਬੈਟਰ ਹਾਫ ਬਬੀਤਾ ਰਾਣੀ ਦਾ ਫੈਡਰੇਸ਼ਨ ਆਫ ਰੈਸ਼ਨਲਿਸਟ ਐਸੋਸੀਏਸ਼ਨ ਅਤੇ ਡੀ ਕੇ ਦੇ ਅਹੁਦੇਦਾਰਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਸਮੇਂ ਡਾ. ਕੇ ਵੀਰਾਂਮਨੀ, ਨਰਿੰਦਰ ਨਾਇਕ ਪ੍ਰਧਾਨ ਫਿਰਾ, ਪ੍ਰਿੰਸ ਏਨਾਰਸ ਪੇਰੀਆਰ, ਵੀ. ਅੰਬੂਰਾਜ, ਵੀਰਾਂਮਨੀ ਰਾਜੂ, ਆਰ. ਤਮਿਲ ਸੇਲਵਨ, ਡਾ. ਸੁਦੇਸ਼ ਘੋਡੇਰਾਓ, ਸੁਮੀਤ ਸਿੰਘ, ਦਮਨਜੀਤ ਕੌਰ, ਆਤਮਾ ਸਿੰਘ, ਲੈਕ. ਰਜਿੰਦਰ ਕੌਰ ਅਤੇ ਦੇਸ਼ ਵਿਦੇਸ਼ ਤੋਂ ਹਜ਼ਾਰਾਂ ਦੀ ਤਦਾਦ ਵਿੱਚ ਵਿਦਵਾਨ, ਸਿੱਖਿਆ ਸ਼ਾਸਤਰੀ, ਬੁੱਧੀਜੀਵੀ, ਸਮਾਜਿਕ ਕਾਰਕੁੰਨ ਅਤੇ ਵਿਦਿਆਰਥੀ ਮੌਜੂਦ ਸਨ।

# ਵੀ ਆਰ ਮੋਹਨ ਡੀ ਏ ਵੀ ਪਬਲਿਕ ਸਕੂਲ 'ਚ ਕੀਤਾ ਹਵਨ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਕਰਨਲ ਵੀ.ਆਰ. ਮੋਹਨ ਡੀਏਵੀ ਪਬਲਿਕ ਸਕੂਲ ਡੇਰਾਬੱਸੀ ਵਿਖੇ ਨਵੇਂ ਸਾਲ 2025 ਦੀ ਸ਼ੁਰੂਆਤ ਮੌਕੇ ਹਵਨ ਕੀਤਾ ਗਿਆ। ਵਿਦਿਆਰਥੀ ਆਨ-ਲਾਈਨ ਮੋਡ ਰਾਹੀਂ ਹਵਨ ਸਮਾਗਮ ਵਿੱਚ ਸ਼ਾਮਲ ਹੋਏ।ਸਕੂਲ ਦਾ ਮੰਨਣਾ ਹੈ ਕਿ ਹਵਨ ਵਿਦਿਆਰਥੀਆਂ ਦੇ ਮਨ ਨੂੰ ਸ਼ੁੱਧ ਕਰਦਾ ਹੈ ਅਤੇ ਨਕਾਰਾਤਮਕ ਊਰਜਾ ਨੂੰ ਬੇਅਸਰ ਕਰਦਾ ਹੈ ਜੋ ਬਦਲੇ ਵਿੱਚ ਉਹਨਾਂ ਦੇ ਪ੍ਰਦਰਸ਼ਨ ਦੇ ਪੱਧਰ ਨੂੰ ਵਧਾਉਂਦਾ ਹੈ।

ਪ੍ਰਿੰਸੀਪਲ ਸ਼੍ਰੀਮਤੀ ਸਰਿਤਾ ਯਾਦਵ ਅਤੇ ਸਟਾਫ ਮੈਂਬਰਾਂ ਨੇ ਸਲੋਕਾਂ ਅਤੇ ਭਜਨਾਂ ਦੇ ਵਿਚਕਾਰ ਪਵਿੱਤਰ ਅਗਨੀ ਦੀ ਪੂਜਾ ਕੀਤੀ। ਪ੍ਰਿੰਸੀਪਲ ਨੇ ਵਿਦਿਆਰਥਣਾਂ ਨੂੰ ਅਮੀਰ ਵਿਰਸੇ ਦੇ ਅੱਗੇ ਤੋਰਨ ਅਤੇ ਵੇਦ ਮੁੱਲਾਂ ਦੀ ਖੁਸ਼ਬੂ ਨੂੰ ਵਿਸ਼ਵ ਵਿਚ ਫੈਲਾਉਣ ਲਈ ਪ੍ਰੇਰਿਤ ਕੀਤਾ।

# ਸੇਵਾ-ਮੁਕਤੀ 'ਤੇ ਪ੍ਰਿੰਸੀਪਲ ਸੁਰੇਸ਼ ਗੁਪਤਾ ਦਾ ਕੀਤਾ ਸਨਮਾਨ



ਫਗਵਾੜਾ (ਡਾ. ਰਮਨ)-ਪ੍ਰਾਈਵੇਟ ਅਤੇ ਸਿੱਖਿਆ ਵਿਭਾਗ ਪੰਜਾਬ ਵਿੱਚ 31 ਸਾਲਾਂ ਦੀ ਬੇਦਾਗ ਅਤੇ ਸਮਰਪਿਤ ਸੇਵਾਵਾਂ ਤੋਂ ਬਾਅਦ ਪ੍ਰਿੰਸੀਪਲ ਸੁਰੇਸ਼ ਗੁਪਤਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੱਲਾਰਾਏ ਤੋਂ ਸੇਵਾ ਮੁਕਤ ਹੋ ਗਏ। ਸੇਵਾ ਮੁਕਤੀ 'ਤੇ ਸਕੂਲ ਸਟਾਫ ਅਤੇ ਨਗਰ ਪੰਚਾਇਤ ਭੁੱਲਾਰਾਏ ਵਲੋਂ ਮਹਾਰਾਜਾ ਅਗਰਸੈਨ ਭਵਨ ਜੀ. ਟੀ. ਰੋਡ ਫਗਵਾੜਾ ਵਿਖੇ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਬੁਲਾਰਿਆਂ ਨੇ ਸੁਰੇਸ਼ ਗੁਪਤਾ ਵਲੋਂ ਨਿਭਾਈਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ। ਮੰਚ ਸੰਚਾਲਨ ਕਰਦਿਆਂ ਲੈਕ. ਹਰਜਿੰਦਰ ਗੋਗਨਾ ਅਤੇ ਕਮਲਦੀਪ ਕੌਰ ਨੇ ਸੁਰੇਸ਼ ਗੁਪਤਾ ਵਲੋਂ ਕਮਲਾ ਨਹਿਰੂ ਕਾਲਜ, ਸਸਸਸ ਰਾਣੀਪੁਰ ਅਤੇ ਸਸਸਸ (ਲੜਕੀਆਂ) ਫਗਵਾੜਾ, ਸਸਸਸ ਬੇਗੋਵਾਲ ਅਤੇ ਭੁੱਲਾਰਾਏ ਵਿਖੇ ਨਿਭਾਈਆਂ ਸਮਰਪਿਤ ਸੇਵਾਵਾਂ 'ਤੇ ਚਾਨਣ ਪਾਇਆ। ਨਗਰ ਪੰਚਾਇਤ ਭੁੱਲਾਰਾਏ ਦੇ ਸਾਬਕਾ ਸਰਪੰਚ ਮਾਸਟਰ ਹਰਭਜਨ ਸਿੰਘ ਅਤੇ ਵਰਤਮਾਨ ਸਰਪੰਚ ਰਜਤ ਭਨੋਟ ਨੇ ਸੁਰੇਸ਼ ਗੁਪਤਾ ਦੇ ਕਾਰਜਕਾਲ ਦੌਰਾਨ ਬੱਚਿਆਂ ਵਿੱਚ ਅਨੁਸ਼ਾਸਨ, ਵਿੱਦਿਅਕ ਅਤੇ ਖੇਡਾਂ ਵਿੱਚ ਪ੍ਰਾਪਤੀਆਂ ਅਤੇ ਸਕੂਲ ਬਿਲਡਿੰਗ ਨਿਰਮਾਣ ਵਿੱਚ ਸਕਾਰਾਤਮਿਕ ਯੋਗਦਾਨ ਲਈ ਪ੍ਰੰਸ਼ਸਾ ਪੱਤਰ ਪ੍ਰਦਾਨ ਕੀਤਾ ਸਰਕਾਰੀ ਹਾਈ ਸਕੂਲ ਖਲਵਾੜਾ ਦੇ ਇੰਚਾਰਜ ਅਧਿਆਪਕ ਹਰਸਿਮਰਨ ਸਿੰਘ ਨੇ ਸੁਰੇਸ਼ ਗੁਪਤਾ ਦੀ ਮੁਲਾਜ਼ਮ ਪੱਖੀ ਸੋਚ ਦਾ ਵਰਨਣ ਕਰਦਿਆਂ ਸਿੱਖਿਆ ਖੇਤਰ ਦਾ ਚਾਨਣ ਮੁਨਾਰਾ ਦੱਸਿਆ। ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਗੁਰਸ਼ਰਨ ਸਿੰਘ , ਲੈਕ. ਵਰਿੰਦਰ ਸ਼ਰਮਾ , ਸੁਸ਼ੀਲ ਸ਼ਰਮਾ ਅਤੇ ਅਮਰੀਕ ਸਿੰਘ ਵਲੋਂ ਸੁਰੇਸ਼ ਗੁਪਤਾ ਵਰਗੇ ਅਧਿਆਪਕਾਂ ਨੂੰ ਵਧੀਆ ਸਮਾਜ ਦੇ ਨਿਰਮਾਣ ਦੀ ਲੋੜ ਦੱਸਿਆ। ਪ੍ਰਿੰਸੀਪਲ ਰਣਜੀਤ ਗੋਗਨਾ ਅਤੇ ਪ੍ਰਿੰਸੀਪਲ ਸੀਮਾ ਮਿਨਹਾਸ ਵਲੋਂ ਵੀ ਸੁਰੇਸ਼ ਗੁਪਤਾ ਦੇ ਪ੍ਰੇਰਨਾਦਾਇਕ ਸੇਵਾ ਕਾਲ ਨੂੰ ਸਿੱਖਿਆ ਵਿਭਾਗ ਲਈ ਚਾਨਣ ਮੁਨਾਰਾ ਦੱਸਿਆ। ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਚੇਅਰਪਰਸਨ ਮੈਡਮ ਮਨਪ੍ਰੀਤ ਕੌਰ ਭੋਗਲ ਨੇ ਵੀ ਵਿਸ਼ੇਸ਼ ਰੂਪ ਵਿੱਚ ਪਹੁੰਚ ਕੇ ਵਧਾਈ ਦਿੱਤੀ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਸੁਰੇਸ਼ ਗੁਪਤਾ ਵਲੋਂ ਨਿਭਾਈਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ। ਲੈਕ. ਜਸਵਿੰਦਰ ਕੌਰ ਨੇ ਪ੍ਰਿੰਸੀਪਲ ਸੁਰੇਸ਼ ਗੁਪਤਾ ਦੀਆਂ ਸੇਵਾਵਾਂ ਦਾ ਸਾਰ ਮਾਣ ਪੱਤਰ ਰਾਹੀਂ ਪੇਸ਼ ਕੀਤਾ ਅਤੇ ਸਮੂਹ ਸਟਾਫ ਵਲੋਂ ਇਹ ਮਾਣ ਪੱਤਰ ਭੇਂਟ ਕੀਤਾ ਗਿਆ ਆਪਣੇ ਸੰਬੋਧਨ ਵਿੱਚ ਸੁਰੇਸ਼ ਗੁਪਤਾ ਨੇ ਕਿਹਾ ਕਿ ਉਹਨਾਂ ਨੇ ਸੇਵਾ ਕਾਲ ਵਿੱਚ ਬੱਚਿਆਂ ਦੀ ਪੜ੍ਹਾਈ ਅਤੇ ਸਰਕਾਰੀ ਫੰਡ ਦਾ ਇਮਾਨਦਾਰੀ ਨਾਲ ਉਪਯੋਗ ਨੂੰ ਜੀਵਨ ਦਾ ਆਦਰਸ਼ ਬਣਾ ਕੇ ਕੰਮ ਕੀਤਾ। ਪਰਵਾਰ ਵਲੋਂ ਸੇਵਾ ਮੁਕਤ ਲੈਕ. ਨਿਰਮਲ ਸਿੰਘ ਅਤੇ ਦੀਪਾਂਸ਼ੂ ਗੁਪਤਾ ਵਲੋਂ ਸਭ ਦਾ ਧੰਨਵਾਦ ਕੀਤਾ। ਸਮੂਹ ਸੰਸਥਾਵਾਂ ਵਲੋਂ ਉਹਨਾਂ ਨੂੰ ਮੋਮੈਂਟੋ ਅਤੇ ਦੁਸ਼ਾਲਾ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਨਿਸ਼ਾ ਗੁਪਤਾ, ਆਸ਼ਾ ਕੋਹਲੀ, ਰਾਜਨ ਚੋਪੜਾ, ਮਾਧੁਰੀ ਸ਼ਰਮਾ,ਪ੍ਰਿੰਸੀਪਲ ਰਣਜੀਤ ਗੋਗਨਾ, ਸੁਸ਼ੀਲ ਗੋਇਲ, ਪ੍ਰਵੀਨ ਗੁਪਤਾ, ਮੁਕੇਸ਼ ਗੋਇਲ, ਡਾ. ਸੁਨੀਤਾ ਗੁਪਤਾ, ਵਿੱਦਿਆ ਰਤਨ ਬਾਂਸਲ, ਸ਼ਸ਼ੀ ਕਿਰਨ, ਰਾਮ ਲੁਭਾਇਆ, ਰਵੀ ਸਿੰਘ, ਰੀਤੂ ਬਤਰਾ, ਸੁਰਿੰਦਰ ਕੌਰ, ਜੋਗਿੰਦਰ ਪਾਲ, ਹਰਦੀਪ ਸਿੰਘ, ਰਵਿੰਦਰ ਕੌਰ, ਪਰਮਜੀਤ ਕੌਰ, ਸਵਿਤਾ, ਰਣਵੀਰ ਪਰਮਾਰ. ਲਖਵਿੰਦਰ ਕੌਰ, ਸਵਿਤਾ ਪਵਾਰ, ਜੋਤੀ ਸਰੋਆ ਹਾਜ਼ਰ ਸਨ।

# ਸੰਤ ਹੰਸਾਲੀ ਵਾਲੇ ਤੇ ਜਥੇਦਾਰ ਬਾਬਾ ਹਰਬੰਸ ਸਿੰਘ ਦੀ ਯਾਦ 'ਚ ਗੁਰਮਤਿ ਸਮਾਗਮ



**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸੱਚ ਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲੇ ਅਤੇ ਕਾਰ ਸੇਵਾ ਦੇ ਪੁੰਜ ਸੱਚ ਖੰਡ ਵਾਸੀ ਜੱਥੇਦਾਰ ਬਾਬਾ ਹਰਬੰਸ ਸਿੰਘ ਜੀ ਦੀ ਮਿੱਠੀ ਅਤੇ ਨਿੱਘੀ ਯਾਦ ਵਿੱਚ ਗੁਰਮਤਿ ਸਮਾਗਮ ਦਾ ਆਯੋਜਨ ਕਰਵਾਇਆ ਗਿਆ । ਇਸ ਦਿਨ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ ।ਇਸ ਗੁਰਮਤਿ ਸਮਾਗਮ ਵਿੱਚ ਭਾਈ ਓਂਕਾਰ ਸਿੰਘ ਹੁਸ਼ਿਆਰਪੁਰ ਵਾਲਿਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਜੱਥੇਦਾਰ ਬਾਬਾ ਹਰਬੰਸ ਸਿੰਘ ਦਾ ਪੂਰਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਸੁਣਾਇਆ ।

ਬੀਬੀ ਜਤਿੰਦਰ ਕੌਰ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ । ਸ਼੍ਰੋਮਣੀ ਪ੍ਰਚਾਰਕ ਭਾਈ ਬਲਵੰਤ ਸਿੰਘ (ਜਵੱਦੀ ਟਕਸਾਲ), ਵਾਲਿਆਂ ਨੇ ਸੱਚਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੇ ਜੀਵਨ ਬ੍ਰਿਤਾਂਤ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਭਾਈ ਸੁਖਵਿੰਦਰ ਸਿੰਘ ਲੁਧਿਆਣੇ ਵਾਲੇ, ਭਾਈ ਸੰਤੋਖ ਸਿੰਘ, ਭਾਈ ਹਰਨੇਕ ਸਿੰਘ ਕਪੂਰਥਲੇ ਵਾਲੇ, ਭਾਈ ਮਨਦੀਪ ਸਿੰਘ (ਭਾਮੀਆਂ ਸਾਹਿਬ), ਮੀਰੀ ਪੀਰੀ ਪੰਥਕ ਢਾਡੀ ਜੱਥਾ, ਭਾਈ ਨਿਤਿਨ ਸਿੰਘ, ਭਾਈ ਕੁਲਦੀਪ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਹਰਬਖਸ਼ ਸਿੰਘ, ਭਾਈ ਜਰਨੈਲ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ ਅਤੇ ਭਾਈ ਗੁਰਮੀਤ ਸਿੰਘ ਦੇ ਜੱਥਿਆਂ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਬ੍ਰੈਡ ਪਕੌੜੇ, ਖੀਰ, ਕਈ ਤਰ੍ਹਾਂ ਦੀਆਂ ਮਠਿਆਈਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਅਲਾਇੰਸ ਕਲੱਬ ਰਾਇਲ ਤੇ ਸ੍ਰੀ ਗੀਤਾ ਭਵਨ ਕੋਚਿੰਗ ਸੈਂਟਰ ਨੇ ਮਨਾਇਆ ਨਵਾਂ ਸਾਲ



**ਫਗਵਾੜਾ (ਡਾ. ਰਮਨ, ਢੱਡਾ )** ਅਲਾਇੰਸ ਕਲੱਬ ਫਗਵਾੜਾ ਰਾਇਲ ਵਲੋਂ ਸਵੱਛਤਾ ਅਭਿਆਨ ਮੰਚ ਅਤੇ ਸ਼੍ਰੀ ਗੀਤਾ ਭਵਨ ਕੋਚਿੰਗ ਸੈਂਟਰ ਕਟੈਹਰਾ ਚੌਂਕ ਫਗਵਾੜਾ ਦੇ ਸਹਿਯੋਗ ਨਾਲ ਨਵੇਂ ਸਾਲ 2025 ਦਾ ਸਵਾਗਤ ਸੱਭਿਆਚਾਰਕ ਪ੍ਰੋਗਰਾਮ ਦੇ ਨਾਲ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਟਵਿੰਕਲ ਤੇ ਖੁਸ਼ਬੂ ਨੇ ਮੁੱਖ ਮਹਿਮਾਨ ਵਜੋਂ ਪਹੁੰਚੇ ਅਲਾਇੰਸ ਕਲੱਬ ਦੇ ਇੰਟਰਨੈਸ਼ਨਲ ਡਾਇਰੈਕਟਰ ਜਤਿੰਦਰ ਸਿੰਘ ਕੁੰਦੀ ਅਤੇ ਗੈਸਟ ਆਫ ਆਨਰ ਐਲੀ ਮਨਮੋਹਨ ਕੌਰ ਆਰ.ਸੀ. ਦੇ ਸਵਾਗਤ ਨਾਲ ਕੀਤੀ। ਸ੍ਰੀ ਗੀਤਾ ਭਵਨ ਕੋਚਿੰਗ ਸੈਂਟਰ ਦੇ ਡਾਇਰੈਕਟਰ ਮਦਨ ਮੋਹਨ ਖੱਟਰ ਤੇ ਸਾਥੀਆਂ ਨੇ ਵੀ ਸਮੂਹ ਪਤਵੰਤਿਆਂ ਨੂੰ ਜੀ ਆਇਆਂ ਆਖਿਆ। ਵਿਦਿਆਰਥੀਆਂ ਨੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਦਿਆ ਡਾਂਸ, ਕਵਿਤਾਵਾਂ ਅਤੇ ਭਜਨਾਂ ਦੀ ਖੂਬਸੂਰਤ ਪੇਸ਼ਕਾਰੀ ਦਿੱਤੀ। ਵਿਦਿਆਰਥਣ ਸ਼ਾਲੂ, ਪ੍ਰੀਆ, ਰੌਸ਼ਨੀ, ਸ਼ਿਲਪੀ, ਜਸਪ੍ਰੀਤ ਸੰਜਨਾ, ਭਾਰਤੀ ਅਤੇ ਵੰਸ਼ਿਕਾ ਦੀਆਂ ਪੇਸ਼ਕਾਰੀਆਂ ਨੇ ਹਾਜਰੀਨ ਦੀ ਖੂਬ ਵਾਹਵਾਹੀ ਖੱਟੀ। ਅਲਾਇੰਸ ਕਲੱਬ ਫਗਵਾੜਾ ਰਾਇਲ ਦੇ ਪ੍ਰਧਾਨ ਐਲੀ ਵਰੁਣ ਕੁਮਾਰ ਵਧਾਵਨ ਨੇ ਸਮੂਹ ਹਾਜਰੀਨ ਨੂੰ ਨਵੇਂ ਸਾਲ ਦੀਆਂ ਸ਼ੁੱਭ ਇੱਛਾਵਾਂ ਦਿੰਦਿਆਂ ਗੀਤਾ ਭਵਨ ਕੋਚਿੰਗ ਸੈਂਟਰ ਅਤੇ ਮਦਨ ਮੋਹਨ ਖੱਟਰ ਦੇ ਸਾਮਾਜਿਕ ਰੁਝੇਵਿਆਂ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਨੇ ਕਲੱਬ ਦੀਆ ਗਤਿਵਿਧੀਆਂ ਅਤੇ ਸਮਾਜਿਕ ਗਤੀਵਿਧੀਆਂ ਬਾਰੇ ਵੀ ਜਾਣੂ ਕਰਵਾਇਆ। ਮੁੱਖ ਮਹਿਮਾਨ ਜਤਿੰਦਰ ਸਿੰਘ ਕੁੰਦੀ, ਮਨਮੋਹਨ ਕੌਰ ਮੱਕੜ ਨੇ ਕੋਚਿੰਗ ਸੈਂਟਰ ਵਿਚ ਕੋਰਸ ਪੂਰਾ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਕੇਟ ਦਿੱਤੇ ਅਤੇ ਉਹਨਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ। ਸੱਭਿਆਚਾਰਕ ਪੇਸ਼ਕਾਰੀਆਂ ਦੇਣ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕਰਕੇ ਹੌਸਲਾ ਅਫਜਾਈ ਕੀਤੀ ਗਈ। ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨ ਅਤੇ ਪਤਵੰਤਿਆਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕੀਤੇ ਗਏ। ਇਸ ਮੌਕੇ ਅਧਿਆਪਿਕਾ ਰਾਜ ਰਾਣੀ ਸ਼ਰਮਾ, ਰਚਨਾ, ਵੇਨੁਕਾ , ਵੰਸ਼ਿਕਾ ਤੋਂ ਇਲਾਵਾ ਐਲੀ ਸਰਬਜੀਤ ਸਿੰਘ ਆਨੰਦ ਪੀ.ਆਰ.ਓ., ਐਲੀ ਗੁਰਵਿੰਦਰ ਕੌਰ ਅਨੰਦ, ਐਲੀ ਪਰਮਿੰਦਰ ਕੌਰ ਪਾਹਵਾ, ਐਲੀ ਗੁਰਵੀਰ ਕੌਰ, ਐਲੀ ਰਾਘਵ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

# ਬੰਗੜ ਭਰਾਵਾਂ ਨੇ ਲੱਖਪੁਰ ਦੇ ਵਿਕਾਸ ਲਈ ਦਿੱਤਾ ਇੱਕ ਲੱਖ ਰੁਪਏ ਦਾ ਚੈੱਕ



**ਫਗਵਾੜਾ ( ਡਾ. ਰਮਨ, ਢੱਡਾ )** -ਪਿੰਡ ਲੱਖਪੁਰ ਵਿਖੇ ਐਨ.ਆਰ.ਆਈ. ਵੀਰਾਂ, ਨੌਜਵਾਨਾਂ ਅਤੇ ਪਿੰਡ ਦੇ ਪਤਵੰਤਿਆਂ ਦੇ ਸਹਿਯੋਗ ਸਦਕਾ ਪਿੰਡ ਦੇ ਵਿਕਾਸ ਨੂੰ ਮੁੱਖ ਰੱਖਦਿਆਂ ਗਠਿਤ ਕੀਤੀ ਗਈ ਬ੍ਰਹਮ ਗਿਆਨੀ ਭਗਤ ਜਵਾਲਾ ਦਾਸ ਡਿਵੈਲਪਮੈਂਟ ਸੁਸਾਇਟੀ ਨੂੰ ਸੁਸਾਇਟੀ ਦੇ ਮੁੱਖ ਸਲਾਹਕਾਰ ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਦੀ ਪ੍ਰੇਰਣਾ ਸਦਕਾ ਐਨ.ਆਰ.ਆਈ. ਡਾ. ਸਤਨਾਮ ਸਿੰਘ ਬੰਗੜ ਅਤੇ ਮੋਹਨ ਲਾਲ ਬੰਗੜ ਯੂ.ਐਸ.ਏ. ਨੇ ਆਪਣੇ ਦਸਾਂ ਨੋਹਾਂ ਦੀ ਕਿਰਤ ਕਮਾਈ ਵਿਚੋਂ ਇੱਕ ਲੱਖ ਰੁਪਏ ਦਾ ਚੈੱਕ ਪਿੰਡ ਦੇ ਵਿਕਾਸ ਕਾਰਜਾਂ ਲਈ ਦਿੱਤਾ ਹੈ।ਸਰਪੰਚ ਗੁਰਮੀਤ ਸਿੰਘ ਗੋਗੀ ਅਤੇ ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਨੇ ਪ੍ਰਵਾਸੀ ਭਾਰਤੀਆਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਭਰੋਸਾ ਦਿੱਤਾ ਕਿ ਇਸ ਰਕਮ ਦੀ ਵਰਤੋਂ ਸੁਸਾਇਟੀ ਵਲੋਂ ਆਉਂਦੇ ਦਿਨਾਂ ਵਿਚ ਕਰਵਾਏ ਜਾਣ ਵਾਲੇ ਪਿੰਡ ਦੇ ਵਿਕਾਸ ਕਾਰਜਾਂ ਵਿਚ ਪੂਰੀ ਪਾਰਦਰਸ਼ਿਤਾ ਦੇ ਨਾਲ ਕੀਤੀ ਜਾਵੇਗੀ। ਪਿੰਡ ਵਿਚ ਸੀਵਰੇਜ, ਸਟਰੀਟ ਲਾਈਟਾਂ, ਬੂਟੇ ਲਗਾਉਣ ਤੋਂ ਇਲਾਵਾ ਬਜੁਰਗਾਂ ਦੇ ਬੈਠਣ ਲਈ ਪਾਰਕ , ਬੱਸ ਸਟੈਂਡ ਆਦਿ ਵਿਚ ਕੁਰਸੀਆਂ ਲਗਵਾਈਆਂ ਜਾਣਗੀਆਂ।ਇਸ ਮੌਕੇ ਪ੍ਰਵਾਸੀ ਭਾਰਤੀ ਤੇ ਸਾਬਕਾ ਸਰਪੰਚ ਪਿਆਰਾ ਸਿੰਘ ਢੱਡਵਾਲ, ਮੋਹਨ ਸਿੰਘ, ਸ਼ਰਨਜੀਤ ਸਿੰਘ, ਤਰਲੋਚਨ ਸਿੰਘ, ਪਰਮਜੀਤ ਸਿੰਘ, ਕੁਲਦੀਪ ਸਿੰਘ, ਸਰਬਜੀਤ ਸਿੰਘ, ਹਰਵਿੰਦਰ ਸਿੰਘ, ਸੁੱਖ ਮਹਿਮੀ, ਨਿਹਾਲ ਸਿੰਘ ਆਦਿ ਹਾਜਰ ਸਨ।

# ਟਰਾਂਸਪੋਰਟ ਮੰਤਰੀ ਵੱਲੋਂ ਨਵੇਂ ਵਰ੍ਹੇ ਦੌਰਾਨ ਨਵੀਆਂ ਬੱਸਾਂ ਖ਼ਰੀਦਣ ਦੇ ਹੁਕਮ

## ਸਰਕਾਰੀ ਬੱਸ ਸੇਵਾ ਤੋਂ ਸੱਖਣੇ ਰੂਟਾਂ ਦੀ ਸੂਚੀ 15 ਦਿਨਾਂ ਦੇ ਅੰਦਰ-ਅੰਦਰ ਦੇਣ ਦੇ ਨਿਰਦੇਸ਼

**ਚੰਡੀਗੜ੍ਹ (ਗੁਰਜੀਤ ਬਿੱਲਾ )** ਪੰਜਾਬ ਦੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਨਵੇਂ ਵਰ੍ਹੇ ਦੌਰਾਨ ਪੰਜਾਬ ਰੋਡਵੇਜ਼ ਅਤੇ ਪੀਆਰਟੀਸੀ ਦੇ ਬੇੜੇ ਵਿੱਚ ਨਵੀਆਂ ਬੱਸਾਂ ਸ਼ਾਮਲ ਕਰਨ ਦੇ ਹੁਕਮ ਦਿੱਤੇ ਹਨ।ਇੱਥੇ ਪੰਜਾਬ ਰੋਡਵੇਜ਼/ਪਨਬੱਸ, ਪੀਆਰਟੀ ਸੀ ਅਤੇ ਸਟੇਟ ਟਰਾਂਸਪੋਰਟ ਕਮਿਸ਼ਨਰ ਦਫ਼ਤਰ ਦੇ ਕੰਮ-ਕਾਜ ਦੀ ਸਮੀਖਿਆ ਕਰਨ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ. ਲਾਲਜੀਤ ਸਿੰਘ ਭੁੱਲਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਿਵੇਂ ਸਰਕਾਰ ਵੱਲੋਂ ਮਿੱਥੇ ਗਏ ਟੀਚਿਆਂ ਨੂੰ ਬੀਤੇ ਵਰ੍ਹੇ ਦੌਰਾਨ ਹਾਸਲ ਕੀਤਾ ਗਿਆ ਹੈ, ਉਸੇ ਤਰ੍ਹਾਂ ਨਵੇਂ ਵਰ੍ਹੇ ਵਿੱਚ ਵੀ ਟੀਚਿਆਂ ਨੂੰ ਹਾਸਲ ਕਰਦਿਆਂ ਸਰਕਾਰੀ ਮਾਲੀਏ ਵਿਚ ਵਾਧਾ ਕੀਤਾ ਜਾਵੇਗਾ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੂਬੇ ਦੇ ਬੱਸ ਅੱਡਿਆਂ ਨੂੰ ਠੇਕੇ 'ਤੇ ਦਿੱਤਾ ਜਾਵੇ ਤਾਂ ਜੋ ਮਾਲੀਆ ਵਧਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸਾਂਭ-ਸੰਭਾਲ ਅਤੇ ਸਾਫ਼-ਸਫ਼ਾਈ ਨੂੰ ਯਕੀਨੀ ਬਣਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਜਿਨ੍ਹਾਂ ਰੂਟਾਂ ਉਤੇ ਜ਼ਿਆਦਾਤਰ ਨਿੱਜੀ ਬੱਸਾਂ ਚੱਲਦੀਆਂ ਹਨ ਅਤੇ ਸਰਕਾਰੀ ਬੱਸ ਸਰਵਿਸ ਨਾਮਾਤਰ ਹੈ, ਉਨ੍ਹਾਂ ਰੂਟਾਂ 'ਤੇ ਸਰਕਾਰੀ ਬੱਸ ਸੇਵਾ ਸ਼ੁਰੂ ਕੀਤੀ ਜਾਵੇ ਤਾਂ ਜੋ ਮਹਿਲਾਵਾਂ ਨੂੰ ਮੁਫ਼ਤ ਬੱਸ ਸੇਵਾ ਦਾ ਲਾਭ ਮਿਲਣ ਸਕ ਤੇ ਹੋਰਨਾਂ ਯਾਤਰੀਆਂ ਨੂੰ ਸਹੂਲਤ ਮਿਲ ਸਕੇ।ਉਨ੍ਹਾਂ ਕਿਹਾ ਕਿ ਵਿਭਾਗ ਦੇ ਅਧਿਕਾਰੀ ਸੂਬੇ ਦੇ ਹਰੇਕ ਰੂਟ 'ਤੇ ਸਰਕਾਰੀ ਬੱਸ ਸੇਵਾ ਯਕੀਨੀ ਬਣਾਉਣ ਤਾਂ ਜੋ ਨਿੱਜੀ ਬੱਸ ਅਪ੍ਰੇਟਰਾਂ ਦੀ ਮਨਮਰਜ਼ੀ ਨੂੰ ਠੱਲ੍ਹ ਪਾਈ ਜਾ ਸਕੇ। ਸ. ਭੁੱਲਰ ਨੇ ਅਧਿਕਾਰੀਆਂ ਨੂੰ ਅਜਿਹੇ ਸਾਰੇ ਰੂਟਾਂ, ਜਿਨ੍ਹਾਂ 'ਤੇ ਸਰਕਾਰੀ ਬੱਸ ਸੇਵਾ ਉਪਲਬਧ ਨਹੀਂ ਹੈ, ਉਨ੍ਹਾਂ ਦੀ ਸੂਚੀ 15 ਦਿਨਾਂ ਦੇ ਅੰਦਰ-ਅੰਦਰ ਇਕੱਤਰ ਕਰਕੇ ਪੇਸ਼ ਕਰਨ ਦੇ ਵੀ ਹੁਕਮ ਦਿੱਤੇ।ਸ. ਲਾਲਜੀਤ ਸਿੰਘ ਭੁੱਲਰ ਨੇ ਸਟੇਟ ਟਰਾਂਸਪੋਰਟ ਕਮਿਸ਼ਨਰ ਦਫ਼ਤਰ ਦੇ ਅਧਿਕਾਰੀਆਂ ਨੂੰ ਟੈਕਸ ਡਿਫ਼ਾਲਟਰ 'ਤੇ ਨਕੇਲ ਕੱਸਣ ਲਈ ਪ੍ਰਭਾਵੀ ਵਸੂਲੀ ਪ੍ਰਕਿਰਿਆ ਅਪਨਾਉਣ ਲਈ ਕਿਹਾ।

ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਸੇਵਾਵਾਂ ਨੂੰ ਹੋਰ ਪ੍ਰਭਾਵੀ ਬਣਾਇਆ ਜਾਵੇ ਅਤੇ ਸਰਵਿਸ ਡਿਲੀਵਰੀ ਸਮਾਂਬੱਧ ਤਰੀਕੇ ਨਾਲ ਪ੍ਰਦਾਨ ਕਰਨਾ ਯਕੀਨੀ ਬਣਾਇਆ ਜਾਵੇ।ਮੀਟਿੰਗ ਦੌਰਾਨ ਪੀਆਰਟੀਸੀ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ, ਵਧੀਕ ਮੁੱਖ ਸਕੱਤਰ ਟਰਾਂਸਪੋਰਟ ਸ੍ਰੀ ਡੀਕੇ ਤਿਵਾੜੀ, ਐਸਟੀਸੀ ਸ੍ਰੀ ਜਸਪ੍ਰੀਤ ਸਿੰਘ, ਐਮਡੀ ਪਨਬੱਸ ਸ੍ਰੀ ਰਾਜੀਵ ਕੁਮਾਰ ਗੁਪਤਾ, ਐਮਡੀਪੀਆਰਟੀਸੀ ਬਿਕਰਮਜੀਤ ਸਿੰਘ ਸ਼ੇਰਗਿੱਲ, ਡਿਪਟੀ ਡਾਇਰੈਕਟਰ ਸ. ਪਰਨੀਤ ਸਿੰਘ ਮਿਨਹਾਸ, ਏ.ਡੀ.ਓ ਪਨਬੱਸ ਸ੍ਰੀ ਰਾਜੀਵ ਦੱਤਾ, ਜੀਐਮਪੀਆਰਟੀਸੀ ਮਨਿੰਦਰ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ।

# ਨਵੇਂ ਸਾਲ ਮੌਕੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਦਿੱਤੇ ਦਿਸ਼ਾ-ਨਿਰਦੇਸ਼



ਜਲੰਧਰ (ਇਕਬਾਲ ਸਿੰਘ ਉਭੀ)- ਨਵੇਂ ਸਾਲ ਮੌਕੇ ਸੇਂਟ ਸੋਲਜਰ ਗਰੁੱਪ ਦੀਆਂ ਸਮੂਹ ਬ੍ਰਾਂਚਾਂ ਦੇ ਡਾਇਰੈਕਟਰਾਂ ਤੇ ਪ੍ਰਿੰਸੀਪਲਾਂ ਨੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨਾਲ ਕੇਕ ਕੱਟ ਕੇ ਇੱਕ ਦੂਜੇ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ।

ਇਸ ਮੌਕੇ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਦਿਸ਼ਾ-ਨਿਰਦੇਸ਼ ਦਿੰਦੇ ਹੋਏ ਚੇਅਰਮੈਨ ਚੋਪੜਾ ਤੇ ਵੀ.ਸੀ.ਚੋਪੜਾ ਨੇ ਕਿਹਾ ਕਿ ਨਵੀਂ ਸਿੱਖਿਆ ਨੀਤੀ (ਐਨ.ਈ.ਪੀ.) ਤਹਿਤ ਬੱਚਿਆਂ ਨੂੰ ਭਾਰਤੀ ਸੰਸਕ੍ਰਿਤੀ ਨਾਲ ਜੋੜਨ, ਸਿੱਖਿਆ ਨੂੰ ਲਚਕਦਾਰ ਬਣਾਉਣ, ਬੱਚਿਆਂ 'ਚ ਅਨੁਸ਼ਾਸਨ, ਸਸ਼ਕਤੀਕਰਨ, ਸਿੱਖਿਆ ਨੀਤੀ ਨੂੰ ਪਾਰਦਰਸ਼ੀ ਬਣਾਉਣ, ਮੁਲਾਂਕਣ 'ਤੇ ਜ਼ੋਰ ਦੇਣਾ, ਬੱਚਿਆਂ ਦੀ ਸੋਚ ਨੂੰ ਰਚਨਾਤਮਕ ਬਣਾਉਣ, ਮਿਆਰੀ ਸਿੱਖਿਆ ਪ੍ਰਦਾਨ ਕਰਨਾ, ਖੋਜ 'ਤੇ ਜ਼ਿਆਦਾ ਧਿਆਨ ਦੇਣਾ, ਇੱਕੋ ਸਮੇਂ ਕਈ ਭਾਸ਼ਾਵਾਂ 'ਤੇ ਧਿਆਨ ਦੇਣਾ ਆਦਿ ਰਣਨੀਤੀਆਂ 'ਤੇ ਚਰਚਾ ਕੀਤੀ ਗਈ। ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਨਾਲ ਸਬੰਧਤ ਗਤੀਵਿਧੀਆਂ ਜਿਵੇਂ ਖੇਡਾਂ, ਵਾਦ-ਵਿਵਾਦ ਪ੍ਰੋਗਰਾਮ, ਸਮਾਜ ਸੇਵਾ ਨਾਲ ਸਬੰਧਤ ਕੈਂਪ ਅਤੇ ਵਰਕਸ਼ਾਪ, ਡਾਂਸ ਕਲਾਸਾਂ, ਨਾਟਕ, ਕੋਮਲ ਕਲਾਵਾਂ ਅਤੇ ਸਕੂਲ ਕੈਂਪਸ ਨੂੰ ਸਾਫ਼-ਸੁਥਰਾ ਰੱਖਣ 'ਤੇ ਜ਼ੋਰ ਦਿੱਤਾ ਗਿਆ। ਚੇਅਰਮੈਨ ਚੋਪੜਾ ਨੇ ਕਿਹਾ ਕਿ ਗਰੁੱਪ ਦਾ ਮੁੱਖ ਉਦੇਸ਼ ਲੋਕਾਂ ਨੂੰ ਸਿੱਖਿਆ ਪ੍ਰਦਾਨ ਕਰਨਾ ਹੈ। ਅੰਤ ਵਿੱਚ ਉਨ੍ਹਾਂ ਸਮੂਹ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਨਵੇਂ ਸਾਲ ਦੀ ਸ਼ੁੱਭਕਾਮਨਾਵਾਂ ਦਿੱਤੀਆਂ।

## ਸਟਰੀਮ ਲਾਈਨ ਵੈੱਲਫੇਅਰ ਸੁਸਾਇਟੀ ਫਿਰੋਜ਼ਪੁਰ ਨੇ ਨਵਾਂ ਸਾਲ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਫਿਰੋਜ਼ਪੁਰ ਵੱਲੋਂ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਕੁਲਚਾ ਕਲਚਰ ਹੋਟਲ ਬਾਗੀ ਰੋਡ ਫਿਰੋਜ਼ਪੁਰ ਵਿਖੇ ਕਰਵਾਇਆ ਤੇ ਨਵਾਂ ਸਾਲ 2025 ਦਾ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਇਆ।ਇਸ ਮੌਕੇ ਮੁੱਖ ਮਹਿਮਾਨ ਪਾਲ ਪੇਨ ਕੇਅਰ ਸੈਂਟਰ ਦੇ ਸੰਚਾਲਕ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਅਤੇ ਉਨ੍ਹਾਂ ਨੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਦੀ ਤਾਰੀਫ ਕੀਤੀ। ਇਸ ਮੌਕੇ ਡਾਕਟਰ ਦੀਵਾਨ ਚੰਦ ਸੁਖੀਜਾ ਚੇਅਰਮੈਨ, ਕਿਸ਼ਨ ਚੰਦ ਜਾਗੋਵਾਲੀਆ ਪ੍ਰਧਾਨ, ਪ੍ਰਵੀਨ ਧਵਨ ਜਨਰਲ ਸਕੱਤਰ, ਰਮੇਸ਼ ਬਜਾਜ ਸੀਨੀਅਰ ਮੀਤ ਪ੍ਰਧਾਨ, ਰਾਮ ਕਿਸ਼ੋਰ ਕੋਆਰਡੀਨੇਟਰ ਨੇ ਸੁਸਾਇਟੀ ਵੱਲੋਂ ਕੀਤੇ ਗਏ ਲੋਕ ਭਲਾਈ ਕੰਮਾਂ ਅਤੇ ਮੈਡੀਕਲ ਕੈਂਪਾਂ ਬਾਰੇ ਜਾਣਕਾਰੀ ਦਿੱਤੀ। ਸੁਸਾਇਟੀ ਦੇ ਜਨਰਲ ਸਕੱਤਰ ਪ੍ਰਵੀਨ ਧਵਨ ਨੇ ਨਵੇਂ ਸਾਲ ਤੇ ਕਵਿਤਾ ਪੇਸ਼ ਕੀਤੀ। ਸੁਸਾਇਟੀ ਦੇ ਸਮੂਹ ਮੈਂਬਰਾਂ ਨੇ ਲੋਕ ਭਲਾਈ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦਾ ਪ੍ਰਣ ਲਿਆ। ਇਸ ਸਮਾਗਮ ਵਿੱਚ ਪੁਸ਼ਪਲਾਤਾ, ਅਵਿਨਾਸ਼ ਸਿੰਘ ਤਲਵਾੜ, ਅਸ਼ੋਕ ਚੁੱਘ, ਸ਼ੁਭਾਸ ਚੌਧਰੀ, ਸਰੋਜ ਸਹਿਗਲ, ਜਤਿੰਦਰ ਕੁਮਾਰ, ਅਮਰਨਾਥ, ਹਰਸ਼ ਰਾਜਨ, ਡੀਆਰ ਗੋਇਲ, ਸੁਨੀਤਾ ਰਾਣੀ, ਅਗਮ ਸਚਦੇਵਾ, ਬਿਮਲਾ ਰਾਣੀ, ਦਲੀਪ ਕੁਮਾਰ, ਅਮਰਨਾਥ ਗੁਪਤਾ, ਐੱਸਪੀ ਖੁਰਾਣਾ, ਉਡੀਕ ਚੰਦ, ਕ੍ਰਿਸ਼ਨ ਲਾਲ ਗੁਲਾਟੀ, ਕਮਲਾ ਦੇਵੀ, ਡਾਕਟਰ ਪ੍ਰਦੀਪ ਰਾਣਾ, ਵਿਜੇ ਅਰੋੜਾ ਆਦਿ ਸ਼ਾਮਲ ਹੋਏ।

## ਪ੍ਰੋਫੈਸਰ ਡਾ. ਸਤਿਆ ਬੀਰ ਸਿੰਘ ਨੇ ਪੀ ਯੂ 'ਚ ਫਿਜ਼ੀਕਲ ਸਾਇੰਸਜ਼ ਫ਼ੈਕਲਟੀ ਦੇ ਡੀਨ ਵਜੋਂ ਜ਼ਿੰਮੇਵਾਰੀ ਸੰਭਾਲੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਵਿਖੇ ਗਣਿਤ ਵਿਭਾਗ ਦੇ ਪ੍ਰੋਫੈਸਰ ਡਾ. ਸਤਿਆ ਬੀਰ ਸਿੰਘ ਨੇ ਫਿਜ਼ੀਕਲ ਸਾਇੰਸਜ਼ ਫ਼ੈਕਲਟੀ ਦੇ ਡੀਨ ਵਜੋਂ ਆਪਣੀ ਜ਼ਿੰਮੇਵਾਰੀ ਸੰਭਾਲ ਲਈ ਹੈ।ਜ਼ਿਕਰਯੋਗ ਹੈ ਕਿ ਡਾ. ਸਤਿਆ ਬੀਰ ਸਿੰਘ ਯੂਨੀਵਰਸਿਟੀ ਦੇ ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਦੇ ਡਾਇਰੈਕਟਰ ਵਜੋਂ ਵੀ ਸੇਵਾਵਾਂ ਨਿਭਾਅ ਰਹੇ ਹਨ।ਫਿਜ਼ੀਕਲ ਸਾਇੰਸਜ਼ ਫ਼ੈਕਲਟੀ ਦੇ ਸਾਬਕਾ ਡੀਨ ਡਾ. ਯਾਦਵਿੰਦਰ ਸਿੰਘ ਵੱਲੋਂ ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਦੀ ਹਾਜ਼ਰੀ ਵਿੱਚ ਉਨ੍ਹਾਂ ਨੂੰ ਚਾਰਜ ਸੌਂਪਿਆ ਗਿਆ।ਇਸ ਮੌਕੇ ਗਣਿਤ ਵਿਭਾਗ ਦੇ ਮੁਖੀ ਡਾ. ਸ਼ੈਲੀ ਅਰੋੜਾ ਤੋਂ ਇਲਾਵਾ ਗਣਿਤ ਵਿਭਾਗ ਤੋਂ ਡਾ. ਨਵਪ੍ਰੀਤ ਸਿੰਘ ਨੂਰੀ, ਡਾ. ਪਰਵੀਨ ਲਤਾ, ਡਾ. ਅਰਜਨ ਸਿੰਘ, ਡਾ. ਜਸਲੀਨ ਕੌਰ, ਡਾ. ਦੀਪਕ ਕੁਮਾਰ, ਐਡੀਸ਼ਨਲ ਕੰਟਰੋਲਰ ਡਾ. ਅਮਨਦੀਪ ਵਰਮਾ, ਕੰਪਿਊਟਰ ਇੰਜਨੀਅਰਿੰਗ ਤੋਂ ਡਾ. ਰਾਜਿੰਦਰ ਕੁਮਾਰ, ਨੇਬਰਹੁੱਡ ਕੈਂਪਸ ਦੇਹਲਾ ਸੀਹਾਂ ਦੇ ਮੁਖੀ ਡਾ. ਸੁਖਵੀਰ ਸਿੰਘ, ਸੀ.ਜੀ.ਸੀ. ਲਾਂਡਰਾ ਤੋਂ ਡਾ. ਪੁਸ਼ਵਿੰਦਰ ਕੁਮਾਰ ਮੌਜੂਦ ਰਹੇ। ਇਨ੍ਹਾਂ ਤੋਂ ਇਲਾਵਾ ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਦੇ ਸਮੂਹ ਸਟਾਫ, ਦਲੀਪ, ਸੁਸ਼ੀਲ ਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਵੀ ਉਨ੍ਹਾਂ ਨੂੰ ਇਸ ਨਵੇਂ ਅਹੁਦੇ ਲਈ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

## ਰੋਟਰੀ ਕਲੱਬ ਰੋਇਲ ਨੇ ਨਵਾਂ ਸਾਲ ਮਨਾਇਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਪਾਤੜਾਂ ਰੋਇਲ ਵੱਲੋਂ ਗਰੈਂਡ ਹੈਰੀਟੇਜ ਨਿਆਲ ਪਾਤੜਾਂ ਵਿਖੇ ਨਵਾਂ ਸਾਲ ਮਨਾਇਆ ਗਿਆ।ਇਸ ਦੌਰਾਨ ਪ੍ਰਧਾਨ ਕਪਿਲ ਕੌਸ਼ਲ ਮਲਿਕ ਨੇ ਦੱਸਿਆ ਕਿ ਕਲੱਬ ਵੱਲੋਂ ਹਰ ਸਾਲ ਦੀ ਤਰ੍ਹਾਂ ਨਵੇਂ ਸਾਲ ਦੀ ਖੁਸ਼ੀ ਵਿੱਚ ਕਲੱਬ ਮੈਂਬਰਾਂ ਤੇ ਉਨ੍ਹਾਂ ਦੇ ਪਰਵਾਰਾਂ ਨਾਲ ਰਲ-ਮਿਲ ਕੇ ਨਵਾਂ ਸਾਲ ਮਨਾਇਆ ਜਾਂਦਾ ਹੈ।ਇਸ ਵਾਰ ਕਰਵਾਏ ਸਮਾਗਮ ਵਿੱਚ ਬੱਚਿਆਂ ਨੇ ਪੂਰੇ ਜੋਸ਼ ਨਾਲ ਹਿੱਸਾ ਲਿਆ ਤੇ ਔਰਤਾਂ ਨੇ ਨੱਚ ਟੱਪ ਕੇ ਨਵੇਂ ਸਾਲ ਦਾ ਅਨੰਦ ਲਿਆ।ਇਸ ਮੌਕੇ ਸੈਕਟਰੀ ਕੁਨਾਲ ਗੋਇਲ, ਕੈਸ਼ੀਅਰ ਅਰੁਨ ਸਿੰਗਲਾ, ਰਾਕੇਸ਼ ਗਰਗ ਚੇਅਰਮੈਨ ਮਦਰ ਇੰਡੀਆ, ਨਰਾਇਣ ਗਰਗ, ਅਸ਼ੋਕ ਗਰਗ, ਅਮਨਦੀਪ ਸਿੰਘ, ਹਰਮੇਸ਼ ਮੇਸ਼ੀ, ਨਰਾਇਣ ਦਾਸ, ਰਾਕੇਸ਼ ਸਿੰਗਲਾ ਚੇਅਰਮੈਨ ਗੁਰੂਕੁਲ ਸਕੂਲ, ਮੈਡਮ ਹਰਮਨਦੀਪ ਹਰਿਕਾ ਸਪਾਰਕਲਿੰਗ ਸਕੂਲ, ਡਾ. ਮੋਹਨ ਲਾਲ ਸਿੰਗਲਾ, ਡਾ. ਅਮਨ ਸ਼ਰਮਾ, ਡਾ. ਅਸ਼ੋਕ ਦੇਵ, ਸੋਨੂੰ ਬਾਂਸਲ, ਜੀਵਨ ਕੁਮਾਰ, ਰਕੇਸ਼ ਬੱਬਲ, ਗੋਬਿੰਦ ਸਿੰਘ ਵਿਰਦੀ, ਬ੍ਰਿਜ ਲਾਲ, ਵਿਸ਼ਾਲ ਗੋਇਲ, ਰਜਿੰਦਰ ਬਾਂਸਲ, ਰਕੇਸ਼ ਸੋਨੀ, ਸੁਨੀਲ ਮਿੱਤਲ, ਮਿੰਕਲ ਗਰਗ, ਯੋਗੇਸ਼ ਗਰਗ, ਬ੍ਰਿਜ ਲਾਲ ਆਦਿ ਮੈਂਬਰ ਹਾਜ਼ਰ ਸਨ।

## ਨਵੇਂ ਸਾਲ ਦੀ ਆਮਦ 'ਤੇ 25ਵਾਂ ਸਿਲਵਰ ਜੁਬਲੀ ਧਾਰਮਿਕ ਸਮਾਗਮ ਕਰਵਾਇਆ



**ਸੰਗਰੂਰ (ਪ੍ਰਵੀਨ ਸਿੰਘ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਸਾਹਿਬ ਗੁਰੂ ਨਾਨਕਪੁਰਾ ਵਿਖੇ ਨਵੇਂ ਸਾਲ ਦੀ ਆਮਦ ਤੇ ਲਗਾਤਾਰ 25ਵਾਂ ਰਾਤਰੀ ਕੀਰਤਨ ਦਰਬਾਰ ਕਮੇਟੀ ਪ੍ਰਧਾਨ ਜਸਵਿੰਦਰ ਸਿੰਘ ਪ੍ਰਿੰਸ, ਪਰਮਿੰਦਰ ਸਿੰਘ ਸੋਬਤੀ ਤੇ ਗੁਰਵਿੰਦਰ ਸਿੰਘ ਸਰਨਾ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਇਸ ਮੌਕੇ ਹਜ਼ੂਰੀ ਰਾਗੀ ਭਾਈ ਮਨਵੀਰ ਸਿੰਘ ਕੋਹਾੜਕਾ, ਚਰਨਜੀਤ ਪਾਲ ਸਿੰਘ, ਭਾਈ ਸੁਰਿੰਦਰਪਾਲ ਸਿੰਘ ਸਿਦਕੀ, ਗੁਰਕੰਵਲ ਸਿੰਘ, ਗੁਰਮੀਤ ਸਿੰਘ ਸਾਹਨੀ, ਮਨਦੀਪ ਸਿੰਘ ਤੇ ਸਮਰਪ੍ਰੀਤ ਸਿੰਘ ਤੋਂ ਇਲਾਵਾ ਇਸਤਰੀ ਸਤਿਸੰਗ ਸਭਾ ਵੱਲੋਂ ਮਾਤਾ ਸਵਰਨ ਕੌਰ, ਗੁਰਲੀਨ ਕੌਰ, ਰੇਖਾ ਰਾਣੀ, ਕਿਰਨ ਦੂਆ ਤੇ ਮਹਿਕਪ੍ਰੀਤ ਕੌਰ ਆਦਿ ਦੇ ਜਥਿਆਂ ਨੇ ਰਸਭਿੰਨਾ ਕੀਰਤਨ ਕੀਤਾ। ਗੁਰਿੰਦਰ ਸਿੰਘ ਇਸ ਸਮੇਂ ਸ਼ਬਦ ਗਾਇਨ ਕਰਦਿਆਂ ਸ਼ਬਦ ਮਹਿਮਾਂ ਦੀ ਵਿਆਖਿਆ 'ਤੇ ਵਿਚਾਰਾਂ ਕੀਤੀਆਂ। ਭਾਈ ਸੁੰਦਰ ਸਿੰਘ ਹੈੱਡ ਗ੍ਰੰਥੀ ਨੇ ਨਵੇਂ ਸਾਲ ਵਿਚ ਸਭ ਸੰਗਤਾਂ ਦੀ ਦੇਹ, ਅਰੋਗਤਾ, ਸਰਬੱਤ ਦੇ ਭਲੇ ਤੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਇਸ ਸਮੇਂ ਗੁਰਮੀਤ ਸਿੰਘ ਜਨਰਲ ਸਕੱਤਰ ਨੇ ਦੱਸਿਆ ਕਿ ਲਗਾਤਾਰ 25 ਸਾਲਾਂ ਤੋਂ ਸੰਗਤਾਂ ਵੱਲੋਂ ਹਰ ਸਾਲ ਦੀ ਆਮਦ ਤੇ ਅਜਿਹਾ ਸਮਾਗਮ ਹੋ ਰਿਹਾ ਹੈ, ਜਿਸ ਲਈ ਗੁਰੂ ਸਾਹਿਬ ਦਾ ਦਾ ਸ਼ੁਕਰਾਨਾ ਕੀਤਾ ਗਿਆ। ਇਸ ਸਮਾਗਮ ਲਈ ਰਾਜੇਸ਼ ਥਰੇਜਾ ਤੇ ਸਵਰਗੀ ਸੁਰਿੰਦਰ ਸਿੰਘ ਗੁਜ਼ਰਾਲ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ, ਜਿਨ੍ਹਾਂ ਨੂੰ ਜਸਵਿੰਦਰ ਸਿੰਘ ਪ੍ਰਿੰਸ, ਹਰਪ੍ਰੀਤ ਸਿੰਘ, ਸੁਰਿੰਦਰਪਾਲ ਸਿੰਘ ਸਿਦਕੀ, ਗੁਰਮੀਤ ਸਿੰਘ ਸਾਹਨੀ ਤੇ ਮਾਤਾ ਸਵਰਨ ਕੌਰ ਨੇ ਸਨਮਾਨਤ ਕੀਤਾ। ਸਮਾਗਮ ਤੋਂ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ 12:30 ਵਜੇ "ਸ਼ਬਦ ਕੀ ਚੌਂਕੀ" ਪ੍ਰਭਾਤ ਫ਼ੇਰੀ ਦੇ ਰੂਪ ਵਿੱਚ ਕੱਢੀ ਗਈ, ਜਿਸ ਵਿੱਚ ਗੁਰਬੀਰ ਕੌਰ, ਗੁਰਲੀਨ ਕੌਰ, ਮਹਿਕਪ੍ਰੀਤ ਕੌਰ, ਕਿਰਨ ਦੂਆ, ਰੇਖਾ ਰਾਣੀ ਤੇ ਹੋਰਨਾਂ ਨੇ ਸ਼ਬਦਾਂ ਰਾਹੀਂ ਅਧਿਆਤਮਕ ਮਹੌਲ ਸਿਰਜ ਦਿੱਤਾ। ਇਸ ਮੌਕੇ ਜਗਜੀਤ ਸਿੰਘ, ਮਨਵਿੰਦਰ ਸਿੰਘ, ਬਲਜਿੰਦਰ ਸਿੰਘ, ਜਸਵਿੰਦਰ ਤੇ ਗੁਰਪ੍ਰੀਤ ਸਿੰਘ ਆਦਿ ਨੇ ਵੱਖੋ ਵੱਖ ਸੇਵਾਵਾਂ ਨਿਭਾਈਆਂ ਤੇ ਰਸਤੇ ਵਿੱਚ ਚਾਹ ਕੌਫ਼ੀ ਦਾ ਲੰਗਰ ਵਰਤਾਇਆ ਗਿਆ। ਸੁਸਾਇਟੀ ਦੇ ਮੁੱਖ ਸੇਵਾਦਾਰ ਰਾਜਵਿੰਦਰ ਸਿੰਘ ਲੱਕੀ, ਜਗਜੀਤ ਸਿੰਘ ਭਿੰਡਰ, ਸੁਰਿੰਦਰਪਾਲ ਸਿੰਘ, ਅਜੀਤ ਸਿੰਘ ਤੇ ਅਵਤਾਰ ਸਿੰਘ ਨੇ ਸਮਾਗਮ ਦੇ ਵਿਸ਼ੇਸ਼ ਸਹਿਯੋਗੀ ਡਾ: ਡੀ. ਪੀ. ਸਿੰਘ ਤੇ ਅਮਰੀਕ ਸਿੰਘ ਬਿੱਟਾ ਨੂੰ ਸਨਮਾਨਤ ਕੀਤਾ। ਸਮਾਗਮ ਵਿੱਚ ਮਹਿੰਦਰਪਾਲ ਸਿੰਘ ਪਾਹਵਾ, ਪ੍ਰੀਤਮ ਸਿੰਘ, ਅਮਰਿੰਦਰ ਸਿੰਘ, ਗੁਰਪ੍ਰੀਤ ਸਿੰਘ, ਈਮਾਨਪ੍ਰੀਤ ਸਿੰਘ, ਸਵਰਨ ਕੌਰ, ਜੋਗਿੰਦਰ ਕੌਰ, ਦਵਿੰਦਰ ਕੌਰ, ਪ੍ਰਿਤਪਾਲ ਕੌਰ, ਰਾਜਵੰਤ ਕੌਰ, ਰੇਖਾ ਕਾਲੜਾ ਤੇ ਕਿਰਨ ਦੂਆ ਨੇ ਵੱਖੋ ਵੱਖ ਸੇਵਾਵਾਂ ਨਿਭਾਈਆਂ।

# ਮਾਛੀਵਾੜਾ ਇਲਾਕੇ ਦੇ ਟਰਾਂਸਪੋਰਟਰਾਂ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਮੰਗਿਆ ਇਨਸਾਫ਼



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਸਾਹਿਬ ਦੇ ਕੁਝ ਟਰਾਂਸਪੋਰਟਰਾਂ ਨੇ ਮਾਈਨਿੰਗ 'ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਗੜ੍ਹਸ਼ੰਕਰ-ਨੰਗਲ ਰੋਡ 'ਤੇ ਪਿੰਡ ਸ਼ਾਹਪੁਰ ਵਿਖੇ ਸਥਿਤ ਚੈਕ ਪੋਸਟ ਜਿਥੇ1 ਰੋਜ਼ਾਨਾ ਹਿਮਾਚਲ ਤੋਂ ਨਾਜਾਇਜ਼ ਖਣਿਜ ਪਦਾਰਥ ਲੈ ਕੇ ਆ ਰਹੇ ਟਿੱਪਰਾਂ ਤੋਂ ਲੱਖਾਂ ਰੁਪਏ ਇਕੱਠਾ ਕਰਨ ਦੇ ਮਾਮਲੇ ਸਬੰਧੀ ਸ਼ਿਕਾਇਤ ਦਰਜ ਕਰਵਾਈ ਹੈ। ਟਰਾਂਸਪੋਰਟਰ ਬਲਵਿੰਦਰ ਸਿੰਘ, ਰਵਨੀਤ ਸਿੰਘ, ਦਲਜੀਤ ਸਿੰਘ, ਗਗਨਦੀਪ ਸਿੰਘ, ਸਤਨਾਮ ਸਿੰਘ, ਕਿਰਪਾਲ ਸਿੰਘ, ਸੁਰਿੰਦਰ ਸਿੰਘ, ਨਰੇਸ਼ ਕੁਮਾਰ, ਸੁਭਾਸ਼ ਕੁਮਾਰ, ਬਹਾਦਰ ਸਿੰਘ, ਸੁਖਵਿੰਦਰ ਸਿੰਘ, ਅਮਨਦੀਪ ਸਿੰਘ ਨੇ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤ ਦਿੰਦਿਆਂ ਕਿਹਾ ਕਿ ਹਿਮਾਚਲ ਪ੍ਰਦੇਸ਼ ਤੋਂ ਰੋਜ਼ਾਨਾ ਸੈਂਕੜੇ ਟਿੱਪਰ ਖਣਿਜ ਪਦਾਰਥ ਲੈ ਕੇ ਆਉਂਦੇ ਹਨ। ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਹਿਮਾਚਲ ਤੋਂ ਆਉਣ ਵਾਲੇ ਜਿਨ੍ਹਾਂ ਟਿੱਪਰਾਂ ਵਿਚ ਖਣਿਜ ਪਦਾਰਥਾਂ ਦੇ ਮਾਈਨਿੰਗ ਦਸਤਾਵੇਜ਼ ਪੂਰੇ ਹਨ ਉਹ ਇਸ ਚੈੱਕ ਪੋਸਟ 'ਤੇ ਆਪਣੀ ਐਂਟਰੀ ਦਰਜ ਕਰ ਪੰਜਾਬ ਦੀ ਮਾਈਨਿੰਗ ਸਲਿੱਪ ਲੈਂਦੇ ਹਨ ਅਤੇ ਜੇਕਰ ਹਿਮਾਚਲ ਤੋਂ ਆਉਣ ਵਾਲੇ ਇਨ੍ਹਾਂ ਟਿੱਪਰਾਂ ਕੋਲ ਮਾਈਨਿੰਗ ਦਾ ਫਾਰਮ ਨਹੀਂ ਹੈ, ਉਹ ਨਾਜਾਇਜ਼ ਮੰਨੀ ਜਾਂਦੀ ਹੈ। ਇਹ ਨਾਜਾਇਜ਼ ਮਾਈਨਿੰਗ ਲੈ ਕੇ ਪੰਜਾਬ ਅੰਦਰ ਦਾਖਲ ਹੋਣ ਵਾਲੇ ਟਿੱਪਰਾਂ ਨੂੰ 2 ਲੱਖ ਰੁਪਏ ਤੱਕ ਦਾ ਜੁਰਮਾਨਾ ਕੀਤਾ ਜਾਂਦਾ ਹੈ। ਟਰਾਂਸਪੋਰਟਰਾਂ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਕਿ ਗੜ੍ਹਸ਼ੰਕਰ ਨੰਗਲ ਰੋਡ 'ਤੇ ਮਾਈਨਿੰਗ ਵਿਭਾਗ ਦੀ ਚੈੱਕ ਪੋਸਟ ਜਿੱਥੇ ਕਿ ਪੁਲਸ ਕਰਮਚਾਰੀ ਤੇ ਮਾਈਨਿੰਗ ਵਿਭਾਗ ਵਲੋਂ ਤਾਇਨਾਤ ਕੀਤੇ ਕਰਮਚਾਰੀ ਹਿਮਾਚਲ ਪ੍ਰਦੇਸ਼ ਤੋਂ ਨਾਜਾਇਜ਼ ਖਣਿਜ ਪਦਾਰਥ ਲੈ ਕੇ ਆਉਣ ਵਾਲੇ ਟਿੱਪਰਾਂ ਤੋਂ 1 ਹਜ਼ਾਰ ਰੁਪਏ ਪ੍ਰਤੀ ਟਿੱਪਰ ਲੈ ਕੇ ਉਸ ਨੂੰ ਪੰਜਾਬ ਅੰਦਰ ਦਾਖਲ ਕਰਵਾ ਦਿੰਦੇ ਹਨ।

ਮੌਜੂਦਾ ਹਾਲਾਤ ਇਹ ਹਨ ਕਿ ਇਸ ਸਮੇਂ ਹਿਮਾਚਲ ਪ੍ਰਦੇਸ਼ ਤੋਂ ਰੋਜ਼ਾਨਾ 150 ਤੋਂ 200 ਟਿੱਪਰ ਨਾਜਾਇਜ਼ ਖਣਿਜ ਪਦਾਰਥ ਲੈ ਕੇ ਆ ਰਹੇ ਹਨ ਅਤੇ ਇਸ ਚੈੱਕ ਪੋਸਟ 'ਤੇ ਭ੍ਰਿਸ਼ਟਾਚਾਰ ਦਾ ਲੱਖਾਂ ਰੁਪਏ ਇਕੱਠਾ ਹੋ ਰਿਹਾ ਹੈ। ਸ਼ਿਕਾਇਤ ਕਰਨ ਵਾਲੇ ਟਰਾਂਸਪੋਰਟਰਾਂ ਨੇ ਕਿਹਾ ਕਿ ਇਸ ਕਰੋੜਾਂ ਰੁਪਏ ਦੇ ਸਕੈਂਡਲ ਵਿਚ ਪੰਜਾਬ ਦੇ ਕਈ ਵੱਡੇ ਟਰਾਂਸਪੋਰਟਰਾਂ ਤੇ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਹੈ ਕਿਉਂਕਿ ਅੱਜ ਤੱਕ ਉਨ੍ਹਾਂ ਨੂੰ ਕਦੇ ਵੀ ਜੁਰਮਾਨਾ ਨਹੀਂ ਹੋਇਆ ਅਤੇ ਛੋਟੇ ਟਰਾਂਸਪੋਰਟਰ ਜੇਕਰ ਕਿਤੇ ਹਿਮਾਚਲ ਪ੍ਰਦੇਸ਼ ਤੋਂ ਬਿਨਾਂ ਮਾਈਨਿੰਗ ਫਾਰਮ ਲੈ ਕੇ ਆਉਂਦੇ ਹਨ ਤਾਂ ਉਨ੍ਹਾਂ 'ਤੇ ਜੁਰਮਾਨੇ ਠੋਕੇ ਜਾਂਦੇ ਹਨ।

ਉਨ੍ਹਾਂ ਇਹ ਵੀ ਕਿਹਾ ਕਿ ਜਿਸ ਦਿਨ ਮਾਈਨਿੰਗ ਵਿਭਾਗ ਨੇ ਨਾਕਾਬੰਦੀ ਕਰਨੀ ਹੁੰਦੀ ਹੈ ਤਾਂ ਵੱਡੇ ਟਰਾਂਸਪੋਰਟਰਾਂ ਨੂੰ ਪਹਿਲਾਂ ਹੀ ਸੂਚਨਾ ਮਿਲ ਜਾਂਦੀ ਹੈ ਜਿਸ ਕਾਰਨ ਉਹ ਆਪਣੇ ਟਿੱਪਰ ਰੋਕ ਲੈਂਦੇ ਹਨ ਪਰ ਜੇਕਰ ਕੋਈ ਛੋਟਾ ਟਰਾਂਸਪੋਰਟਰ ਨਾਜਾਇਜ਼ ਖਣਿਜ ਪਦਾਰਥ ਲੈ ਕੇ ਪੰਜਾਬ ਵਿਚ ਇਸ ਨਾਕਾਬੰਦੀ ਕਾਰਨ ਅਧਿਕਾਰੀਆਂ ਦੇ ਧੱਕੇ ਚੜ੍ਹ ਜਾਂਦਾ ਹੈ ਤਾਂ ਉਹ 2 ਲੱਖ ਰੁਪਏ ਜੁਰਮਾਨੇ ਦੀ ਭੇਟ ਚੜ੍ਹ ਜਾਂਦਾ ਹੈ। ਟਰਾਂਸਪੋਰਟਰਾਂ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਕਿ ਗੜ੍ਹਸ਼ੰਕਰ ਨੰਗਲ ਰੋਡ 'ਤੇ ਬਣੀ ਚੈੱਕ ਪੋਸਟ 'ਤੇ ਸਖ਼ਤ ਨਾਕਾਬੰਦੀ ਕੀਤੀ ਜਾਵੇ ਅਤੇ ਇੱਥੇ ਇਮਾਨਦਾਰ ਅਧਿਕਾਰੀ ਨਿਯੁਕਤ ਕੀਤੇ ਜਾਣ ਤਾਂ ਜੋ ਕੋਈ ਵੀ ਟਿੱਪਰ ਹਿਮਾਚਲ ਪ੍ਰਦੇਸ਼ ਤੋਂ ਨਾਜਾਇਜ਼ ਮਾਈਨਿੰਗ ਲੈ ਕੇ ਨਾ ਆ ਸਕੇ। ਟਰਾਂਸਪੋਰਟਰਾਂ ਨੇ ਕਿਹਾ ਕਿ ਪੰਜਾਬ 'ਚ ਮਾਈਨਿੰਗ ਵਿਭਾਗ ਦੀਆਂ ਚੈੱਕ ਪੋਸਟਾਂ 'ਤੇ ਅਲੱਗ ਅਲੱਗ ਨਿਯਮ ਕਿਉਂ ਹਨ, ਇਹ ਬੜੀ ਹੈਰਾਨੀ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਗੜ੍ਹਸ਼ੰਕਰ ਨੰਗਲ ਰੋਡ 'ਤੇ ਚੈੱਕ ਪੋਸਟ ਜਿੱਥੇ ਕਿ ਹਿਮਾਚਲ ਤੋਂ ਆਉਣ ਵਾਲੇ ਟਿੱਪਰਾਂ ਤੋਂ ਮਾਈਨਿੰਗ ਦੇ ਦਸਤਾਵੇਜ਼ ਦੇਖੇ ਜਾਂਦੇ ਹਨ ਪਰ ਕੁਝ ਕਿਲੋਮੀਟਰ ਦੂਰੀ 'ਤੇ ਸਥਿਤ ਰੋਪੜ ਜ਼ਿਲ੍ਹੇ ਦੀ ਮਾਈਨਿੰਗ ਵਿਭਾਗ ਦੀ ਚੈੱਕ ਪੋਸਟ ਜਿੱਥੇ ਕਿ ਕੇਵਲ ਹਿਮਾਚਲ ਤੋਂ ਆਉਣ ਵਾਲੇ ਖਣਿਜ ਪਦਾਰਥਾਂ ਦਾ ਬਿੱਲ 'ਤੇ ਜੀ ਐੱਸ ਟੀ ਅਦਾ ਕਰਨਾ ਦੇਖਿਆ ਜਾਂਦਾ ਹੈ ਅਤੇ ਉਸ ਨੂੰ ਪੰਜਾਬ ਦੀ ਐਂਟਰੀ ਮਿਲ ਜਾਂਦੀ ਹੈ। ਟਰਾਂਸਪੋਰਟਰਾਂ ਨੇ ਕਿਹਾ ਕਿ ਪੰਜਾਬ ਦੀਆਂ ਸਾਰੀਆਂ ਚੈੱਕ ਪੋਸਟਾਂ 'ਤੇ ਨਿਯਮ ਇੱਕੋ ਹੋਣਾ ਚਾਹੀਦਾ ਹੈ ਅਤੇ ਜੇਕਰ ਕਿਤੇ ਅਲੱਗ ਬਣਾਇਆ ਹੈ ਉਹ ਸਾਫ਼ ਸਪੱਸ਼ਟ ਹੈ ਕਿ ਉਹ ਭ੍ਰਿਸ਼ਟਾਚਾਰ ਲਈ ਬਣਾਇਆ ਹੋ ਸਕਦਾ ਹੈ। ਜਦੋਂ ਇਸ ਸਬੰਧੀ ਮਾਈਨਿੰਗ ਵਿਭਾਗ ਦੇ ਅਧਿਕਾਰੀ ਐਕਸੀਅਨ ਅਮਰਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਅੱਜ ਹੀ ਉਨ੍ਹਾਂ ਦਾ ਤਬਾਦਲਾ ਹੋਇਆ ਹੈ ਅਤੇ ਗੜ੍ਹਸ਼ੰਕਰ ਨੰਗਲ ਰੋਡ 'ਤੇ ਬਣੀ ਚੈੱਕ ਪੋਸਟ 'ਤੇ ਕੋਈ ਭ੍ਰਿਸ਼ਟਾਚਾਰ ਹੋ ਰਿਹਾ ਹੈ ਤਾਂ ਇਸ ਸਬੰਧੀ ਉਨ੍ਹਾਂ ਨੂੰ ਕਿਸੇ ਟਰਾਂਸਪੋਰਟਰ ਨੇ ਇਹ ਮਾਮਲਾ ਧਿਆਨ ਵਿਚ ਨਹੀਂ ਲਿਆਂਦਾ।

ਉਨ੍ਹਾਂ ਕਿਹਾ ਕਿ ਟਰਾਂਸਪੋਰਟਰਾਂ ਦੀ ਸ਼ਿਕਾਇਤ ਉਹ ਇੱਥੇ ਨਵੇਂ ਤਾਇਨਾਤ ਐਕਸੀਅਨ ਦੇ ਸਪੁਰਦ ਕਰ ਦੇਣਗੇ ਅਤੇ ਹੁਣ ਨਵੇਂ ਅਧਿਕਾਰੀ ਹੀ ਇਸ ਸਬੰਧੀ ਬਣਦੀ ਕਾਰਵਾਈ ਕਰਨਗੇ। ਦੂਸਰੇ ਪਾਸੇ ਚੈੱਕ ਪੋਸਟ 'ਤੇ ਪੁਲਸ ਕਰਮਚਾਰੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇੱਥੇ ਕਿਸੇ ਵੀ ਟਿੱਪਰ ਤੋਂ ਪੈਸੇ ਨਹੀਂ ਵਸੂਲੇ ਜਾਂਦੇ ਪਰ ਨਾਲ ਹੀ ਉਨ੍ਹਾਂ ਦਬੀ ਅਵਾਜ਼ ਵਿਚ ਇਹ ਵੀ ਕਿਹਾ ਕਿ ਕੁਝ ਵੱਡੇ ਟਰਾਂਸਪੋਰਟਰ ਇਸ ਚੈੱਕ ਪੋਸਟ 'ਤੇ ਦਸਤਾਵੇਜ਼ ਦਿਖਾਏ ਬਿਨਾਂ ਟਿੱਪਰ ਜ਼ਰੂਰ ਲੰਘਾਉਂਦੇ ਹਨ।

## 370 ਨਸ਼ੀਲੀਆਂ ਗੋਲੀਆਂ ਸਮੇਤ ਔਰਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਗੁਰੂ ਹਰਸਹਾਏ ਪੁਲਸ ਨੇ ਗਸ਼ਤ ਵਾ ਚੈਕਿੰਗ ਦੌਰਾਨ ਇਕ ਔਰਤ ਨੂੰ 370 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਇੰਸਪੈਕਟਰ/ਮੁੱਖ ਅਫਸਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਪਿੰਡ ਛਾਂਗਾ ਰਾਏ ਉਤਾੜ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਕਥਿਤ ਦੋਸ਼ੀ ਵੀਰੋ ਬਾਈ ਪਤਨੀ ਪਾਲਾ ਸਿੰਘ ਵਾਸੀ ਪਿੰਡ ਛਾਂਗਾ ਰਾਏ ਹਿਠਾੜ ਨਸ਼ੀਲੀਆਂ ਗੋਲੀਆਂ ਵੇਚਣ ਦੀ ਆਦੀ ਹੈ, ਜੋ ਹੁਣ ਵੀ ਦਾਣਾ ਮੰਡੀ ਅੰਦਰ ਸ਼ੈੱਡ ਹੇਠਾਂ ਨਸ਼ੀਲੀਆਂ ਗੋਲੀਆਂ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੀ ਹੈ। ਪੁਲਸ ਪਾਰਟੀ ਵੱਲੋਂ ਉਕਤ ਦੋਸ਼ਣ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਉਸ ਦੀ ਤਲਾਸ਼ੀ ਲੈਣ 'ਤੇ ਉਸ ਕੋਲੋਂ 370 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ਣ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਸਾਬਕਾ ਵਿਧਾਇਕ ਮਾਨਸ਼ਾਹੀਆ ਨੇ ਲੋੜਵੰਦ ਲੜਕੀਆਂ ਨੂੰ ਦਿੱਤੀਆਂ ਸਿਲਾਈ ਮਸ਼ੀਨਾਂ

**ਮਾਨਸਾ (ਆਤਮਾ ਸਿੰਘ ਪਮਾਰ)**

ਉੱਘੇ ਸਮਾਜ ਸੇਵੀ ਤੇ ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਵੱਲੋਂ ਪਿੰਡ ਭੈਣੀ ਬਾਘਾ ਤੇ ਮਾਨਸਾ ਦੀਆਂ 10 ਬੇਰੁਜ਼ਗਾਰ ਲੜਕੀਆਂ ਨੂੰ ਸਵੈ-ਰੁਜ਼ਗਾਰ ਚਲਾਉਣ ਲਈ ਸਿਲਾਈ ਮਸ਼ੀਨਾਂ ਦਿੱਤੀਆਂ ਗਈਆਂ।

ਮਸ਼ੀਨਾਂ ਭੇਟ ਕਰਨ ਉਪਰੰਤ ਸਿੰਘ ਮਾਨਸ਼ਾਹੀਆ ਨੇ ਕਿਹਾ ਕਿ ਮੈਂ ਜ਼ਰੂਰਤਮੰਦ ਲੋਕਾਂ ਦੀ ਜਿੰਨੀ ਸਹਾਇਤਾ ਆਪਣੀ ਸਮਰੱਥਾ ਅਨੁਸਾਰ ਕਰ ਸਕਦਾ ਹਾਂ, ਉਸ ਲਈ ਹਰ ਸਮੇਂ ਤਿਆਰ ਹਾਂ।ਉਨ੍ਹਾਂ ਕਿਹਾ ਕਿ ਤੁਸੀਂ ਕੋਸ਼ਿਸ਼ ਕਰੋ ਕਿ ਇੱਕ ਗਰੁੱਪ ਬਣਾ ਕੇ ਵੱਡੇ ਪੱਧਰ 'ਤੇ ਸਿਲਾਈ ਦਾ ਕੰਮ ਸ਼ੁਰੂ ਕਰੋ ਤਾਂ ਕਿ ਤੁਸੀਂ ਖੁਦ ਆਪਣੇ ਪੈਰਾਂ 'ਤੇ ਆਪ ਖੜੀਆਂ ਹੋ ਸਕੋ। ਨਸੀਬ ਸਿੰਘ, ਸੁਖਵਿੰਦਰ ਸਿੰਘ ਘੱਦੀ ਭੈਣੀ ਬਾਘਾ, ਅਮਰਪਾਲ ਕੌਰ ਸਾਬਕਾ ਪੰਚ ਭੈਣੀ ਬਾਘਾ, ਕ੍ਰਿਸ਼ਨ ਐੱਮ ਸੀ ਮਾਨਸਾ ਮੌਜੂਦ ਸਨ।

## ਜਾਤੀਵਾਦ ਕਰਕੇ ਭਾਂਡੇ ਨਾ ਦੇਣ ਦਾ ਲਗਾਇਆ ਦੋਸ਼, ਸਰਪੰਚ ਨੇ ਦੋਸ਼ ਨਕਾਰੇ

**ਮਲੋਟ (ਗੁਰਮੀਤ ਸਿੰਘ ਮੱਕੜ)**

ਸ਼ਹਿਰ ਨੇੜਲੇ ਪਿੰਡ ਧੋਲਾ ਦੇ ਨਿਵਾਸੀਆਂ ਵੱਲੋਂ ਗੁਰਦਆਰਾ ਸਾਹਿਬ ਦੇ ਬਰਤਨ ਨਾ ਦੇਣ ਤੇ ਪੱਖਪਾਤ ਕਰਨ ਦਾ ਪਿੰਡ ਦੇ ਸਰਪੰਚ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ 'ਤੇ ਦੋਸ਼ ਲਗਾਇਆ ਹੈ। ਪਿੰਡ ਧੋਲਾ ਦੇ ਨਿਵਾਸੀ ਗੁਰਵਿੰਦਰ ਸਿੰਘ, ਜਥੇਦਾਰ ਕ੍ਰਿਪਾਲ ਸਿੰਘ, ਮਨਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਪੂਜਾ ਕੌਰ, ਜਗਤਾਰ ਸਿੰਘ, ਮਨਜੀਤ ਕੌਰ, ਬੇਅੰਤ ਕੌਰ, ਸੁਖਵੀਰ ਸਿੰਘ, ਲਖਵਿੰਦਰ ਸਿੰਘ ਨੇ ਜਥੇਦਾਰ ਦਮਦਮਾ ਸਾਹਿਬ ਤਲਵੰਡੀ ਸਾਬੋ ਨੂੰ ਭੇਜੀ ਆਪਣੀ ਅਰਜ਼ੀ ਵਿੱਚ ਦੱਸਿਆ ਕਿ ਚੱਕਰਵਰਤੀ ਖਾਲਸਾ ਫੌਜ ਦਾ ਇੱਕ ਦਲ ਉਨ੍ਹਾਂ ਦੇ ਘਰ ਆਇਆ ਸੀ ਤੇ ਉਨ੍ਹਾਂ ਵੱਲੋਂ ਖਾਲਸਾ ਫੌਜ ਨੂੰ ਲੰਗਰ ਛਕਾਉਣ ਲਈ ਆਪਣੇ ਪਿੰਡ ਦੇ ਗੁਰਦੁਆਰਾ ਸ੍ਰੀ ਤਰਨ ਤਾਰਨ ਸਾਹਿਬ ਪਿੰਡ ਧੋਲਾ ਵਿਖੇ ਬਰਤਨ ਲੈਣ ਲਈ ਪਿੰਡ ਦੇ ਸਰਪੰਚ ਜਗਦੇਵ ਸਿੰਘ ਨੂੰ ਫੋਨ ਕੀਤਾ ਅਤੇ ਦੱਸਿਆ ਕਿ ਉਕਤ ਦਲ ਦੀ ਸੇਵਾ ਲਈ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੇ ਬਰਤਨਾਂ ਦੀ ਜ਼ਰੂਰਤ ਹੈ ਅਤੇ ਸਰਪੰਚ ਵੱਲੋਂ ਉਸ ਨੂੰ ਕਿਹਾ ਗਿਆ ਕਿ ਪਿੰਡ ਵਾਸੀਆਂ ਲਈ ਬਰਤਨ ਦੇਣੇ ਬੰਦ ਕਰ ਦਿੱਤੇ ਹਨ ਅਤੇ ਫ਼ਿਰ ਉਸ ਵੱਲੋਂ ਉਨ੍ਹਾ ਨੂੰ ਪ੍ਰਧਾਨ ਮੰਗਾ ਸਿੰਘ ਦਾ ਨੰਬਰ ਦਿੱਤਾ ਅਤੇ ਜਦੋਂ ਉਨ੍ਹਾ ਪ੍ਰਧਾਨ ਮੰਗਾ ਸਿੰਘ ਨੂੰ ਫੋਨ ਕਰਕੇ ਬਰਤਨਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਇਹੀ ਜਵਾਬ ਦਿੱਤਾ ਕਿ ਉਨ੍ਹਾਂ ਪਿੰਡ ਵਾਸੀਆਂ ਲਈ ਬਰਤਨ ਬੰਦ ਕਰ ਦਿੱਤੇ ਹਨ। ਉਸ ਨੇ ਦੱਸਿਆ ਕਿ ਉਹ ਆਪਣੇ ਨਿੱਜੀ ਭਾਈਚਾਰਾ ਲਈ ਗੁਰਦੁਆਰਾ ਸਾਹਿਬ ਦੇ ਸਾਰੇ ਸਾਮਾਨ ਦੀ ਵਰਤੋਂ ਕਰਦੇ ਹਨ, ਪ੍ਰੰਤੂ ਉਨ੍ਹਾਂ ਵੱਲੋਂ ਦੋਸ਼ ਲਗਾਇਆ ਗਿਆ ਕਿ ਜਾਤੀਵਾਦ ਕਰਕੇ ਉਨ੍ਹਾਂ ਨਾਲ ਵਿਤਕਰਾ ਕੀਤਾ ਗਿਆ ਹੈ। ਉਨ੍ਹਾਂ ਵੱਲੋਂ ਜਥੇਦਾਰ ਦਮਦਮਾ ਸਾਹਿਬ ਤੋਂ ਮੰਗ ਕੀਤੀ ਗਈ ਕਿ ਉਕਤ ਵਿਅਕਤੀਆਂ ਖਿਲਾਫ਼ ਕਾਨੂੰਨੀ ਕਾਰਵਾਈ ਕਰਦੇ ਹੋਏ ਵਰਜਿਆ ਜਾਵੇ ਕਿ ਭਵਿੱਖ ਵਿੱਚ ਜਦੋਂ ਵੀ ਕਿਸੇ ਜ਼ਰੂਰਤਮੰਦ ਵਿਅਕਤੀ ਨੂੰ ਸ੍ਰੀ ਗੁਰਦੁਆਰਾ ਸਾਹਿਬ ਤੋਂ ਬਰਤਨ ਜਾਂ ਹੋਰ ਕਿਸੇ ਚੀਜ਼ ਦੀ ਜ਼ਰੂਰਤ ਪਵੇ ਤਾਂ ਪੱਖਪਾਤ ਨਾ ਕਰਦੇ ਹੋਏ ਉਨ੍ਹਾਂ ਨੂੰ ਸਾਮਾਨ ਦਿੱਤਾ ਜਾਵੇ। ਜਦੋਂ ਇਸ ਸਬੰਧੀ ਪਿੰਡ ਦੇ ਸਰਪੰਚ ਜਗਦੇਵ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਅਜਿਹੀ ਕੋਈ ਗੱਲ ਨਹੀਂ ਕਿ ਜਾਤੀ ਕਰਕੇ ਭਾਂਡੇ ਨਾ ਦਿੱਤੇ ਜਾਣ। ਉਨ੍ਹਾਂ ਵੱਲੋਂ ਕਿਹਾ ਗਿਆ ਕਿ ਇਨ੍ਹਾਂ ਦਾ ਕੋਈ ਸਮਾਗਮ ਨਹੀਂ ਸੀ, ਜਿਸ ਕਰਕੇ ਸੰਤਾਂ ਵੱਲੋਂ ਪਾਏ ਮਤੇ ਅਨੁਸਾਰ ਭਾਂਡੇ ਕਿਸੇ ਨੂੰ ਨਹੀਂ ਦਿੱਤੇ ਜਾ ਰਹੇ।


ਦੋਸ਼ ਲਗਾਉਂਦੇ ਹੋਏ ਪਿੰਡ ਧੋਲਾ ਦੇ ਨਿਵਾਸੀ।

## ਬਾਦਲਦਲੀਏ ਹੁਕਮਾਂ ਨੂੰ ਪ੍ਰਵਾਨ ਕਰਕੇ ਹੀ ਆਪਣੀ ਸਥਿਤੀ ਨੂੰ ਸਹੀ ਕਰ ਸਕਦੇ : ਟਿਵਾਣਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਹੋਏ ਮਹੱਤਵਪੂਰਨ ਫੈਸਲਿਆਂ ਨੂੰ ਜਨਤਕ ਤੌਰ 'ਤੇ ਪ੍ਰਵਾਨ ਕਰਕੇ, ਤਨਖਾਹਾਂ ਲਗਾ ਕੇ ਪੂਰਨ ਕਰਨ ਵਾਲੇ ਬਾਦਲ ਦਲੀਆਂ ਨੇ ਬੇਸ਼ੱਕ ਆਪਣੀਆਂ ਲੱਗੀਆਂ ਤਨਖਾਹਾਂ ਪੂਰੀਆਂ ਕਰ ਲਈਆਂ ਹਨ, ਪਰ ਤਖ਼ਤ ਸਾਹਿਬ ਤੋਂ ਮਿਲੇ ਹੁਕਮਾਂ ਅਨੁਸਾਰ ਆਪਣੇ ਸਿਆਸੀ ਅਹੁਦਿਆਂ ਤੋਂ ਅਸਤੀਫ਼ੇ ਨਾ ਦੇ ਕੇ ਅਸਲੀਅਤ ਵਿੱਚ ਆਪਣੀ ਸਿਆਸੀ ਹੋਂਦ ਨੂੰ ਬਚਾਉਣ ਦੀਆਂ ਸਾਜ਼ਸ਼ਾਂ ਕਰ ਰਹੇ ਹਨ ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਅਵੱਗਿਆ ਹੋਵੇਗੀ। ਬਾਦਲ ਦਲੀਆਂ ਜਿਨ੍ਹਾਂ ਨੂੰ ਸਿੱਖ ਕੌਮ ਨੇ ਉਹਨਾਂ ਦੀਆਂ ਹੋਈਆਂ ਬੱਜਰ ਗੁਸਤਾਖੀਆਂ ਦੀ ਬਦੌਲਤ ਸਿਆਸੀ ਤੇ ਧਾਰਮਿਕ ਤੌਰ 'ਤੇ ਰੱਦ ਕਰ ਦਿੱਤਾ ਹੈ, ਜੇਕਰ ਹੁਣ ਵੀ ਉਹਨਾਂ ਨੇ ਸ਼ਤਰੰਜੀ ਸਿਆਸੀ ਚਾਲਾਂ ਖੇਡਣੀਆਂ ਬੰਦ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਪ੍ਰਵਾਨ ਕਰਦੇ ਹੋਏ ਆਪੋ ਆਪਣੇ ਅਸਤੀਫੇ ਦੇ ਕੇ ਸੰਪੂਰਨ ਰੂਪ ਵਿੱਚ ਸਮਰਪਤ ਨਾ ਹੋਏ ਤਾਂ ਉਹ ਖੁਦ ਬ ਖੁਦ ਆਪੋ ਆਪਣੀ ਸਿਆਸੀ ਤੇ ਇਖ਼ਲਾਕੀ ਮੌਤ ਤਾਂ ਅਵੱਸ਼ ਮਰਨਗੇ ਹੀ ਬਲਕਿ ਅਜਿਹੀਆਂ ਖੇਡਾਂ ਖੇਡਣ ਦੇ ਅਮਲ ਕਰਕੇ ਉਹ ਭਰਾ ਮਾਰੂ ਜੰਗ ਕਰਵਾਉਣ ਦੇ ਵੀ ਵੱਡੇ ਭਾਗੀ ਬਣ ਜਾਣਗੇ। ਇਸ ਪੈਦਾ ਕੀਤੀ ਜਾ ਰਹੀ ਦੁਖਦਾਇਕ ਸਥਿਤੀ ਵਿਚੋਂ ਖ਼ਾਲਸਾ ਪੰਥ ਤਾਂ ਹਰ ਕੀਮਤ 'ਤੇ ਫ਼ਤਹਿ ਪ੍ਰਾਪਤ ਕਰੇਗਾ ਪਰ ਇਸ ਮੰਦਭਾਵਨਾ ਭਰੀ ਦਿਸ਼ਾਹੀਨ ਖੇਡ ਵਿੱਚ ਬਾਦਲ ਦਲੀਏ ਅਤੇ ਐਸ.ਜੀ.ਪੀ.ਸੀ ਦੇ ਅਧਿਕਾਰੀ ਸਦਾ ਲਈ ਆਪਣੀ ਇਖ਼ਲਾਕੀ ਮੌਤ ਮਰ ਕੇ ਰਹਿ ਜਾਣਗੇ। ਇਸ ਲਈ ਸੁਖਬੀਰ ਸਿੰਘ ਬਾਦਲ, ਉਹਨਾ ਦੇ ਕਚਘਰੜ ਸਲਾਹਕਾਰ ਅਤੇ ਐਸ ਜੀ ਪੀ ਸੀ ਦੀ ਅਗਜੈਕਟਿਵ ਮੈਂਬਰ ਖ਼ਾਲਸਾ ਪੰਥ ਦੀ ਬਣਦੀ ਜਾ ਰਹੀ ਗੁੰਝਲਦਾਰ ਸਥਿਤੀ ਨੂੰ ਹੋਰ ਪੇਚੀਦਾ ਕਰਨ ਦੇ ਅਮਲ ਨਾ ਕਰਨ ਅਤੇ ਉਸ ਅਕਾਲ ਤਖ਼ਤ ਸਾਹਿਬ ਨੂੰ ਸਪਰਪਤ ਹੋ ਜਾਣ ਤਾਂ ਬੇਹਤਰ ਹੋਵੇਗਾ। ਇਹ ਵਿਚਾਰ ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਅਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰਗਟ ਕੀਤੇ।

## ਟੋਹਾਣਾ ਤੇ ਮੋਗਾ 'ਚ ਕਿਸਾਨ ਮਹਾਂ ਪੰਚਾਇਤਾਂ ਲਈ ਲਾਮਬੰਦੀ ਸ਼ੁਰੂ



**ਜਗਰਾਓਂ (ਨਛੱਤਰ ਸੰਧੂ)**

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਜਗਰਾਓਂ ਵਿਖੇ ਅੱਧੀ ਦਰਜਨ ਪਿੰਡਾਂ 'ਚ ਬਲਾਕ ਕਮੇਟੀ ਵੱਲੋਂ ਮੀਟਿੰਗਾਂ ਦੀ ਮੁਹਿੰਮ ਸ਼ੁਰੂ ਕੀਤੀ ਗਈ।ਇਸ ਮੁਹਿੰਮ ਤਹਿਤ ਪਿੰਡ ਬੁਰਜ ਕਲਾਲਾ, ਲੱਖਾ, ਚੱਕਰ, ਰਸੂਲਪੁਰ, ਭੰਮੀਪੁਰਾ, ਕਾਉਂਕੇ ਆਦਿ ਪਿੰਡਾਂ 'ਚ ਕਿਸਾਨਾਂ ਨੂੰ ਮਹਾਪੰਚਾਇਤਾਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਆ ਗਿਆ।ਇਸ ਸਮੇਂ ਮੀਟਿੰਗਾਂ 'ਚ ਅਪਣੇ ਸੰਬੋਧਨ 'ਚ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਤੇ ਬਲਾਕ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰਾਂ ਨੂੰ ਭੇਜੇ ਗਏ ਨਵੇਂ ਖੇਤੀ ਮੰਡੀ ਨੀਤੀ ਡਰਾਫ਼ਟ ਦਾ ਅਸਲ ਮਕਸਦ ਐੱਮ ਐੱਸ ਪੀ ਦਾ ਭੋਗ ਪਾਉਣਾ, ਸਰਕਾਰੀ ਖਰੀਦ ਖਤਮ ਕਰਨਾ, ਏ ਪੀ ਐੱਮ ਸੀ ਐਕਟ ਦਾ ਭੋਗ ਪਾਉਣਾ ਸ਼ਾਮਲ ਹੈ।ਕੇਂਦਰ ਦੀ ਮੋਦੀ ਹਕੂਮਤ ਵੱਲੋਂ ਰਾਜ ਸਰਕਾਰਾਂ ਨੂੰ ਭੇਜੇ ਇਸ ਖਰੜੇ ਦਾ ਮਕਸਦ ਅਸਲ 'ਚ ਮੰਡੀ ਸਿਸਟਮ ਤਬਾਹ ਕਰਕੇ ਨਿੱਜੀ ਮੰਡੀ ਪ੍ਰਬੰਧ ਨੂੰ ਸਥਾਪਤ ਕਰਕੇ ਖੇਤੀ ਉੱਪਰ ਕਾਰਪੋਰੇਟ ਦਾ ਕਬਜ਼ਾ ਕਰਾਉਣਾ ਹੈ।ਉਨ੍ਹਾਂ ਕਿਹਾ ਕਿ ਦਿੱਲੀ ਅੰਦੋਲਨ ਦੀਆਂ ਬਕਾਇਆ ਮੰਗਾਂ 'ਚ ਸ਼ਾਮਲ ਕਰਜ਼ਾ ਮੁਕਤੀ, ਬਿਜਲੀ ਐਕਟ ਤੇ ਪ੍ਰਦੂਸ਼ਣ ਐਕਟ 'ਚ ਕਿਸਾਨ ਵਿਰੋਧੀ ਧਾਰਾਵਾਂ ਖਤਮ ਕਰਨਾ ਆਦਿ ਮੰਗਾਂ ਤੋਂ ਬਿਨਾਂ ਪਰਾਲੀ ਦੇ ਪਰਚੇ ਰੱਦ ਕਰਨ, ਝੋਨੇ ਦੇ ਸੀਜ਼ਨ 'ਚ ਮੰਡੀਆਂ ਵਿੱਚ ਹੋਈ ਲੁੱਟ ਦਾ ਹਿਸਾਬ ਲੈਣ, ਨਵੀਂ ਖੇਤੀ ਨੀਤੀ ਲਾਗੂ ਕਰਵਾਉਣ ਆਦਿ ਮੰਗਾਂ ਲਈ ਵੀ ਕਿਸਾਨ ਸੰਘਰਸ਼ ਲੜਨ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ।ਉਨ੍ਹਾਂ ਕਿਸਾਨਾਂ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 4 ਜਨਵਰੀ ਨੂੰ ਟੋਹਾਣਾ (ਹਰਿਆਣਾ) ਤੇ 9 ਜਨਵਰੀ ਨੂੰ ਮੋਗਾ ਵਿਖੇ ਮਹਾਪੰਚਾਇਤਾਂ 'ਚ ਸ਼ਾਮਲ ਹੋਣ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ।ਇਸ ਸਮੇਂ ਬਲਾਕ ਸਕੱਤਰ ਰਛਪਾਲ ਸਿੰਘ ਨਵਾਂ ਡੱਲਾ ਨੇ ਦੱਸਿਆ ਕਿ 4 ਜਨਵਰੀ ਨੂੰ ਜਗਰਾਓਂ ਬਲਾਕ ਦੇ ਕਿਸਾਨਾਂ ਦੀ ਬੱਸ ਪਿੰਡ ਭੰਮੀ ਪੁਰਾ ਦੇ ਵੱਡੇ ਗੁਰਦੁਆਰਾ ਸਾਹਿਬ ਤੋਂ ਸਵੇਰੇ ਅੱਠ ਵਜੇ ਚੱਲੇਗੀ।ਉਨ੍ਹਾਂ ਕਿਹਾ ਕਿ 9 ਜਨਵਰੀ ਨੂੰ ਮੋਗਾ ਅਨਾਜ ਮੰਡੀ ਵਿਖੇ ਹਜ਼ਾਰਾਂ ਕਿਸਾਨਾਂ ਦੀ ਮਹਾਪੰਚਾਇਤ 'ਚ ਸ਼ਾਮਲ ਹੋਣ ਲਈ ਹਰ ਪਿੰਡ ਇਕਾਈ 'ਚੋਂ ਵੱਡੀ ਗਿਣਤੀ 'ਚ ਕਿਸਾਨ ਟ੍ਰਾਲੀਆਂ 'ਤੇ ਕੂਚ ਕਰਨਗੇ।ਇਸ ਸਮੇਂ ਸੁੱਖਾ ਚਕਰ, ਨਿਰਮਲ ਸਿੰਘ ਭੰਮੀਪੁਰਾ, ਬੂਟਾ ਸਿੰਘ ਚਕਰ, ਬੇਅੰਤ ਸਿੰਘ ਦੇਹੜਕਾ, ਕੁੰਡਾ ਸਿੰਘ ਕਾਉਂਕੇ, ਕੁਲਦੀਪ ਸਿੰਘ ਕਾਉਂਕੇ, ਸਤਿੰਦਰਪਾਲ ਸਿੰਘ ਰਸੂਲਪੁਰ, ਜਗਸੀਰ ਸਿੰਘ, ਬਹਾਦਰ ਸਿੰਘ ਪ੍ਰਧਾਨ ਲੱਖਾ, ਤੇਜ ਸਿੰਘ ਲੱਖਾ, ਅਮਰਜੀਤ ਸਿੰਘ ਬੁਰਜ ਕਲਾਲਾ, ਹਰਜਿੰਦਰ ਸਿੰਘ ਚਕਰ ਆਦਿ ਹਾਜ਼ਰ ਸਨ।

## ਗੁਰਦੁਆਰਾ ਫਰੀਮਾਂਟ ਕੈਲੀਫੋਰਨੀਆ ਵਿਖੇ ਮਨਜੋਤ ਸਿੰਘ ਧਾਲੀਵਾਲ ਨੂੰ ਕੀਤਾ ਸਨਮਾਨਤ



**ਜਗਰਾਉਂ (ਸੰਜੀਵ ਅਰੋੜਾ)**-ਸਿੱਖ ਕੌਮ ਦੇ ਅਨਮੁੱਲੇ ਹੀਰੇ ਸਿਰਦਾਰ ਕਪੂਰ ਸਿੰਘ (ਆਈਸੀਐੱਸ) ਦੀ ਚੌਥੀ ਪੀੜ੍ਹੀ ਮਨਜੋਤ ਸਿੰਘ ਧਾਲੀਵਾਲ (ਜਗਰਾਉਂ ਵਾਸੀ) ਦਾ ਗੁਰਦੁਆਰਾ ਫਰੀਮਾਂਟ ਕੈਲੀਫੋਰਨੀਆ (ਅਮਰੀਕਾ) ਵਿਖੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਜਿੱਥੇ ਗੁਰੂ ਘਰ ਦੇ ਵਜ਼ੀਰ ਭਾਈ ਗੁਰਪ੍ਰੀਤ ਸਿੰਘ ਨੇ ਸਿਰੋਪੇ ਦੀ ਬਖਸ਼ਿਸ਼ ਕੀਤੀ, ਉੱਥੇ ਸਟੇਜ ਸਕੱਤਰ ਭਾਈ ਦਵਿੰਦਰ ਸਿੰਘ ਨੇ ਸਿਰਦਾਰ ਕਪੂਰ ਸਿੰਘ ਜੀ ਦੇ ਪਰਿਵਾਰ ਬਾਰੇ ਚਾਨਣਾ ਪਾਇਆ। ਇਸ ਮੌਕੇ ਗੁਰਦੁਆਰਾ ਫਰੀਮਾਂਟ ਕੈਲੀਫੋਰਨੀਆ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਗੁਰਪਾਲ ਸਿੰਘ ਹੰਸਰਾ ਅਮਰੀਕਾ ਤੇ ਅਮਨਦੀਪ ਸਿੰਘ ਅਮਰੀਕਾ ਨੇ ਕਿਹਾ ਕਿ ਸਿਰਦਾਰ ਕਪੂਰ ਸਿੰਘ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਇੱਕ ਮਹਾਨ ਅਲੰਬਰਦਾਰ ਸੀ, ਜਿਸ ਨੇ ਆਪਣੀਆਂ ਲਿਖਤਾਂ, ਭਾਸ਼ਣਾਂ ਤੇ ਕੰਮਾਂ ਦੁਆਰਾ ਪੰਜਾਬ ਤੇ ਸਿੱਖ ਕੌਮ ਦੀ ਸੇਵਾ ਕੀਤੀ। ਹਿੰਦੀ, ਉਰਦੂ, ਸੰਸਕ੍ਰਿਤ, ਅਰਬੀ, ਅੰਗਰੇਜ਼ੀ ਤੇ ਹੋਰ ਕਈ ਦੇਸੀ-ਵਿਦੇਸ਼ੀ ਭਾਸ਼ਾਵਾਂ ਦੇ ਮਾਹਰ ਹੋਣ ਦੇ ਬਾਵਜੂਦ ਉਨ੍ਹਾਂ ਆਪਣੀਆਂ ਵਧੇਰੇ ਪੁਸਤਕਾਂ ਪੰਜਾਬੀ ਵਿੱਚ ਲਿਖ ਕੇ ਪੰਜਾਬੀ ਸਾਹਿਤ ਤੇ ਚਿੰਤਨ ਨੂੰ ਅਮੀਰ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਕੌਮ ਪ੍ਰਤੀ ਹੋਣ ਵਾਲੇ ਵਿਤਕਰੇ ਤੋਂ ਦੁਖੀ ਹੋ ਕੇ ਸਿਰਦਾਰ ਕਪੂਰ ਸਿੰਘ ਨੇ ਸਰਗਰਮ ਰਾਜਨੀਤੀ ਵਿੱਚ ਆਉਣ ਦਾ ਮਨ ਬਣਾ ਲਿਆ। ਵਿਦਿਆਰਥੀ ਜੀਵਨ ਤੋਂ ਹੀ ਇਨ੍ਹਾਂ ਦਾ ਰਾਜਨੀਤੀ ਵੱਲ ਕਾਫੀ ਝੁਕਾਵ ਸੀ। ਸਿਰਦਾਰ ਕਪੂਰ ਸਿੰਘ ਲੁਧਿਆਣੇ ਹਲਕੇ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ, ਜਿਸ ਵਿੱਚ ਇਨ੍ਹਾਂ ਨੇ ਕਈ ਯਾਦਗਾਰੀ ਭਾਸ਼ਣ ਦਿੱਤੇ।

ਸਿੱਖਾਂ ਦੀ ਭਲਾਈ ਖਾਤਰ ਬੁਲੰਦ ਅਵਾਜ਼ ਉਠਾਈ ਤੇ 6 ਸਤੰਬਰ 1966 ਨੂੰ ਉਨ੍ਹਾਂ ਵੱਲੋਂ ਭਾਰਤੀ ਸੰਸਦ ਵਿੱਚ ਦਿੱਤਾ ਭਾਸ਼ਣ 'ਸਿੱਖਾਂ ਨਾਲ ਧੋਖਾ' ਇੱਕ ਯਾਦਗਾਰੀ ਭਾਸ਼ਣ ਸੀ। ਸਿਰਦਾਰ ਕਪੂਰ ਸਿੰਘ ਸੰਨ 1969 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ। ਉਨ੍ਹਾਂ ਕਿਹਾ ਕਿ ਸਿਰਦਾਰ ਕਪੂਰ ਸਿੰਘ ਨੇ ਆਪਣੇ ਜੀਵਨ 'ਚ ਵਡਮੁੱਲੇ ਮਾਅਰਕੇ ਮਾਰੇ, ਜਿਸ ਸਦਕਾ ਉਨ੍ਹਾਂ ਦਾ ਸਮਾਜ ਵਿੱਚ ਇਕ ਵੱਖਰਾ ਰੁਤਬਾ ਤੇ ਉਨ੍ਹਾਂ ਵੱਲੋਂ ਕੀਤੇ ਕਾਰਜਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ।

## ਯੁਵਕ ਸੇਵਾਵਾਂ ਵਿਭਾਗ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ



**ਮੋਗਾ (ਇਕਬਾਲ ਸਿੰਘ ਖਹਿਰਾ)**

ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਪੰਜਾਬ, ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਦਵਿੰਦਰ ਸਿੰਘ ਲੋਟੇ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਮੋਗਾ ਦੀ ਅਗਵਾਈ ਵਿੱਚ ਵਿਭਾਗ ਨਾਲ ਐਫੀਲੀਏਟਡ ਯੂਥ ਕਲੱਬਾਂ ਰਾਹੀਂ ਕਰਵਾਏ ਜਾ ਰਹੇ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਦੌਰਾਨ ਅੱਜ ਪਿੰਡ ਕੈਲਾ ਵਿੱਚ ਸੈਮੀਨਾਰ ਅਤੇ ਨੁੱਕੜ ਨਾਟਕ ਕਰਵਾਇਆ ਗਿਆ। ਇਸ ਦੌਰਾਨ ਦਵਿੰਦਰ ਸਿੰਘ ਲੋਟੇ ਸਹਾਇਕ ਡਾਇਰੈਕਟਰ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ੇ ਪੰਜਾਬ ਦੀ ਜਵਾਨੀ ਨੂੰ ਖਤਮ ਕਰ ਰਹੇ ਹਨ, ਇਹਨਾਂ ਤੋਂ ਬਚਣ ਲਈ ਸਾਰਿਆਂ ਨੂੰ ਰਲ ਕੇ ਹੰਭਲਾ ਮਾਰਨ ਦੀ ਲੋੜ ਹੈ ਕਿਉਂਕਿ ਨਸ਼ਿਆਂ ਵਿੱਚ ਗ੍ਰਸਤ ਹੋਈ ਨੌਜਵਾਨੀ ਗਲਤ ਰਸਤੇ ਅਪਣਾ ਕੇ ਆਪਣਾ ਅਤੇ ਆਪਣੇ ਪਰਵਾਰ ਦਾ ਭਵਿੱਖ ਖਰਾਬ ਕਰ ਰਹੀ ਹੈ, ਜਿਸ ਦਾ ਖਮਿਆਜ਼ਾ ਪੂਰੇ ਸਮਾਜ ਨੂੰ ਵੀ ਭੁਗਤਣਾ ਪੈਂਦਾ ਹੈ । ਉਹਨਾਂ ਦੱਸਿਆ ਕਿ ਨਸ਼ਿਆਂ ਕਰਕੇ ਨੌਜਵਾਨ ਆਪਣੀ ਜ਼ਿੰਦਗੀ ਹੀ ਤਬਾਹ ਨਹੀਂ ਕਰਦੇ ਸਗੋਂ ਨਸ਼ੇ ਕਰਕੇ ਸਮਾਜ ਵਿੱਚ ਹੋਰ ਵੀ ਬਹੁਤ ਸਾਰੇ ਜੁਰਮ ਹੋ ਰਹੇ ਹਨ ਕਿਉਂਕਿ ਨਸ਼ੇ ਕਰਨ ਵਾਲੇ ਵਿਅਕਤੀ ਨੂੰ ਚੰਗੇ ਬੁਰੇ ਦੀ ਸਮਝ ਨਹੀਂ ਰਹਿੰਦੀ। ਉਹਨਾਂ ਦੱਸਿਆ ਕਿ ਸਰਕਾਰ ਵੱਲੋਂ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਯੁਵਕ ਸੇਵਾਵਾਂ ਵਿਭਾਗ ਰਾਹੀਂ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ।

ਇਸ ਸੈਮੀਨਾਰ ਵਿੱਚ ਕੁਲਵੰਤ ਕੌਰ, ਸਾਈਕੋਲੋਜਿਸਟ ਅਤੇ ਕੌਂਸਲਰ ਕੋਟ ਈਸੇ ਖਾਂ ਨੇ ਵੀ ਆਪਣੇ ਭਾਸ਼ਣ ਦੌਰਾਨ ਦੱਸਿਆ ਕਿ ਕਿਸ ਤਰ੍ਹਾਂ ਅੱਜ ਦਾ ਨੌਜਵਾਨ ਨਸ਼ਿਆਂ ਦੀ ਜਕੜ ਵਿੱਚ ਆਉਂਦਾ ਹੈ ਅਤੇ ਇਹਨਾਂ ਮਾਰੂ ਨਸ਼ਿਆਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ। ਉਹਨਾਂ ਇਹ ਵੀ ਦੱਸਿਆ ਕਿ ਜੋ ਨੌਜਵਾਨ ਨਸ਼ਾ ਛੱਡਣਾ ਚਾਹੁੰਦੇ ਹਨ, ਉਹ ਨਸ਼ਾ ਛੁਡਾਊ ਕੇਂਦਰਾਂ ਵਿੱਚ ਜਾ ਕੇ ਨਸ਼ਾ ਛੁਡਵਾ ਸਕਦੇ ਹਨ। ਉਹਨਾਂ ਨੇ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਦੱਸਦਿਆਂ ਕਿਹਾ ਕਿ ਨਸ਼ਾ ਕਰਕੇ ਵਾਹਨ ਚਲਾਉਣ ਵਾਲੇ ਆਪਣੀ ਜਾਨ ਦੇ ਨਾਲ ਨਾਲ ਦੂਸਰਿਆਂ ਦੀ ਜ਼ਿੰਦਗੀ ਨਾਲ ਵੀ ਖਿਲਵਾੜ ਕਰਦੇ ਹਨ। ਸੈਮੀਨਾਰ ਦੇ ਅੰਤ ਵਿੱਚ ਸ਼ਹੀਦ ਭਗਤ ਸਿੰਘ ਕਲਾ ਮੰਚ ਦੀ ਟੀਮ ਵੱਲੋਂ ਨਸ਼ਿਆਂ ਦੇ ਮਾਰੂ ਅਸਰ ਦਿਖਾਉਂਦਾ ਇੱਕ ਨੁੱਕੜ ਨਾਟਕ 'ਪਰਿੰਦੇ ਭਟਕ ਗਏ' ਵੀ ਖੇਡਿਆ ਗਿਆ। ਇਸ ਸੈਮੀਨਾਰ ਵਿੱਚ ਅਮਰਬੀਰ ਸਿੰਘ ਅਤੇ ਗੁਰਵਿੰਦਰ ਸਿੰਘ ਦਾ ਪੂਰਨ ਸਹਿਯੋਗ ਰਿਹਾ। ਅੰਤ ਵਿੱਚ ਗੁਰਵਿੰਦਰ ਸਿੰਘ, ਪ੍ਰਧਾਨ ਯੁਵਕ ਸੇਵਾਵਾਂ ਕਲੱਬ, ਕੈਲਾ ਵੱਲੋਂ ਆਏ ਹੋਏ ਯੁਵਕ ਸੇਵਾਵਾਂ ਵਿਭਾਗ ਦੀ ਸਾਰੀ ਟੀਮ ਅਤੇ ਪਿੰਡ ਦੇ ਸਰਪੰਚ ਪ੍ਰਕਾਸ਼ ਸਿੰਘ ਢੋਸ, ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਦੇ ਹੋਰ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ। ਇਸ ਸੈਮੀਨਾਰ ਦੌਰਾਨ ਵਿਨੈ ਕੁਮਾਰ, ਲਖਵਿੰਦਰ ਸਿੰਘ ਅਤੇ ਯੁਵਕ ਸੇਵਾਵਾਂ ਕਲੱਬ ਕੈਲਾ ਦੇ ਮੈਂਬਰ ਵੀ ਹਾਜ਼ਰ ਸਨ।

## ਪੁਰਾਣੇ ਹਮਜਮਾਤੀਆਂ ਨੇ ਇਕੱਠੇ ਹੋ ਕੇ ਮਨਾਇਆ ਨਵਾਂ ਸਾਲ



**ਸੰਗਰੂਰ (ਪ੍ਰਵੀਨ ਸਿੰਘ)**-ਅੱਜ ਦੇ ਸਮੇਂ ਵਿੱਚ ਜਿੱਥੇ ਆਪਸੀ ਰਿਸ਼ਤਿਆਂ ਦੀ ਤੰਦ ਟੁੱਟਦੀ ਜਾ ਰਹੀ ਹੈ ਅਤੇ ਅੱਜ ਜਿੱਥੇ ਸਾਰੇ ਆਪਣੇ ਵੀ ਬਗਾਨੇ ਹੁੰਦੇ ਜਾ ਰਹੇ ਹਨ, ਉਥੇ ਹੀ ਕਿਸੇ ਸਮੇਂ 6ਵੀਂ ਤੋਂ ਲੈ ਕੇ 12ਵੀਂ ਜਮਾਤ ਤੱਕ ਇਕੱਠੇ ਪੜ੍ਹੇ ਲੱਗਭੱਗ ਚਾਰ ਦਰਜਨ ਦੇ ਕਰੀਬ ਹਮਜਮਾਤੀਆਂ ਨੇ ਇਕੱਠੇ ਹੋ ਕੇ ਨਵੇਂ ਸਾਲ ਦੀ ਆਮਦ ਦੀ ਖੁਸ਼ੀਆਂ ਨੂੰ ਸਾਂਝੇ ਕਰਦਿਆਂ ਸ਼ਹਿਰ ਦੇ ਯਾਦਵਿੰਦਰਾ ਹੋਟਲ ਵਿੱਚ ਆਪਸੀ ਮਿਲਣੀ ਕੀਤੀ, ਉਥੇ ਉੱਘੇ ਸਮਾਜ ਸੇਵੀ ਚਮਨਦੀਪ ਸਿੰਘ ਮਿਲਖੀ ਨੇ ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਉਂਦਿਆਂ ਦੱਸਿਆ ਕਿ ਉਨ੍ਹਾਂ ਦੇ ਹੀ ਹਮਜਮਾਤੀ ਤੇ ਪੱਤਰਕਾਰ ਹਰਜਿੰਦਰ ਸਿੰਘ ਦੁੱਗਾਂ ਜੋ ਉਸ ਸਮੇਂ ਉਨ੍ਹਾਂ ਦੀ ਜਮਾਤ ਦੇ ਮਾਨੀਟਰ ਸਨ, ਦੇ ਉੱਦਮ ਸਦਕਾ ਹੋਈ ਇਸ ਇਕੱਤਰਤਾ ਵਿੱਚ ਉਹ ਆਪਣੇ ਸਕੂਲ ਤੇ ਕਾਲਜ ਦੇ ਪੁਰਾਣੇ ਸਾਥੀਆਂ ਨੂੰ ਮਿਲ ਕੇ ਉਨ੍ਹਾਂ ਦਿਨਾਂ ਦੀਆਂ ਯਾਦਾਂ ਸਾਂਝੀਆਂ ਕਰ ਸਕੇ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਅਸੀਂ ਸਾਰੇ ਇਕ ਦੂਜੇ ਦੇ ਦੁੱਖ-ਸੁੱਖ ਵਿੱਚ ਵੀ ਸ਼ਾਮਲ ਹੁੰਦੇ ਹਾਂ। ਜ਼ਿਕਰਯੋਗ ਹੈ ਕਿ ਪਿਛਲੇ ਛੇ ਸਾਲਾਂ ਤੋਂ ਹਰ ਸਾਲ ਚੱਲ ਰਹੀ ਇਸ ਇਕੱਤਰਤਾ ਵਿੱਚ ਉਨ੍ਹਾਂ ਦੇ ਹਮਜਮਾਤੀਆਂ ਵਿੱਚ ਰਵਿੰਦਰ ਸਿੰਘ ਆਸਟ੍ਰੇਲੀਆਂ ਤੋਂ ਵਿਸ਼ੇਸ਼ ਤੌਰ 'ਤੇ ਇਸ ਪਾਰਟੀ ਵਿੱਚ ਸ਼ਾਮਲ ਹੋਣ ਲਈ ਪਹੁੰਚੇ ਹਨ। ਇਸ ਮੌਕੇ ਰਵਿੰਦਰ ਸਿੰਘ ਆਸਟ੍ਰੇਲੀਆ, ਚਮਨਦੀਪ ਸਿੰਘ ਮਿਲਖੀ, ਹਰਜਿੰਦਰ ਸਿੰਘ ਦੁੱਗਾ, ਪਵਨ ਕੁਮਾਰ, ਰਾਜੇਸ਼ ਕੁਮਾਰ, ਕਵੀ ਕੁਮਾਰ, ਰਜਨੀਸ਼ ਕੁਮਾਰ, ਅਮਰਜੀਤ ਸਿੰਘ, ਮਨਿੰਦਰ ਸ਼ਰਮਾ, ਜਸਵੰਤ ਸਿੰਘ, ਗੁਰਪ੍ਰੀਤ ਸਿੰਘ, ਧਿਆਨ ਸਿੰਘ, ਬਲਵਿੰਦਰ ਸਿੰਘ, ਜਸਵਿੰਦਰ ਸਿੰਘ, ਰਣ ਸਿੰਘ, ਅਮਨ ਸ਼ਰਮਾ, ਸੁਰਿੰਦਰ ਕੁਮਾਰ, ਕਰਮਦੀਨ, ਨਾਨਕ ਸਿੰਘ, ਅਮਰੀਸ਼ ਕੁਮਾਰ, ਮਹਿੰਦਰ ਸ਼ਰਮਾ, ਸੋਨਾ ਰਾਮ, ਹਰਦੀਪ ਸਿੰਘ, ਗੁਰਵਿੰਦਰ ਸਿੰਘ, ਰਣਜੀਤ ਸਿੰਘ, ਕਰਮਜੀਤ ਸਿੰਘ, ਵਿਜੈ ਕੁਮਾਰ, ਰੌਸ਼ਨ ਕੁਮਾਰ, ਹੈਪੀ, ਰਾਹੁਲ ਗਰਗ, ਗੁਰਦਾਸ ਸਿੰਘ, ਰਾਜੀਵ ਗੁਪਤਾ, ਪ੍ਰਦੀਪ ਸਿੰਘ, ਮਨੋਜ ਗੁਪਤਾ, ਮਨਪ੍ਰੀਤ ਸਿੰਘ, ਮਿੱਠੂ ਸਿੰਘ, ਦੀਦਾਰ ਸਿੰਘ, ਦੀਵਾਨ ਸਿੰਘ ਤੇ ਇੰਦਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਬੱਲ੍ਹੋ ਦੀ ਪੰਚਾਇਤ ਨੇ ਆਮ ਅਜਲਾਸ 'ਚ ਲਏ ਕਈ ਮਹੱਤਵਪੂਰਨ ਫੈਸਲੇ

### ਸਾਦੇ ਵਿਆਹ ਕਰਨ ਵਾਲਿਆਂ ਨੂੰ 21 ਹਜ਼ਾਰ ਨਗਦ ਤੇ ਕੁਦਰਤੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਮੁਫਤ ਬੀਜ ਦੇਣ ਦਾ ਐਲਾਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਗ੍ਰਾਮ ਪੰਚਾਇਤ ਬੱਲ੍ਹੋ ਦੀ ਮਹਿਲਾ ਸਰਪੰਚ ਅਮਰਜੀਤ ਕੌਰ ਨੇ ਆਮ ਅਜਲਾਸ ਦੀ ਮੀਟਿੰਗ ਵਿੱਚ ਵਿਆਹਾਂ 'ਤੇ ਹੁੰਦੀ ਫਜ਼ੂਲ ਖਰਚੇ ਰੋਕਣ ਲਈ ਸਾਦੇ ਢੰਗ ਨਾਲ ਵਿਆਹ ਕਰਨ ਦੀ ਚੇਟਕ ਲਾਉਣ ਲਈ ਗ੍ਰਾਮ ਸਭਾ ਦੇ ਮੈਂਬਰਾਂ ਦੀ ਸਹਿਮਤੀ ਨਾਲ ਅਹਿਮ ਫ਼ੈਸਲਾ ਲੈਂਦਿਆ ਮਤੇ ਪਾਸ ਕਰ ਦਿੱਤੇ ਜੋ ਪਰਿਵਾਰ ਨਸ਼ਾ ਰਹਿਤ ਅਤੇ ਵਗੈਰ ਡੀਜੇ ਲਾਉਣ ਤੋਂ ਸਾਦੇ ਢੰਗ ਨਾਲ ਵਿਆਹ ਕਰੇਗਾ ਤਾਂ ਪੰਚਾਇਤ 21 ਹਜ਼ਾਰ ਰੁਪਏ ਦਾ ਸ਼ਗਨ ਦੇਵੇਗੀ ਅਤੇ ਲੋਕਾਂ ਨੂੰ ਜ਼ਹਿਰ ਮੁਕਤ ਸਬਜ਼ੀਆਂ ਦੇਣ ਲਈ ਗੁਰੂ ਨਾਨਕ ਬਗੀਚੀ ਸਕੀਮ ਤਹਿਤ ਕੁਦਰਤੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਗ੍ਰਾਮ ਪੰਚਾਇਤ ਮੁਫਤ ਵਿੱਚ ਸਬਜ਼ੀਆਂ ਤੇ ਫਲਾਂ ਦੇ ਬੀਜ ਦੇਵੇਗੀ।ਪੰਚਾਇਤ ਨੇ ਬੇਜ਼ਮੀਨੇ ਤੇ ਢਾਈ ਏਕੜ ਤੋ ਘੱਟ ਜ਼ਮੀਨ ਵਾਲੇ ਪਰਿਵਾਰ ਦੀ ਚੋਣ ਕਰਕੇ ਬਾਇਓ ਗੈਸ ਪਲਾਂਟ ਲਾਉਣ ਦਾ ਮਤਾ ਪਾਸ ਕੀਤਾ ਹੈ।ਪੰਚਾਇਤ ਨੇ ਪਿੰਡ 'ਚ ਚੰਗੇ ਕਾਰਜਾਂ ਲਈ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ 'ਮੈਨ ਆਫ ਦਾ ਵਿਲੇਜ ਤੇ ਵੂਮੈਨ ਆਫ ਦਾ ਵਿਲੇਜ' ਚੁਣ ਕੇ 11 ਹਜ਼ਾਰ ਰੁਪਏ ਦੀ ਰਾਸ਼ੀ ਨਾਲ ਸਨਮਾਨਤ ਕਰਨ ਦਾ ਫੈਸਲਾ ਲਿਆ ਹੈ।ਇਹ ਸਨਮਾਨ ਉਨ੍ਹਾਂ ਲੋਕਾਂ ਨੂੰ ਮਿਲੇਗਾ ਜੋ ਗ੍ਰਾਮ ਪੰਚਾਇਤ ਦੇ ਵਿਕਾਸ ਕਾਰਜਾਂ ਦੇ ਕੰਮਾਂ ਅਤੇ ਲੜਾਈ ਝਗੜੇ ਦੇ ਕੇਸਾਂ ਨੂੰ ਸੁਲਝਾਉਣ ਲਈ ਯੋਗਦਾਨ ਦੇਣਗੇ ਤੇ ਔਰਤਾਂ ਦੇ ਕੇਸਾਂ ਵਿੱਚ ਔਰਤਾਂ ਦੇ ਹਿੱਤ ਲਈ ਕੰਮ ਕਰਨ ਤੇ ਭਲਾਈ ਸਕੀਮਾਂ ਦਾ ਲਾਭ ਦਿਵਾਉਣਾ ਸ਼ਾਮਲ ਹੈ।ਇੱਕ ਹੋਰ ਫੈਸਲੇ ਵਿੱਚ ਪਿੰਡ ਦੇ ਜੋ ਬੱਚੇ ਪੀ ਸੀ ਐਸ ਅਤੇ ਆਈ ਏ ਐਸ ਦੀ ਪੜ੍ਹਾਈ ਕਰਨਗੇ, ਉਨ੍ਹਾਂ ਦੀ ਫੀਸ ਗ੍ਰਾਮ ਪੰਚਾਇਤ ਭਰੇਗੀ।

ਇਸ ਤੋ ਇਲਾਵਾ ਦੁਕਾਨਾਂ ਤੇ ਸਟਿੰਗ ਤੇ ਕੂਲਿੱਪ ਵੇਚਣ 'ਤੇ ਪਾਬੰਦੀ ਹੋਵੇਗੀ ਅਤੇ ਵਿਕਾਸ ਕਾਰਜਾਂ ਤੇ ਹੋਏ ਖਰਚੇ ਦੀ ਸੂਚੀ ਪ੍ਰੋਜੈਕਟ ਵਾਲੀ ਜਗ੍ਹਾ 'ਤੇ ਨਸ਼ਰ ਕੀਤੀ ਜਾਵੇਗੀ।ਇਨਾਂ ਲੋਕ ਹਿੱਤ ਦੇ ਭਲਾਈ ਕਾਰਜਾਂ 'ਤੇ ਹੋਣ ਵਾਲੇ ਖਰਚ ਦੀ ਤਰਨਜੋਤ ਗਰੁੱਪ ਤੇ ਗੁਰਬਚਨ ਸਿੰਘ ਸੇਵਾ ਸੰਮਤੀ ਸੁਸਾਇਟੀ ਬੱਲ੍ਹੋ ਦੇ ਸਰਪ੍ਰਸਤ ਗੁਰਮੀਤ ਸਿੰਘ ਮਾਨ ਨੇ ਜ਼ਿੰਮੇਵਾਰੀ ਲਈ ਹੈ।ਸਰਪੰਚ ਅਮਰਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਏ ਆਮ ਅਜਲਾਸ ਦੀ ਮੀਟਿੰਗ ਵਿੱਚ ਟਿਕਾਊ ਵਿਕਾਸ ਦੇ 9 ਟੀਚਿਆਂ 'ਚੋ ਛੇ ਥੀਮਾਂ ਨੂੰ ਜੀ ਪੀ ਡੀ ਪੀ ਵਿੱਚ ਸ਼ਾਮਲ ਕਰਕੇ ਸਾਲ 2025-26 ਦੀ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਦਾ ਅਨੁਮਾਨਤ ਬੱਜਟ 98 ਲੱਖ 74 ਹਜ਼ਾਰ ਰੁਪਏ ਦਾ ਪਾਸ ਕੀਤਾ ਗਿਆ। ਇਸ ਗ੍ਰਾਮ ਸਭਾ ਦੀ ਇਹ ਖ਼ਾਸੀਅਤ ਰਹੀ ਕਿ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਨਾਇਬ ਤਹਿਸੀਲਦਾਰ ਰਮਨਦੀਪ ਕੌਰ ਅਤੇ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਕੁਲਵੰਤ ਸਿੰਘ ਡੀ ਐਸ ਪੀ ਵਿਜੀਲੈਂਸ ਨੇ ਗ੍ਰਾਮ ਸਭਾ ਮੈਂਬਰਾਂ ਵੱਲੋਂ ਲਏ ਫੈਸਲਿਆਂ ਦਾ ਨਜ਼ਾਰਾ ਆਪਣੇ ਅੱਖੀਂ ਤੱਕਿਆ ਤੇ ਨਿਵੇਕਲੇ ਤਰੀਕੇ ਨਾਲ ਕੀਤੇ ਕਾਰਜ ਦੀ ਸਰਾਹਨਾ ਕੀਤੀ। ਜੀ ਪੀ ਡੀ ਪੀ ਪਲਾਨ ਵਿੱਚ ਛੱਪੜਾਂ ਨੂੰ ਥਾਪਰ ਮਾਡਲ ਬਣਾਉਣਾ, ਖੇਡ ਮੈਦਾਨ, ਆਂਗਣਵਾੜੀ ਸੈਂਟਰ ਇਮਾਰਤ, ਗਲੀਆਂ ਨਾਲੀਆ ਦੀ ਉਸਾਰੀ, ਮਗਨਰੇਗਾ ਭਵਨ, ਸਰਕਾਰੀ ਸਕੂਲਾਂ ਦੇ ਹੋਣ ਵਾਲੇ ਕੰਮ, ਪੀਣ ਵਾਲੇ ਪਾਣੀ ਦੇ ਪ੍ਰਬੰਧ, ਪਸ਼ੂ ਹਸਪਤਾਲ ਦੀ ਚਾਰਦੀਵਾਰੀ ਉੱਚੀ ਕਰਨਾ, ਪਾਰਕ, ਜਾਗਰੂਕਤਾ ਕੈਂਪ ਜੈਵਿਕ ਖਾਦ ਦੇ ਪਿਟ, ਸੁੱਕੇ ਗਿੱਲੇ ਕੂੜੇ ਦੇ ਪ੍ਰਬੰਧ, ਪਲਾਸਟਿਕ ਵੇਸਟ ਮੈਨੇਜਮੈਂਟ ਯੂਨਿਟ, ਜਿੰਮ ਦਾ ਕਮਰਾ ਤੇ ਸਮਾਨ, ਨਰਸਰੀਆਂ ਦਾ ਨਿਰਮਾਣ, ਸਮੂਹ ਸਹਾਇਤਾਂ ਗਰੁੱਪਾਂ ਦਾ ਨਿਰਮਾਣ, ਨਰੇਗਾ ਮਜ਼ਦੂਰਾਂ ਨੂੰ ਕੰਮ ਦੇਣਾ ਤੇ ਵਾਤਾਵਰਨ ਨਾਲ ਸਬੰਧਤ ਕੰਮਾਂ ਦੇ ਮਤੇ ਗ੍ਰਾਮ ਸਭਾ ਦੇ ਮੈਂਬਰਾਂ ਨੇ ਸਰਬਸੰਮਤੀ ਨਾਲ ਪਾਸ ਕੀਤੇ ਗਏ।ਆਮ ਅਜਲਾਸ ਵਿੱਚ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਤੋਂ ਪੁੱਜੇ ਹਰਿੰਦਰ ਸਿੰਘ ਨੇ ਪਾਣੀ ਦੀ ਮਹੱਤਤਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਤੇ ਵੱਖ ਵੱਖ ਵਿਭਾਗਾਂ ਤੋ ਆਏ ਅਧਿਕਾਰੀਆਂ ਨੇ ਸਰਕਾਰੀ ਸਕੀਮਾਂ ਦੀ ਜਾਣਕਾਰੀ ਵੀ ਦਿੱਤੀ।ਸਕੂਲ ਦੇ ਬੱਚੇ ਜਿੰਨਾਂ ਨੇ ਪੜ੍ਹਾਈ ਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰੀਆ ਸਨ, ਉਨ੍ਹਾਂ ਦਾ ਸਨਮਾਨ ਗੁਰਬਚਨ ਸਿੰਘ ਸੇਵਾ ਸੰਮਤੀ ਸੁਸਾਇਟੀ ਦੇ ਅਹੁਦੇਦਾਰਾਂ ਤੇ ਸਰਪੰਚ ਵੱਲੋ ਸਾਂਝੇ ਰੂਪ ਵਿੱਚ ਕੀਤਾ ਗਿਆ। ਗ੍ਰਾਮ ਸਭਾ ਦੇ ਮੈਬਰਾਂ ਚ ਰੁਚੀ ਪੈਦਾ ਕਰਨ ਦੇ ਉਦੇਸ਼ ਨਾਲ ਲੱਕੀ ਕੂਪਨ ਰਾਹੀਂ ਡਰਾਅ ਕੱਢਿਆ ਗਿਆ, ਜਿਸ ਵਿੱਚ ਗ੍ਰਾਮ ਸਭਾ ਮੈਂਬਰਾਂ ਨੇ ਪੂਰੀ ਸਰਗਰਮੀ ਨਾਲ ਹਿੱਸਾ ਲਿਆ। ਇਸ ਸਮੇਂ ਡਾਕਟਰ ਯਾਦਵਿੰਦਰ ਸਿੰਘ ਮੌੜ, ਜਗਤਾਰ ਸਿੰਘ ਅਨਜਾਣ, ਲਖਸ਼ਮੀ ਦੇਵੀ ਨੇ ਵੀ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਭੁਪਿੰਦਰ ਸਿੰਘ ਨੇ ਬਾਖੂਬੀ ਨਿਭਾਈ। ਇਸ ਮੌਕੇ ਪੰਚ ਕਰਮਜੀਤ ਸਿੰਘ ਫੌਜੀ, ਹਰਬੰਸ ਸਿੰਘ, ਜਗਸੀਰ ਸਿੰਘ, ਹਾਕਮ ਸਿੰਘ, ਰਾਮ ਸਿੰਘ, ਰਾਜਵੀਰ ਕੌਰ, ਹਰਵਿੰਦਰ ਕੌਰ, ਪਰਮਜੀਤ ਕੌਰ, ਰਣਜੀਤ ਕੌਰ ਤੇ ਪਰਮਜੀਤ ਸਿੰਘ ਭੁੱਲਰ ਗ੍ਰਾਮ ਸੇਵਕ ਆਦਿ ਹਾਜ਼ਰ ਸਨ।

# ਕਿਸਾਨ ਨਹਿਰੀ ਪਾਣੀ ਦੇ ਨਾਲ ਨਾਲ ਸੋਧੇ ਹੋਏ ਪਾਣੀ ਨੂੰ ਵੀ ਵੱਧ ਤੋਂ ਵੱਧ ਵਰਤਣ : ਬਰਿੰਦਰ ਗੋਇਲ

### ਕੈਬਨਿਟ ਮੰਤਰੀ ਨੇ ਦੇਹਲਾਂ ਵਿਖੇ ਸਾਂਝਾ ਜ਼ਮੀਨਦੋਜ਼ ਪਾਈਪ ਲਾਈਨ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ



**ਮੂਨਕ (ਰਾਜਪਾਲ ਸਿੰਗਲਾ)**-ਪੰਜਾਬ ਦੇ ਭੂਮੀ ਤੇ ਜਲ ਸੰਭਾਲ, ਜਲ ਸਰੋਤ ਅਤੇ ਖਣਨ ਤੇ ਭੂ ਵਿਗਿਆਨ ਮੰਤਰੀ ਸ੍ਰੀ ਬਰਿੰਦਰ ਗੋਇਲ ਨੇ ਕਿਸਾਨਾਂ ਨੂੰ ਸੱਦਾ ਦਿੱਤਾ ਹੈ ਕਿ ਨਹਿਰੀ ਪਾਣੀ ਦੇ ਨਾਲ ਨਾਲ ਸੋਧੇ ਹੋਏ ਪਾਣੀ ਨੂੰ ਵੱਧ ਤੋਂ ਵੱਧ ਵਰਤਿਆ ਜਾਵੇ ਤਾਂ ਕਿ ਸਾਂਝੇ ਹੰਭਲਿਆਂ ਨਾਲ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ।ਸ੍ਰੀ ਗੋਇਲ ਪਿੰਡ ਦੇਹਲਾ ਸੀਹਾਂ ਤੇ ਮਹਾਂ ਸਿੰਘ ਵਾਲਾ ਵਿਖੇ ਦੋ ਵੱਖ-ਵੱਖ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਨ ਮੌਕੇ ਭਰਵੇਂ ਇਕੱਠਾਂ ਨੂੰ ਸੰਬੋਧਨ ਕਰ ਰਹੇ ਸਨ।ਕੈਬਨਿਟ ਮੰਤਰੀ ਨੇ ਕਿਹਾ ਕਿ ਖੇਤਾਂ ਦੀ ਸਿੰਚਾਈ ਤੇ ਫਸਲਾਂ ਦੀ ਭਰਪੂਰ ਪੈਦਾਵਾਰ ਲਈ ਨਹਿਰੀ ਅਤੇ ਸੋਧਿਆ ਹੋਇਆ ਪਾਣੀ ਬਹੁਤ ਲਾਹੇਵੰਦ ਹੈ।ਸ੍ਰੀ ਗੋਇਲ ਨੇ ਨਹਿਰੀ ਪਾਣੀ ਦੀ ਸੁਚੱਜੀ ਵਰਤੋਂ ਲਈ ਪਿੰਡ ਦੇਹਲਾਂ ਵਿਖੇ ਸਾਂਝਾ ਜ਼ਮੀਨਦੋਜ਼ ਪਾਈਪਲਾਈਨ ਦੇ ਸਿੰਚਾਈ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣ ਦੀ ਰਸਮ ਅਦਾ ਕੀਤੀ।ਉਨ੍ਹਾਂ ਕਿਹਾ ਕਿ ਨਹਿਰੀ ਮੋਘੇ ਦੀ ਉਸਾਰੀ ਉੱਤੇ ਲਗਭਗ 21.78 ਲੱਖ ਰੁਪਏ ਦੀ ਲਾਗਤ ਆਵੇਗੀ, ਜਿਸ ਵਿੱਚੋਂ 19.60 ਲੱਖ ਰੁਪਏ ਦੀ ਸਬਸਿਡੀ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਅਧੀਨ 67.6 ਹੈਕਟੇਅਰ ਰਕਬਾ ਖੇਤੀ ਦੀ ਸਿੰਚਾਈ ਅਧੀਨ ਕਵਰ ਕੀਤਾ ਜਾਵੇਗਾ।ਇਸ ਉਪਰੰਤ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਗੋਇਲ ਨੇ ਪਿੰਡ ਮਹਾਂ ਸਿੰਘ ਵਾਲਾ ਵਿਖੇ ਛੱਪੜ ਦੇ ਪਾਣੀ ਨੂੰ ਸੋਲਰ ਮੋਟਰ ਰਾਹੀਂ ਲਿਫਟ ਕਰਕੇ ਖੇਤਾਂ ਦੀ ਸਿੰਚਾਈ ਲਈ ਵਰਤਣ ਵਾਲੇ ਪ੍ਰੋਜੈਕਟ ਦੀ ਵੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ 16.43 ਲੱਖ ਰੁਪਏ ਦੀ ਲਾਗਤ ਵਾਲੇ ਇਸ ਪ੍ਰੋਜੈਕਟ ਦੀ 100 ਫੀਸਦੀ ਸਬਸਿਡੀ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ ਹੈ ਤੇ ਇਸ ਅਧੀਨ 8.95 ਹੈਕਟੇਅਰ ਰਕਬਾ ਖੇਤਾਂ ਦੀ ਸਿੰਚਾਈ ਲਈ ਕਵਰ ਕੀਤਾ ਜਾਵੇਗਾ, ਜਿਸ ਨਾਲ ਫਸਲ ਦੀ ਪੈਦਾਵਾਰ ਵਿੱਚ ਵਾਧਾ ਹੋਵੇਗਾ ਅਤੇ ਧਰਤੀ ਹੇਠਲੇ ਪਾਣੀ ਦੀ 20 ਤੋਂ 30 ਫੀਸਦੀ ਤੱਕ ਬੱਚਤ ਹੋਵੇਗੀ।ਇਨ੍ਹਾਂ ਸਮਾਗਮਾਂ ਦੌਰਾਨ ਮੁੱਖ ਭੂਮੀ ਪਾਲ ਮਹਿੰਦਰ ਸਿੰਘ ਸੈਣੀ, ਮੰਡਲ ਭੂਮੀ ਰੱਖਿਆ ਅਫ਼ਸਰ ਗੁਰਬਿੰਦਰ ਸਿੰਘ ਢਿੱਲੋਂ, ਸ੍ਰੀ ਗੋਇਲ ਦੇ ਪੀ ਏ ਰਾਕੇਸ਼ ਗੁਪਤਾ ਸਮੇਤ ਹੋਰ ਅਧਿਕਾਰੀ ਤੇ ਵੱਖ ਵੱਖ ਪਿੰਡਾਂ ਦੇ ਵਸਨੀਕ ਹਾਜ਼ਰ ਸਨ।

# ਸਰਬਪੱਖੀ ਵਿਕਾਸ ਦੇ ਏਜੰਡੇ 'ਤੇ ਚੱਲ ਰਹੀ ਆਪ ਸਰਕਾਰ : ਸ਼ਮਸ਼ੇਰ ਸਿੰਘ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਅੱਜ ਹਲਕੇ ਦੇ ਪਿੰਡਾਂ ਧਮਰਾਈ ਅਤੇ ਜਕੜੀਆ ਵਿਖੇ 2.35 ਕਰੋੜ ਰੁਪਏ ਦੀ ਲਾਗਤ ਨਾਲ ਪਿੰਡਾਂ ਦੇ ਦੁਆਲੇ ਬਣਾਈਆਂ ਜਾਣ ਵਾਲੀਆਂ ਪੱਕੀਆਂ ਫਿਰਨੀਆਂ ਦੇ ਨਿਰਮਾਣ ਕੰਮ ਦਾ ਉਦਘਾਟਨ ਕੀਤਾ।ਪਿੰਡ ਧਮਰਾਈ ਵਿਖੇ 1.35 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ 18 ਫੁੱਟ ਚੌੜੀ ਅਤੇ 2.15 ਕਿਲੋਮੀਟਰ ਲੰਮੀ ਪੱਕੀ ਫਿਰਨੀ ਦੇ ਨਿਰਮਾਣ ਕੰਮ ਦਾ ਉਦਘਾਟਨ ਕਰਨ ਮਗਰੋਂ ਬਲਾਕ ਪ੍ਰਧਾਨ ਮਨਮੋਹਨ ਸਿੰਘ ਧਮਰਾਈ ਅਤੇ ਗੁਰਨਾਮ ਸਿੰਘ ਕੰਗ ਦੀ ਅਗਵਾਈ ਹੇਠ ਕੀਤੇ ਗਏ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਬਿਨਾਂ ਕਿਸੇ ਭੇਦਭਾਵ ਅਤੇ ਸਰਬਪੱਖੀ ਵਿਕਾਸ ਦੇ ਏਜੰਡੇ 'ਤੇ ਚੱਲ ਰਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਨਾਨਗਰ ਵਿਧਾਨ ਸਭਾ ਹਲਕੇ ਦੇ ਵਿਕਾਸ 'ਚ ਕੋਈ ਕਸਰ ਨਹੀਂ ਛੱਡੇਗੀ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਸਮਾਜ ਦੇ ਹਰੇਕ ਵਰਗ ਨੂੰ ਉੱਚਾ ਚੁੱਕਣ ਲਈ ਪੂਰੀ ਸੁਹਿਰਦਤਾ ਨਾਲ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਲ 2025 ਦੌਰਾਨ ਜਿੱਥੇ ਪੰਜਾਬ ਦੇ ਸਰਬਪੱਖੀ ਵਿਕਾਸ ਦੇ ਕੰਮ ਹੋਣਗੇ, ਉੱਥੇ ਹੀ ਵਿਧਾਨ ਸਭਾ ਹਲਕਾ ਦੀਨਾਨਗਰ ਵੀ ਵਿਕਾਸ ਦੀਆਂ ਨਵੀਆਂ ਉਚਾਈਆਂ ਨੂੰ ਛੂਹੇਗਾ। ਇਸ ਤੋਂ ਪਹਿਲਾਂ ਉਹਨਾਂ ਨੇ ਪਿੰਡ ਜਕੜੀਆ ਵਿਖੇ ਵੀ ਲਖਵਿੰਦਰ ਸਿੰਘ ਜਕੜੀਆ ਅਤੇ ਲਖਵਿੰਦਰ ਸਿੰਘ ਮਿੱਠੂ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਦੌਰਾਨ ਇਕ ਕਰੋੜ ਰੁਪਏ ਦੀ ਲਾਗਤ ਨਾਲ 18 ਫੁੱਟ ਚੌੜੀ ਅਤੇ 1.55 ਕਿਲੋਮੀਟਰ ਲੰਮੀ ਪਿੰਡ ਜਕੜੀਆ ਦੁਆਲੇ ਬਣਾਈ ਜਾਣ ਵਾਲੀ ਪੱਕੀ ਫਿਰਨੀ ਦੇ ਨਿਰਮਾਣ ਕੰਮ ਦਾ ਉਦਘਾਟਨ ਕੀਤਾ। ਉਹਨਾਂ ਨੇ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ ਟੀ ਓ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਲੰਬੜਦਾਰ ਰਣਜੀਤ ਸਿੰਘ, ਮੈਂਬਰ ਪੰਚਾਇਤ ਜੀਵਨ ਸਿੰਘ, ਮੈਂਬਰ ਪੰਚਾਇਤ ਸੁਖਜੀਤ ਕੌਰ, ਮੈਂਬਰ ਪੰਚਾਇਤ ਸ਼ੁਭਲਤਾ, ਮੈਂਬਰ ਪੰਚਾਇਤ ਬਹਾਦਰ ਸਿੰਘ, ਮੈਂਬਰ ਪੰਚਾਇਤ ਸੁਖਦੇਵ ਰਾਜ, ਜਗੀਰ ਸਿੰਘ, ਜਸਪਾਲ ਸਿੰਘ, ਸੋਮ ਰਾਜ ਸੈਕਟਰੀ, ਲਖਵਿੰਦਰ ਸਿੰਘ ਸੈਕਟਰੀ, ਪਰਮਜੀਤ ਪੰਮਾ, ਹਰਬੰਸ ਸਿੰਘ, ਹਜਾਰਾ ਸਿੰਘ, ਪ੍ਰੇਮ ਚੰਦ, ਸਪੋਰਟਸ ਵਿੰਗ ਪ੍ਰਧਾਨ ਅਭਿਸ਼ੇਕ ਸ਼ਰਮਾ, ਵੀਰ ਸਿੰਘ, ਅਜਮੇਰ ਸਿੰਘ ਅਤੇ ਰਾਜ ਸਿੰਘ ਵੀ ਮੌਜੂਦ ਸਨ।

# ਸਾਲ 2024 'ਚ 2.58 ਕਰੋੜ ਤੋਂ ਵੱਧ ਲੋਕਾਂ ਨੇ ਆਮ ਆਦਮੀ ਕਲੀਨਿਕਾਂ 'ਚ ਕਰਵਾਇਆ ਇਲਾਜ : ਚੇਅਰਮੈਨ ਬਹਿਲ

**ਗੁਰਦਾਸਪੁਰ, (ਦਿਨੇਸ਼ ਕੁਮਾਰ)** - ਸੂਬਾ ਸਰਕਾਰ ਵੱਲੋਂ ਪੰਜਾਬ ਵਿੱਚ ਪਹਿਲੇ, ਦੂਜੇ ਅਤੇ ਤੀਜੇ ਦਰਜੇ ਦੀਆਂ ਸਿਹਤ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ।ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਬੀਤੇ ਸਾਲ ਸਿਹਤ ਵਿਭਾਗ ਵੱਲੋਂ ਕੀਤੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਪ੍ਰਾਇਮਰੀ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਅਤੇ ਇਸ ਦੇ ਕਾਇਆ ਕਲਪ ਕਰਨ ਲਈ ਸ਼ੁਰੂ ਕੀਤੇ ਸੁਪਨਮਈ ਪ੍ਰਾਜੈਕਟ 'ਆਮ ਆਦਮੀ ਕਲੀਨਿਕ' ਨੂੰ ਵੱਡੀ ਸਫਲਤਾ ਹਾਸਲ ਹੋਈ ਹੈ। ਇਨ੍ਹਾਂ ਕਲੀਨਿਕਾਂ ਤੋਂ 2.58 ਕਰੋੜ (1.08 ਕਰੋੜ ਪਹਿਲੀ ਵਾਰ ਆਉਣ ਵਾਲੇ ਮਰੀਜ਼/1.5 ਕਰੋੜ ਦੁਬਾਰਾ ਦਵਾਈ ਲੈਣ ਵਾਲੇ ਮਰੀਜ਼) ਲੋਕਾਂ ਨੇ ਮੁਫ਼ਤ ਇਲਾਜ ਦੀ ਸਹੂਲਤ ਦਾ ਲਾਭ ਲਿਆ ਹੈ।ਚੇਅਰਮੈਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 75ਵੇਂ ਸੁਤੰਤਰਤਾ ਦਿਵਸ ਮੌਕੇ 75 ਆਮ ਆਦਮੀ ਕਲੀਨਿਕ ਸੂਬੇ ਦੇ ਲੋਕਾਂ ਨੂੰ ਸਮਰਪਤ ਕੀਤੇ ਸਨ, ਜਿਸ ਨਾਲ ਇਹਨਾਂ ਕਲੀਨਿਕਾਂ ਦੀ ਕੁੱਲ ਗਿਣਤੀ ਹੁਣ 881 ਹੋ ਗਈ ਹੈ। ਉਨ੍ਹਾਂ ਦੱਸਿਆ ਕਿ 881 ਆਮ ਆਦਮੀ ਕਲੀਨਿਕਾਂ ਵਿਚੋਂ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਵਿੱਚ 62 ਆਮ ਆਦਮੀ ਕਲੀਨਿਕ ਲੋਕਾਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਸਿਹਤ ਸੇਵਾਵਾਂ ਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਵਿਖੇ ਮਰੀਜ਼ਾਂ ਲਈ 80 ਕਿਸਮਾਂ ਦੀਆਂ ਦਵਾਈਆਂ ਅਤੇ 38 ਕਿਸਮਾਂ ਦੇ ਡਾਇਗਨੌਸਟਿਕ ਟੈੱਸਟ ਮੁਫ਼ਤ ਉਪਲਬਧ ਹਨ। ਇਨ੍ਹਾਂ ਕਲੀਨਿਕਾਂ ਨੇ ਸੂਬੇ ਦੇ ਲੋਕਾਂ ਨੂੰ ਸਿਹਤ ਸੰਭਾਲ 'ਤੇ ਆਉਣ ਵਾਲੇ ਖ਼ਰਚੇ ਨੂੰ 1200 ਕਰੋੜ ਰੁਪਏ ਤੱਕ ਘਟਾਉਣ ਵਿੱਚ ਯੋਗਦਾਨ ਪਾਇਆ ਹੈ।ਚੇਅਰਮੈਨ ਬਹਿਲ ਨੇ ਅੱਗੇ ਦੱਸਿਆ ਕਿ ਸੂਬੇ ਦੇ ਲੋਕਾਂ ਨੂੰ ਵਿਆਪਕ ਪ੍ਰਾਇਮਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸੂਬੇ ਵਿੱਚ 3134 ਸਿਹਤ ਅਤੇ ਤੰਦਰੁਸਤੀ ਕੇਂਦਰ ਕਾਰਜਸ਼ੀਲ ਹਨ। ਇਸ ਦੇ ਨਾਲ ਹੀ ਨਵਾਂ ਸਟਾਫ਼ ਭਾਵ ਕਮਿਊਨਿਟੀ ਹੈਲਥ ਅਫ਼ਸਰ ਵੀ ਸ਼ਾਮਲ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੈਕੰਡਰੀ ਸਿਹਤ ਸਹੂਲਤਾਂ ਵਿੱਚ ਜ਼ਰੂਰੀ ਦਵਾਈਆਂ ਦੀ ਸੂਚੀ (ਈ.ਡੀ.ਐੱਲ.) ਅਧੀਨ ਆਉਂਦੀਆਂ ਸਾਰੀਆਂ ਦਵਾਈਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਜਨਵਰੀ 2024 ਵਿੱਚ ਫ਼ਰੀ ਡਰੱਗ ਪਹਿਲਕਦਮੀ ਦੀ ਸ਼ੁਰੂਆਤ ਕੀਤੀ ਗਈ ਹੈ।



ਸਥਾਨਕ ਪੱਧਰ 'ਤੇ ਸਿਵਲ ਸਰਜਨਾਂ ਅਤੇ ਐੱਸ.ਐੱਮ.ਓਜ਼ ਨੂੰ ਈ.ਡੀ.ਐੱਲ. ਤੋਂ ਬਾਹਰ ਵਾਲੀਆਂ ਦਵਾਈਆਂ ਜਾਂ ਕਿਸੇ ਖ਼ਾਸ ਦਵਾਈਆਂ ਦੀ ਘਾਟ ਹੋਣ ਦੀ ਸੂਰਤ ਵਿੱਚ ਇਹਨਾਂ ਦੀ ਖ਼ਰੀਦ ਕਰਨ ਲਈ ਅਧਿਕਾਰਤ ਕੀਤਾ ਗਿਆ ਹੈ।ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਸਿਹਤ ਦਾ ਖੇਤਰ ਪੰਜਾਬ ਸਰਕਾਰ ਦਾ ਤਰਜੀਹੀ ਖੇਤਰ ਹੈ।

## 3 ਹਜ਼ਾਰ ਕਿੱਲੋ ਲਾਹਣ ਬਰਾਮਦ, ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਉੱਚ ਪੁਲਸ ਅਧਿਕਾਰੀਆਂ ਦੇ ਹੁਕਮਾਂ ਅਨੁਸਾਰ ਐੱਸ. ਐੱਚ. ਓ. ਸੁਰਿੰਦਰਪਾਲ ਸਿੰਘ ਨੇ ਸਮੇਤ ਐਕਸਾਈਜ਼ ਇੰਸਪੈਕਟਰ ਪੰਕਜ ਗੁਪਤਾ ਸਮੇਤ ਏ. ਐੱਸ. ਆਈ. ਤੀਰਥ ਰਾਮ ਸਮੇਤ ਪੁਲਸ ਪਾਰਟੀ ਪਿੰਡ ਮੋਚਪੁਰ ਦਰਿਆ ਬਿਆਸ ਦੇ ਮੰਡ ਵਿੱਚ ਪੁੱਜ ਕੇ ਏਰੀਆ ਪਿੰਡ ਮੋਚਪੁਰ ਦਰਿਆ ਬਿਆਸ ਦੇ ਮੰਡ ਦੀ ਸਰਚ ਸ਼ੁਰੂ ਕੀਤੀ ਤਾਂ ਸਰਚ ਦੌਰਾਨ ਨਾ-ਮਾਲੂਮ ਵਿਅਕਤੀਆਂ ਵੱਲੋਂ ਸਰਕੰਡਿਆਂ ਵਿੱਚ ਛੁਪਾਈ ਕਰੀਬ 3000 ਕਿੱਲੋ ਗ੍ਰਾਮ ਲਾਹਣ ਨਜਾਇਜ਼ ਬਰਾਮਦ ਹੋਈ ਹੈ। ਥਾਣਾ ਭੈਣੀ ਮੀਆਂ ਖਾਂ ਪੁਲਸ ਨੇ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਨਵੇਂ ਸਾਲ ਤੇ ਵੱਡੇ ਦਿਨ ਨੂੰ ਸਮਰਪਤ ਲੰਗਰ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪਿੰਡ ਖੁੰਡਾ ਵਿਖੇ ਨਵੇਂ ਸਾਲ ਅਤੇ ਵੱਡੇ ਦਿਨ ਨੂੰ ਸਮਰਪਿਤ ਮਸੀਹ ਭਾਈਚਾਰੇ ਅਤੇ ਅਭਿਸ਼ੇਕ ਸਿੰਮੂ ਫਾਇਨਾਂਸ ਕੰਪਨੀ ਵੱਲੋਂ ਲੰਗਰ ਲਗਾਇਆ ਗਿਆ। ਇਸ ਮੌਕੇ ਸੂਰਜ ਮਸੀਹ ਰੰਧਾਵਾ, ਰਕੇਸ਼ ਰੰਧਾਵਾ, ਬਸ਼ੀਰ ਮਸੀਹ, ਲਾਡੀ ਮਸੀਹ, ਹਰਪਾਲ ਸਿੰਘ ਨਿੱਕਾ, ਰਾਜੂ, ਰਮਨ, ਮੰਗਾ ਮਸੀਹ, ਅੰਮ੍ਰਿਤ ਪਾਲ ਸਿੰਘ, ਵਿਲੀਅਮ, ਸ਼ਾਲੂ, ਬੀਨਾ ਨੇ ਲੰਗਰ ਦੀ ਸੇਵਾ ਵਿੱਚ ਭਾਗ ਲਿਆ।

## ਟਰੈਫ਼ਿਕ ਐਜੂਕੇਸ਼ਨ ਸੈੱਲ ਨੇ ਲੋਕਾਂ ਨੂੰ ਆਵਾਜਾਈ ਦੇ ਨਿਯਮਾਂ ਬਾਰੇ ਦਿੱਤੀ ਜਾਣਕਾਰੀ



**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਪੁਲਸ ਗੁਰਦਾਸਪੁਰ ਦੇ ਟਰੈਫ਼ਿਕ ਐਜੂਕੇਸ਼ਨ ਸੈੱਲ ਵੱਲੋਂ ਲਾਇਬਰੇਰੀ ਚੌਕ ਗੁਰਦਾਸਪੁਰ ਵਿਖੇ ਟਰੈਫ਼ਿਕ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ ਜਿਸ ਵਿਚ ਐਜੂਕੇਸ਼ਨ ਸੈੱਲ ਦੇ ਕਰਮੀਆਂ ਵੱਲੋਂ ਆਮ ਲੋਕਾਂ ਨੂੰ ਆਵਾਜਾਈ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ। ਸੈਮੀਨਾਰ ਵਿਚ ਏ. ਐੱਸ. ਆਈ. ਅਮਨਦੀਪ ਸਿੰਘ, ਸੁਰਜੀਤ ਸਿੰਘ, ਗੁਰਵਿੰਦਰ ਸਿੰਘ, ਰਾਜ ਕੁਮਾਰ, ਸੈਮੂਅਲ ਮਸੀਹ ਅਤੇ ਬਲਦੇਵ ਰਾਜ ਨੇ ਲੋਕਾਂ ਨੂੰ ਆਵਾਜਾਈ ਨਿਯਮਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਕਿਸੇ ਨੂੰ ਵਾਹਨ ਚਲਾਉਂਦੇ ਸਮੇਂ ਆਵਾਜਾਈ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਆਪਣੇ ਵਾਹਨ ਦੇ ਕਾਗ਼ਜ਼ਾਤ ਅਤੇ ਡਰਾਈਵਿੰਗ ਲਾਇਸੰਸ ਜ਼ਰੂਰ ਰੱਖਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਨਾਬਾਲਗ ਬੱਚਿਆਂ ਨੂੰ ਵਾਹਨ ਨਹੀਂ ਚਲਾਉਣੇ ਚਾਹੀਦਾ ਅਤੇ ਜੇਕਰ ਕੋਈ ਨਾਬਾਲਗ ਬੱਚਾ ਇਸ ਦੀ ਉਲੰਘਣਾ ਕਰਦਾ ਹੈ ਤਾਂ ਉਸਦੇ ਮਾਪਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਉਨ੍ਹਾਂ ਦੱਸਿਆ ਕਿ ਨਸ਼ਾ ਕਰਕੇ ਕੋਈ ਵੀ ਵਾਹਨ ਨਹੀਂ ਚਲਾਉਣਾ ਚਾਹੀਦਾ ਇਹ ਗੈਰ-ਕਾਨੂੰਨੀ ਹੈ ਅਤੇ ਇਸ ਨਾਲ ਹਮੇਸ਼ਾ ਹੀ ਦੁਰਘਟਨਾ ਦਾ ਖ਼ਤਰਾ ਬਣਿਆ ਰਹਿੰਦਾ ਹੈ। ਲੋਕਾਂ ਨੂੰ ਫ਼ਰਿਸ਼ਤੇ ਸਕੀਮ ਬਾਰੇ ਵੀ ਜਾਗਰੂਕ ਕਰਦਿਆਂ ਪ੍ਰੇਰਿਤ ਕੀਤਾ ਕਿ ਉਹ ਦੁਰਘਟਨਾ ਪੀੜਤ ਲੋਕਾਂ ਦੀ ਮਦਦ ਲਈ ਅੱਗੇ ਆਉਣ। ਇਸ ਮੌਕੇ ਹੈਲਪ ਲਾਈਨ ਨੰਬਰਾਂ 112, 1930 ਅਤੇ 1033 ਬਾਰੇ ਵੀ ਲੋਕਾਂ ਨੂੰ ਦੱਸਿਆ ਗਿਆ।

## ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ 'ਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

**ਪਠਾਨਕੋਟ, (ਦਵਿੰਦਰ ਸਿੰਘ)**—ਜ਼ਿਲ੍ਹਾ ਪਠਾਨਕੋਟ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਾਲ 2025 ਦੇ ਆਰੰਭ 'ਤੇ ਨਵੇਂ ਸਾਲ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਅਧੀਨ ਸਵੇਰੇ ਡਿਪਟੀ ਕਮਿਸ਼ਨਰ ਦਫਤਰ ਦੇ ਸਟਾਫ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਡੀ. ਸੀ. ਕੰਪਾਊਂਡ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਰੱਖੇ ਗਏ। ਇਸ ਮੌਕੇ ਜ਼ਿਲ੍ਹਾ ਅਧਿਕਾਰੀਆਂ ਨੇ ਸ਼ਿਰਕਤ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਆਦਿੱਤਿਆ ਉਪਲ ਡਿਪਟੀ ਕਮਿਸ਼ਨਰ ਪਠਾਨਕੋਟ, ਅਰਸ਼ਦੀਪ ਸਿੰਘ ਐੱਸਡੀਐੱਮ ਪਠਾਨਕੋਟ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਯਸ਼ਪਾਲ ਸਿੰਘ ਬਾਜਵਾਂ ਨਾਇਬ ਤਹਿਸੀਲਦਾਰ ਨਰੋਟ ਜੈਮਲ ਸਿੰਘ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ।ਬਾਅਦ ਦੁਪਹਿਰ ਧਾਰਮਿਕ ਸਮਾਗਮ ਦੌਰਾਨ ਰੱਖੇ ਗਏ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ। ਕੀਰਤਨ ਦਰਵਾਰ ਵੀ ਸਜਾਏ ਗਏ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।ਇਸ ਮੌਕੇ ਗੁਰੂ ਜੀ ਦੇ ਅਟੁੱਟ ਲੰਗਰ ਵੀ ਵਰਤਾਏ ਗਏ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਵੋਟਰ ਸੂਚੀਆਂ ਦੀ ਮੁਢਲੀ ਪ੍ਰਕਾਸ਼ਨਾ ਅੱਜ ਹੋਵੇਗੀ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਗੁਰਦੁਆਰਾ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਗੁਰਦਾਸਪੁਰ ਵਿਚ ਪੈਂਦੇ ਸਮੂਹ 6 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣ ਹਲਕਿਆਂ 104-ਸ੍ਰੀ ਹਰਗੋਬਿੰਦਪੁਰ, 105-ਬਟਾਲਾ, 106-ਕਾਲਾ ਅਫ਼ਗਾਨਾਂ, 107-ਡੇਰਾ ਬਾਬਾ ਨਾਨਕ, 108-ਧਾਰੀਵਾਲ ਅਤੇ 109-ਗੁਰਦਾਸਪੁਰ ਵਿਚ ਗੁਰਦੁਆਰਾ ਵੋਟਰ ਸੂਚੀ ਦੀ ਮੁਢਲੀ ਪ੍ਰਕਾਸ਼ਨਾ ਨਿਰਧਾਰਤ ਸਥਾਨਾਂ ਦਫ਼ਤਰ ਡਿਪਟੀ ਕਮਿਸ਼ਨਰ, ਸਬੰਧਤ ਰਿਵਾਈਜ਼ਿੰਗ ਅਥਾਰਟੀਜ਼/ ਰਿਟਰਨਿੰਗ ਅਫ਼ਸਰਾਂ ਦੇ ਦਫ਼ਤਰਾਂ, ਸਮੂਹ ਤਹਿਸੀਲ ਦਫ਼ਤਰਾਂ, ਪਟਵਾਰ ਸਰਕਲਾਂ ਵਿਚਲੇ ਪਟਵਾਰੀਆਂ ਦੇ ਦਫ਼ਤਰਾਂ ਅਤੇ ਸਮੂਹ ਨੋਟੀਫਾਈਡ ਸਿੱਖ ਗੁਰਦੁਆਰਿਆਂ ਵਿਚ 3 ਜਨਵਰੀ ਨੂੰ ਕਰਵਾ ਦਿੱਤੀ ਜਾਵੇਗੀ ਅਤੇ 3 ਜਨਵਰੀ ਤੋਂ ਇਹਨਾਂ ਸਥਾਨਾਂ ਤੇ ਵੋਟਰ ਸੂਚੀਆਂ ਦੇਖਣ ਲਈ ਉਪਲਬਧ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਨੇ ਦੱਸਿਆ ਕਿ ਸਮੂਹ ਚੋਣ ਹਲਕਿਆਂ ਦੀਆਂ ਰਿਵਾਈਜ਼ਿੰਗ ਅਥਾਰਟੀਜ਼ 104-ਸ੍ਰੀ ਹਰਗੋਬਿੰਦਪੁਰ (ਐੱਸ.ਡੀ.ਐੱਮ. ਕਲਾਨੌਰ), 105-ਬਟਾਲਾ (ਐੱਸ.ਡੀ.ਐੱਮ. ਬਟਾਲਾ), 106-ਕਾਲਾ ਅਫ਼ਗਾਨਾਂ (ਐੱਸ.ਡੀ.ਐੱਮ. ਫ਼ਤਿਹਗੜ੍ਹ ਚੂੜੀਆਂ), 107-ਡੇਰਾ ਬਾਬਾ ਨਾਨਕ (ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ), 108-ਧਾਰੀਵਾਲ (ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ) ਅਤੇ 109-ਗੁਰਦਾਸਪੁਰ (ਐੱਸ.ਡੀ.ਐੱਮ. ਗੁਰਦਾਸਪੁਰ) ਵੱਲੋਂ ਡਰਾਫ਼ਟ ਵੋਟਰ ਸੂਚੀ ਉੱਪਰ ਦਾਅਵੇ/ਇਤਰਾਜ਼ ਮਿਤੀ 3 ਜਨਵਰੀ ਤੋਂ 24 ਜਨਵਰੀ ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਪ੍ਰਾਪਤ ਹੋਏ ਦਾਅਵੇ/ਇਤਰਾਜ਼ਾਂ ਦਾ ਨਿਪਟਾਰਾ 5 ਫਰਵਰੀ ਤੱਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਵਾਨ ਹੋਏ ਦਾਅਵੇ/ਇਤਰਾਜ਼ਾਂ ਦੇ ਮਸੌਦੇ/ਸਪਲੀਮੈਂਟ ਤਿਆਰ ਕਰਕੇ ਪ੍ਰਿੰਟਿੰਗ 24 ਫਰਵਰੀ 2025 ਤੱਕ ਕਰਵਾਈ ਜਾਵੇਗੀ ਅਤੇ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਮਿਤੀ 25 ਫਰਵਰੀ ਨੂੰ ਕਰਵਾਈ ਜਾਵੇਗੀ।ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਦੱਸਿਆ ਕਿ ਡਰਾਫ਼ਟ ਵੋਟਰ ਸੂਚੀ ਵਿਚ ਕੋਈ ਕਲੈਰੀਕਲ ਜਾਂ ਛਪਾਈ ਸਬੰਧੀ ਨੁਕਸ ਹੋਵੇ, ਤਾਂ ਸਬੰਧਤ ਰਿਵਾਈਜ਼ਿੰਗ ਅਥਾਰਟੀਜ਼ ਦੇ ਧਿਆਨ ਵਿਚ ਲਿਆਂਦੀ ਜਾਵੇ, ਤਾਂ ਜੋ ਅੰਤਿਮ ਪ੍ਰਕਾਸ਼ਨਾ ਤੋਂ ਪਹਿਲਾਂ ਇਸ ਵਿਚ ਲੋੜੀਂਦੀ ਸੋਧ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਡਰਾਫ਼ਟ ਵੋਟਰ ਸੂਚੀ ਸਬੰਧੀ ਬਿਨੈਕਾਰ/ਇਤਰਾਜ਼ਕਰਤਾ ਆਪਣੇ ਦਾਅਵੇ/ਇਤਰਾਜ਼ ਲਿਖਤੀ ਰੂਪ ਵਿਚ ਤਸਦੀਕੀ ਤੌਰ 'ਤੇ ਆਪਣੇ ਰਿਵਾਈਜ਼ਿੰਗ ਅਥਾਰਟੀਜ਼ ਨੂੰ ਨਿੱਜੀ ਤੌਰ 'ਤੇ, ਲਿਖਤੀ, ਡਾਕ ਰਾਹੀਂ ਜਾਂ ਕਿਸੇ ਅਜਿਹੇ ਏਜੰਟ, ਜੋ ਕਿ ਲਿਖਤੀ ਤੌਰ 'ਤੇ ਪ੍ਰਵਾਨਿਤ ਹੋਵੇ, ਰਾਹੀਂ ਮਿਥੀ ਹੋਈ ਮਿਤੀ ਤੱਕ ਭੇਜੇ ਜਾ ਸਕਦੇ ਹਨ। ਕੇਵਲ ਉਹ ਵਿਅਕਤੀ, ਜਿਸ ਦੀ ਉਮਰ 21 ਸਾਲ ਜਾਂ ਇਸ ਤੋਂ ਉੱਪਰ ਹੋਵੇ ਅਤੇ ਜਿਸ ਦਾ ਨਾਂ ਉਸ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਪਹਿਲਾਂ ਹੀ ਦਰਜ਼ ਹੋਵੇ, ਹੀ ਇਤਰਾਜ਼ ਪੇਸ਼ ਕਰ ਸਕਦਾ ਹੈ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਯੋਗ ਵੋਟਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜਿਨ੍ਹਾ ਦੀਆਂ ਹਾਲੇ ਤੱਕ ਵੋਟਾਂ ਨਹੀਂ ਬਣੀਆਂ, ਉਹ ਉਹ 24 ਜਨਵਰੀ 2025 ਤੱਕ ਫਾਰਮ ਭਰ ਕੇ ਆਪਣੀਆਂ ਵੋਟਾਂ ਜ਼ਰੂਰ ਬਣਵਾ ਲੈਣ। ਉਨ੍ਹਾਂ ਕਿਹਾ ਕਿ ਵੋਟਾਂ ਸਬੰਧੀ ਕਿਸੇ ਕਿਸਮ ਦੀ ਜਾਣਕਾਰੀ ਲਈ ਵੋਟਰ ਹੈਲਪ ਲਾਈਨ ਨੰਬਰ 1950 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।



# ਖਨੌਰੀ ਬਾਰਡਰ 'ਤੇ ਫ੍ਰੀ ਮੈਡੀਕਲ ਸੇਵਾਵਾਂ ਲਗਾਤਾਰ ਜਾਰੀ : ਚੀਮਾ, ਬੋਪਾਰਾਏ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਪਹਿਲੇ ਕਿਸਾਨੀ ਸੰਘਰਸ਼ ਦੀ ਤਰ੍ਹਾਂ ਦੂਸਰੇ ਕਿਸਾਨੀ ਮੋਰਚੇ 'ਚ ਵੀ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਫ੍ਰੀ ਮੈਡੀਕਲ ਸੇਵਾਵਾਂ ਲਗਾਤਾਰ ਜਾਰੀ ਹਨ।ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ 295 ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਪਿੰਡਾਂ ਕਸਬਿਆਂ ਵਿੱਚ ਪ੍ਰੈਕਟਿਸ ਕਰਦੇ ਡਾਕਟਰਾਂ ਦੀ ਹੰਗਾਮੀ ਮੀਟਿੰਗ ਪੱਟੀ ਮੋੜ ਵਿਖੇ ਹੋਈ ਜਿਸ ਵਿੱਚ ਸਾਰੇ ਡਾਕਟਰਾਂ ਨੇ ਹਾਜ਼ਰੀ ਭਰੀ, ਜਿਸ ਵਿਚ ਨਛੱਤਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਵੇਲੇ ਸਭ ਤੋਂ ਵੱਡੀ ਲੋੜ ਹੈ ਖਨੌਰੀ ਬਾਰਡਰ 'ਤੇ ਜਗਜੀਤ ਸਿੰਘ ਡੱਲੇਵਾਲ ਜੋ ਭੁੱਖ ਹੜਤਾਲ ਤੇ 37 ਦਿਨ ਤੋਂ ਮਨੁੱਖੀ ਅਧਿਕਾਰਾਂ ਦੀ ਖਾਤਰ ਸਮੂਹ ਕਿਸਾਨ ਸੰਯੁਕਤ ਮੋਰਚਾ ਸੜਕਾਂ 'ਤੇ ਬੈਠਣ ਲਈ ਮਜਬੂਰ ਹੋਏ ਹਨ।ਇਸ ਕੜਾਕੇ ਦੀ ਠੰਢ ਵਿੱਚ ਓਥੇ ਵੱਡੇ ਪੱਧਰ ਤੇ ਮੈਡੀਕਲ ਸੇਵਾਵਾਂ ਦੀ ਜ਼ਰੂਰਤ ਹੈ। ਜਥੇਬੰਦੀ ਦੇ ਪੰਜਾਬ ਪ੍ਰਧਾਨ ਧੰਨਾ ਮੱਲ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਿਸਾਨ ਅੰਦੋਲਨ ਵਿੱਚ ਲਗਾਤਾਰ ਫ੍ਰੀ ਮੈਡੀਕਲ ਕੈਂਪ ਚੱਲ ਰਿਹਾ ਹੈ ਜਿਸ ਵਿੱਚ ਪੰਜਾਬ ਦੇ ਹਰੇਕ ਜ਼ਿਲ੍ਹੇ ਤੋਂ ਪ੍ਰੈਕਟੀਸ਼ਨਰ ਜ਼ਿਲ੍ਹੇਵਾਰ ਮੈਡੀਕਲ ਸੇਵਾਵਾਂ ਨਿਭਾਅ ਰਹੇ ਹਨ। ਇਸੇ ਲੜੀ ਤਹਿਤ ਜ਼ਿਲ੍ਹਾ ਤਰਨ ਤਾਰਨ ਦੀ 3 ਜਨਵਰੀ ਤੋਂ 11 ਤੱਕ ਡਿਊਟੀ ਲਗਾਈ ਗਈ ਹੈ।ਜਿਸ ਵਿੱਚ ਸਾਰਿਆਂ ਨੇ ਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਅਸੀਂ ਪੂਰੀ ਤਨਦੇਹੀ ਨਾਲ ਕਿਸਾਨਾਂ ਨੂੰ ਫ੍ਰੀ ਮੈਡੀਕਲ ਸਹੂਲਤਾਂ ਪ੍ਰਦਾਨ ਕਰਨ ਲਈ ਅੰਦੋਲਨ ਵਿੱਚ ਜਾਵਾਂਗੇ।ਇਸ ਮੌਕੇ ਗੁਰਜੀਤ ਸਿੰਘ ਦੁੱਬਲੀ, ਜੈਮਲ ਸਿੰਘ ਸੈਦੋ, ਮਨਜੀਤ ਸਿੰਘ ਬੋਪਾਰਾਏ, ਸਰਦਾਰਾ ਸਿੰਘ, ਸੁਖਵਿੰਦਰ ਸਿੰਘ ਬੱਬੂ, ਦਲਜੀਤ ਸਿੰਘ ਵਲਟੋਹਾ, ਸ਼ਮਸ਼ੇਰ ਸਿੰਘ ਬਾਜਵਾ, ਅਮਰਜੀਤ ਸਿੰਘ, ਬਲਵਿੰਦਰ ਸਿੰਘ ਕੋਟਲੀ, ਅੰਗਰੇਜ਼ ਸਿੰਘ ਆਦਿ ਹਾਜ਼ਰ ਸਨ।

# ਨੱਤ ਦੇ ਸਰਪੰਚ ਪਤੀ-ਪਤਨੀ ਨੇ ਵਿਧਾਇਕ ਅਮਰਪਾਲ ਸਿੰਘ ਨਾਲ ਕੀਤੀ ਮੁਲਾਕਾਤ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਅਧੀਨ ਪੈਂਦੇ ਪਿੰਡ ਨੱਤ ਦੇ ਸਰਪੰਚ ਨਵਜੀਤ ਕੌਰ ਪਤਨੀ ਸੁਖਜਿੰਦਰ ਸਿੰਘ ਨੱਤ ਪੁੱਤਰ ਗਿਆਨ ਸਿੰਘ ਦੇ ਵੱਲੋਂ ਆਪਣੇ ਮੈਂਬਰਾਂ ਅਤੇ ਸਾਥੀਆਂ ਸਮੇਤ ਹਲਕਾ ਵਿਧਾਇਕ ਸ੍ਰੀ ਹਰਗੋਬਿੰਦਪੁਰ ਸਾਹਿਬ ਐਡਵੋਕੇਟ ਅਮਰਪਾਲ ਸਿੰਘ ਦੇ ਨਾਲ ਮੁਲਾਕਾਤ ਕੀਤੀ ਅਤੇ ਵਿਕਾਸ ਸਬੰਧੀ ਵੱਖ-ਵੱਖ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ।ਇਸ ਸਬੰਧੀ ਸਰਪੰਚ ਨਵਜੀਤ ਕੌਰ ਦੇ ਪਤੀ ਸੁਖਜਿੰਦਰ ਸਿੰਘ ਨੱਤ ਨੇ ਦੱਸਿਆ ਕਿ ਪਿੰਡ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਪੰਜਾਬ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਅਤੇ ਹੋਣ ਵਾਲੇ ਪਿੰਡਾਂ ਦੇ ਵਿੱਚ ਵਿਕਾਸ ਪਹਿਲ ਦੇ ਆਧਾਰ ਤੇ ਪਿੰਡ ਨੱਤ ਵਿੱਚ ਕਰਵਾਏ ਜਾਣਗੇ।ਉਨ੍ਹਾਂ ਕਿਹਾ ਕਿ ਸਮੁੱਚੀ ਪੰਚਾਇਤ ਐਡਵੋਕੇਟ ਅਮਰਪਾਲ ਸਿੰਘ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਚੱਲੇਗੀ।ਇਸ ਦੌਰਾਨ ਐਡਵੋਕੇਟ ਅਮਰਪਾਲ ਸਿੰਘ ਵੱਲੋਂ ਵੀ ਸਰਪੰਚ ਸਮੇਤ ਪੰਚਾਇਤ ਨੂੰ ਵਿਸ਼ਵਾਸ ਦਿਵਾਇਆ ਕਿ ਪਿੰਡ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਲੋਕਾਂ ਨੂੰ ਪਹਿਲ ਦੇ ਆਧਾਰ 'ਤੇ ਦਿੱਤੀਆਂ ਜਾਣਗੀਆਂ।ਇਸ ਮੌਕੇ ਸਰਪੰਚ ਨਵਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਸੁਖਜਿੰਦਰ ਸਿੰਘ ਨੱਤ ਨੇ ਆਪਣੇ ਸਮੁੱਚੇ ਪਿੰਡ ਵਾਸੀਆਂ ਅਤੇ ਸਮਰਥਕਾਂ ਦਾ ਧੰਨਵਾਦ ਕੀਤਾ।ਇਸ ਮੌਕੇ ਉਨ੍ਹਾਂ ਦੇ ਨਾਲ ਮੈਂਬਰ ਰਾਜਵਿੰਦਰ ਸਿੰਘ, ਮੈਂਬਰ ਅਮਰਜੀਤ ਕੌਰ, ਮੈਂਬਰ ਮਨਦੀਪ ਕੌਰ, ਮੈਂਬਰ ਪ੍ਰਵੀਨ ਕੌਰ ਤੋਂ ਇਲਾਵਾ ਸਾਬਕਾ ਮੈਂਬਰ ਕਾਬਲ ਸਿੰਘ, ਲੰਬੜਦਾਰ ਜਸਵੰਤ ਸਿੰਘ, ਸਿਕੰਦਰ ਸਿੰਘ, ਦਿਲਬਾਗ ਸਿੰਘ ਸਾਬਕਾ ਸਰਪੰਚ, ਸੁਰਜੀਤ ਸਿੰਘ ਫੌਜੀ, ਚੰਚਲ ਸਿੰਘ, ਜਸਵੰਤ ਸਿੰਘ, ਜਗਤਾਰ ਸਿੰਘ, ਕੈਪਟਨ ਕੁਲਦੀਪ ਸਿੰਘ, ਸੂਬੇਦਾਰ ਬਲਵਿੰਦਰ ਸਿੰਘ, ਧਿਆਨ ਸਿੰਘ, ਸੂਬੇਦਾਰ ਜਗਦੇਵ ਸਿੰਘ, ਮੱਖਣ ਸਿੰਘ ਸਾਬਕਾ ਮੈਂਬਰ, ਨਰਿੰਦਰ ਸਿੰਘ, ਤਰਲੋਕ ਸਿੰਘ ਬੰਬੇ ਵਾਲੇ, ਮਲੂਕ ਸਿੰਘ, ਬਚਿੱਤਰ ਸਿੰਘ, ਦਵਿੰਦਰ ਸਿੰਘ, ਬਲਵਿੰਦਰ ਸਿੰਘ ਫੌਜੀ, ਲਾਲ ਸਿੰਘ, ਬਖਸ਼ੀਸ਼ ਸਿੰਘ, ਸਤਨਾਮ ਸਿੰਘ, ਹਰਬੰਸ ਸਿੰਘ, ਸਰਬਜੀਤ ਸਿੰਘ ਅਤੇ ਸੁਰਜੀਤ ਸਿੰਘ ਆਦਿ ਹਾਜ਼ਰ ਸਨ।

# ਰੈਵੀਨਿਊ ਪਟਵਾਰ ਯੂਨੀਅਨ ਤੇ ਕਾਨੂੰਗੋ ਐਸੋਸੀਏਸ਼ਨ ਵੱਲੋਂ ਖ਼ੂਨਦਾਨ ਕੈਂਪ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਦਿ ਰੈਵੀਨਿਊ ਪਟਵਾਰ ਯੂਨੀਅਨ ਅਤੇ ਕਾਨੂੰਗੋ ਐਸੋਸੀਏਸ਼ਨ ਵੱਲੋਂ ਨਵੇਂ ਸਾਲ ਦੀ ਖ਼ੁਸ਼ੀ ਵਿੱਚ ਗੁਰਦੁਆਰਾ ਸਿੰਘ ਸਭਾ, ਗੁਰਦਾਸਪੁਰ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਦਿ ਰੈਵੀਨਿਊ ਪਟਵਾਰ ਯੂਨੀਅਨ ਅਤੇ ਕਾਨੂੰਗੋ ਐਸੋਸੀਏਸ਼ਨ ਵੱਲੋਂ ਇੱਕ ਵਿਸ਼ੇਸ਼ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ, ਜਿੱਥੇ ਪਟਵਾਰੀਆਂ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਖ਼ੂਨਦਾਨ ਕੀਤਾ ਗਿਆ।ਇਸ ਮੌਕੇ ਐੱਸ. ਡੀ. ਐੱਮ. ਗੁਰਦਾਸਪੁਰ ਡਾ. ਕਰਮਜੀਤ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਜਸਕਰਨ ਸਿੰਘ, ਤਹਿਸੀਲਦਾਰ ਰਤਨਜੀਤ ਸਿੰਘ ਖੁੱਲਰ, ਦਵਿੰਦਰ ਸਿੰਘ ਰੰਧਾਵਾ ਸੀਨੀਅਰ ਮੀਤ ਪ੍ਰਧਾਨ ਪੰਜਾਬ, ਹਰਸਿਮਰਨਜੀਤ ਸਿੰਘ ਜ਼ਿਲ੍ਹਾ ਪ੍ਰਧਾਨ, ਜ਼ਿਲ੍ਹੇ ਦੀਆਂ ਸਾਰੀਆਂ ਤਹਿਸੀਲਾਂ ਦੇ ਪ੍ਰਧਾਨ ਵਰਿਆਮ ਸਿੰਘ, ਪਰਮਿੰਦਰ ਸਿੰਘ ਬਾਠ, ਸੁਰਿੰਦਰ ਸਿੰਘ, ਦੀਪਮ ਸਿੰਘ, ਗੁਲਾਬ ਸਿੰਘ, ਜਸਕਰਨ ਸਿੰਘ, ਕਾਕਾ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਸਤਬੀਰ ਸਿੰਘ, ਗੁਰਪਾਲ ਸਿੰਘ, ਮਨਜੀਤ ਸਿੰਘ, ਕਾਨੂੰਗੋ ਐਸੋਸੀਏਸ਼ਨ ਵੱਲੋਂ ਸੁਰਜੀਤ ਸਿੰਘ ਸੈਣੀ, ਸਤਵਿੰਦਰ ਸਿੰਘ ਸੈਣੀ, ਮਨਦੀਪ ਕੁਮਾਰ, ਅਸ਼ੋਕ ਕੁਮਾਰ ਆਦਿ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।ਨਵੇਂ ਸਾਲ ਦੀ ਵਧਾਈ ਦਿੰਦੇ ਹੋਏ ਐੱਸ. ਡੀ. ਐੱਮ. ਗੁਰਦਾਸਪੁਰ ਡਾ. ਕਰਮਜੀਤ ਸਿੰਘ ਨੇ ਕਾਮਨਾ ਕੀਤੀ ਕਿ ਇਹ ਨਵਾਂ ਵਰ੍ਹਾ ਹਰ ਕਿਸੇ ਲਈ ਖ਼ੁਸ਼ੀਆਂ, ਖੇੜੇ, ਤੰਦਰੁਸਤੀ, ਤਰੱਕੀ ਅਤੇ ਖ਼ੁਸ਼ਹਾਲੀ ਲੈ ਕੇ ਆਵੇ।ਉਨ੍ਹਾਂ ਮਾਲ ਵਿਭਾਗ ਦੇ ਪਟਵਾਰੀਆਂ ਤੇ ਕਾਨੂੰਗੋਆਂ ਨੂੰ ਕਿਹਾ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਪਾਰਦਰਸ਼ਤਾ, ਤਨਦੇਹੀ ਅਤੇ ਇਮਾਨਦਾਰੀ ਨਾਲ ਕਰਨ ਅਤੇ ਲੋਕਾਂ ਦੇ ਕੰਮਾਂ ਨੂੰ ਮੈਰਿਟ ਦੇ ਅਧਾਰ 'ਤੇ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਇਸ ਨਵੇਂ ਵਰ੍ਹੇ ਗੁੱਡ ਗਵਰਨੈਂਸ ਤਹਿਤ ਆਪਣੀ ਡਿਊਟੀ ਨੂੰ ਹੋਰ ਸਮਰਪਿਤ ਹੋ ਕੇ ਕੀਤਾ ਜਾਵੇ।



# ਜ਼ਿਲ੍ਹਾ ਪ੍ਰਸ਼ਾਸਨ ਨੇ 1700 ਟੀ ਬੀ ਮਰੀਜ਼ਾਂ ਨੂੰ ਖ਼ੁਰਾਕ ਮੁਹੱਈਆ ਕਰਵਾਉਣ ਲਈ ਲਿਆ ਗੋਦ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**

ਰਾਸ਼ਟਰੀ ਤਪਦਿਕ ਮਿਟਾਓ ਪ੍ਰੋਗਰਾਮ ਤਹਿਤ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵਲੋਂ ਟੀ. ਬੀ. ਮੁਕਤ ਭਾਰਤ ਅਭਿਆਨ ਤਹਿਤ 100 ਦਿਨਾਂ ਦੀ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ।ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਸਿਰਫ ਖੰਘ ਹੀ ਟੀ. ਬੀ. ਦਾ ਲੱਛਣ ਨਹੀਂ, ਜੇਕਰ ਤੁਹਾਨੂੰ ਬਲਗਮ ਵਾਲੀ ਖੰਘ, ਖੂਨ ਆਉਣਾ, ਬੁਖਾਰ ਹੋਣਾ, ਛਾਤੀ ਵਿੱਚ ਦਰਦ, ਸਰੀਰਕ ਬਦਲਾਅ, ਭਾਰ ਘਟਣਾ, ਰਾਤ ਨੂੰ ਪਸੀਨਾ ਆਉਣਾ, ਪੁਰਾਣੀ ਬਿਮਾਰੀ, ਜਾਂ ਥਕਾਵਟ ਹੁੰਦੀ ਹੋਵੇ ਤਾਂ ਇਨਾਂ ਚੀਜ਼ਾਂ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਸਾਰੇ ਮਿੱਤਰ ਬਣ ਕੇ ਟੀ. ਬੀ. ਦੇ ਮਰੀਜ਼ਾਂ ਦੀ ਮਦਦ ਕਰੀਏ।ਦੱਸਣਯੋਗ ਹੈ ਕਿ ਇਸ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 1700 ਟੀ. ਬੀ. ਦੇ ਮਰੀਜ਼ਾਂ ਨੂੰ ਖੁਰਾਕ ਮੁਹੱਈਆ ਕਰਾਉਣ ਲਈ ਗੋਦ ਲਿਆ ਗਿਆ ਹੈ, ਜਿਸ ਵਿਚੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਵੀ ਟੀ. ਬੀ. ਦੇ 100 ਮਰੀਜ਼ਾਂ ਨੂੰ ਅਡਾਪਟ ਕੀਤਾ ਹੈ ਅਤੇ ਉਨ੍ਹਾਂ ਦਾ ਸਾਰਾ ਖਰਚਾ ਇਹ ਅਧਿਕਾਰੀ ਆਪਣੀ ਜੇਬ ਵਿਚੋਂ ਖਰਚ ਕਰਨਗੇ।ਦੱਸਣਯੋਗ ਹੈ ਕਿ ਡਿਪਟੀ ਕਮਿਸ਼ਨਰ ਵੱਲੋਂ 10 ਮਰੀਜ਼ਾਂ ਨੂੰ ਅਡਾਪਟ ਕੀਤਾ ਗਿਆ ਹੈ।ਇਸ ਤੋਂ ਇਲਾਵਾ ਪ੍ਰਸ਼ਾਸਨ ਦੇ ਹੋਰ ਅਧਿਕਾਰੀਆਂ ਵੱਲੋਂ ਵੀ ਟੀ. ਬੀ. ਦੇ ਮਰੀਜ਼ਾਂ ਨੂੰ ਅਡਾਪਟ ਕੀਤਾ ਜਾ ਰਿਹਾ ਹੈ ਤਾਂ ਜੋ ਜ਼ਿਲ੍ਹੇ ਨੂੰ ਟੀ. ਬੀ. ਮੁਕਤ ਬਣਾਇਆ ਜਾ ਸਕੇ।ਉਨ੍ਹਾਂ ਦੱਸਿਆ ਕਿ ਜੋ ਮਰੀਜ਼ ਆਰਥਿਕ ਤੌਰ ਉਤੇ ਅਸਮਰੱਥ ਹੋਣ ਕਾਰਨ ਸਹੀ ਖੁਰਾਕ ਨਹੀਂ ਲੈ ਰਹੇ, ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਵਪਾਰਕ ਅਦਾਰਿਆਂ, ਰੈੱਡ ਕਰਾਸ, ਧਾਰਮਿਕ ਸੰਸਥਾਵਾਂ ਅਤੇ ਦਾਨੀ ਪੁਰਸ਼ਾਂ ਦੇ ਸਹਿਯੋਗ ਨਾਲ ਹਰ ਮਹੀਨੇ ਖੁਰਾਕ ਮੁਹੱਈਆ ਕਰਵਾਈ ਜਾਵੇ।ਡਿਪਟੀ ਕਮਿਸ਼ਨਰ ਨੇ ਅੰਮ੍ਰਿਤਸਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਨੇਕ ਕਾਰਜ ਲਈ ਅੱਗੇ ਆਉਣ।ਉਨ੍ਹਾਂ ਕਿਹਾ ਕਿ ਜੋ ਲੋਕ ਆਪਣਾ ਜਨਮ ਦਿਨ, ਵਰ੍ਹਗੰਢ ਦੇ ਮੌਕਿਆਂ 'ਤੇ ਟੀ. ਬੀ. ਦੇ ਮਰੀਜ਼ਾਂ ਨੂੰ ਅਡਾਪਟ ਕਰਨ ਅਤੇ ਲੋੜਵੰਦ ਮਰੀਜ਼ਾਂ ਦੀ ਖ਼ੁਰਾਕ ਅਤੇ ਦਵਾਈ ਦਾ ਪ੍ਰਬੰਧ ਕਰਨ ਤਾਂ ਜੋ ਉਨ੍ਹਾਂ ਦੇ ਇਹ ਦਿਨ ਯਾਦਗਾਰ ਬਣ ਸਕਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਟੀ. ਬੀ. ਦੇ ਮਰੀਜ਼ਾਂ ਲਈ ਹੈਲਪਲਾਈਨ ਨੰਬਰ 0183-2422155 ਅਤੇ ਮੋਬਾਇਲ ਨੰਬਰ 90564-54988 ਜਾਰੀ ਕੀਤਾ ਗਿਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੋ ਵਿਅਕਤੀ ਟੀ. ਬੀ. ਦੇ ਮਰੀਜ਼ਾਂ ਨੂੰ ਅਡਾਪਟ ਕਰਨਾ ਚਾਹੁੰਦੇ ਹਨ ਉਹ ਇਸ ਨੇਕ ਕੰਮ ਲਈ ਦਿੱਤੇ ਗਏ ਹੈਲਪਲਾਈਨ ਨੰਬਰ ਉਪਰ ਸੰਪਰਕ ਕਰ ਸਕਦੇ ਹਨ ਅਤੇ ਨਿ-ਕਸ਼ੈ ਪੋਰਟਲ 'ਤੇ ਰਜਿਸਟਰਡ ਹੋ ਕੇ ਲੋੜਵੰਦਾਂ ਦੀ ਮਦਦ ਵੀ ਕਰ ਸਕਦੇ ਹਨ।

# ਚੇਅਰਮੈਨ ਪਨੂੰ ਨੇ ਸੜਕ 'ਚੋਂ ਡਿਵਾਈਡਰ ਦਾ ਅੜਿੱਕਾ ਦੂਰ ਕਰਵਾਇਆ



**ਫਤਿਹਗੜ੍ਹ ਚੂੜੀਆਂ/ਬਟਾਲਾ (ਡਾ. ਮਲਵਿੰਦਰ ਸਿੰਘ)**—ਬਲਬੀਰ ਸਿੰਘ ਪਨੂੰ ਚੇਅਰਮੈਨ ਪਨਸਪ ਪੰਜਾਬ ਵੱਲੋਂ ਵਿਧਾਨ ਸਭਾ ਹਲਕਾ ਫਤਿਹਗੜ੍ਹ ਚੂੜੀਆਂ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਲੋਕਾਂ ਨੂੰ ਮਿਲ ਕੇ ਹਲਕੇ ਦੇ ਵਿਕਾਸ ਲਈ ਉਪਰਾਲੇ ਕੀਤੇ ਜਾ ਰਹੇ ਹਨ।ਪਨੂੰ ਵੱਲੋਂ ਸ਼ਹਿਰ ਫਤਿਹਗੜ੍ਹ ਚੂੜੀਆਂ ਦੇ ਵਾਸੀਆਂ ਦੀ ਮੰਗ ਨੂੰ ਮੁੱਖ ਰੱਖਦਿਆਂ ਫਤਿਹਗੜ੍ਹ ਚੂੜੀਆਂ ਤੋਂ ਬਟਾਲਾ ਰੋਡ ਪੈਟਰੋਲ ਪੰਪ ਦੇ ਨੇੜੇ ਬਣੇ ਡਵਾਈਡਰ ਜੋ ਐਕਸੀਡੈਂਟਾਂ ਦਾ ਕਾਰਨ ਬਣਦੇ ਸਨ, ਇਸ ਨੂੰ ਸੜਕ ਵਿੱਚੋਂ ਹਟਾ ਕੇ ਸਹੀ ਕੀਤਾ ਜਾ ਰਿਹਾ ਹੈ ਤਾਂ ਜੋ ਆਉਣ ਵਾਲੇ ਵਾਹਨਾਂ ਨੂੰ ਦੁਰਘਟਨਾ ਗ੍ਰਸਤ ਹੋਣ ਤੋਂ ਬਚਾਇਆ ਜਾ ਸਕੇ।ਇਸ ਮੌਕੇ ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਸਰਪੰਚ ਹਰਦੀਪ ਸਿੰਘ ਦਮੋਦਰ, ਰਘਬੀਰ ਸਿੰਘ ਅਠਵਾਲ, ਮਲਜਿੰਦਰ ਸਿੰਘ ਪੁਰੀਆ, ਨਵੀਸ਼ ਨੰਦਾ ਫਤਿਹਗੜ੍ਹ ਚੂੜੀਆਂ, ਸੁਖਦੇਵ ਸਿੰਘ, ਰਿੰਕੂ ਘਸੀਟਪੁਰਾ, ਕਰਨ ਬਾਠ, ਹਰਪ੍ਰੀਤ ਸਿੰਘ ਖਜਾਨਾਕੋਟ, ਗੁਰ ਪ੍ਰਤਾਪ ਸਿੰਘ ਪੱਤੀ ਬਾਠ, ਗੁਰਦੇਵ ਸਿੰਘ ਔਜਲਾ, ਕੁਲਬੀਰ ਸਿੰਘ ਅਲੀਵਾਲ, ਗਗਨਦੀਪ ਸਿੰਘ ਕੋਟਲਾ ਬਾਮਾ, ਕਰਮਜੀਤ ਸਿੰਘ ਬਰਾੜ ਤੇ ਜਗਜੀਤ ਸਿੰਘ ਆਜ਼ਮਪੁਰ ਹਾਜ਼ਰ ਸਨ।

# ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਬਰਸੀ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਬਰਸੀ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਭੋਗ ਪਾਏ ਗਏ।ਭੋਗ ਮਗਰੋਂ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੇਵ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ।ਅਰਦਾਸ ਭਾਈ ਕੁਲਵੰਤ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਕੇਵਲ ਸਿੰਘ ਨੇ ਲਿਆ।ਗਿਆਨੀ ਕੇਵਲ ਸਿੰਘ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਯਾਦ ਕੀਤਾ।ਇਸ ਮੌਕੇ ਹਾਜ਼ਰ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਜਥੇਦਾਰ ਕਾਉਂਕੇ ਪੰਥਪ੍ਰਸਤ ਅਤੇ ਸਿੱਖੀ ਨੂੰ ਸਮਰਪਤ ਗੁਰਸਿੱਖ ਸਨ, ਜਿਨ੍ਹਾਂ ਦੀ ਕੁਰਬਾਨੀ ਨੂੰ ਕੌਮ ਹਮੇਸ਼ਾ ਸਤਿਕਾਰ ਦਿੰਦੀ ਰਹੇਗੀ।ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸਕੱਤਰ ਪ੍ਰਤਾਪ ਸਿੰਘ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਹਰਭਜਨ ਸਿੰਘ ਵਕਤਾ, ਸੁਖਬੀਰ ਸਿੰਘ, ਸਾਬਕਾ ਸਕੱਤਰ ਜਗਜੀਤ ਸਿੰਘ ਜੱਗੀ, ਸੁਪਰਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਮੇਜਰ ਸਿੰਘ, ਮੈਨੇਜਰ ਨਰਿੰਦਰ ਸਿੰਘ, ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਜੁਗਰਾਜ ਸਿੰਘ, ਭਾਈ ਗੁਰਦੇਵ ਸਿੰਘ ਦੇ ਪਰਿਵਾਰ ਵਿਚੋਂ ਅਬਜੋਤ ਸਿੰਘ, ਹਰਜੋਤ ਸਿੰਘ, ਵਜੀਰ ਸਿੰਘ, ਮਨਜਿੰਦਰ ਸਿੰਘ, ਮਨਜੀਤ ਸਿੰਘ ਸਮੇਤ ਹੋਰ ਹਾਜ਼ਰ ਸਨ।



# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ

ਗੁਰਦਾਸਪੁਰ (ਜਨਕ ਮਹਾਜਨ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਨਵੇਂ ਸਾਲ 2025 ਦੀ ਵਧਾਈ ਦਿੱਤੀ ਹੈ। ਨਵੇਂ ਸਾਲ ਦੀ ਮੁਬਾਰਕਬਾਦ ਦਿੰਦਿਆਂ ਉਮਾ ਸ਼ੰਕਰ ਗੁਪਤਾ ਨੇ ਅਰਦਾਸ ਕੀਤੀ ਕਿ ਸਾਲ 2025 ਜ਼ਿਲ੍ਹਾ ਵਾਸੀਆਂ ਸਮੇਤ ਸੂਬੇ ਅਤੇ ਦੁਨੀਆ ਭਰ ਵਿੱਚ ਵੱਸਦੇ ਪੰਜਾਬੀਆਂ ਲਈ ਖ਼ੁਸ਼ੀਆਂ-ਖੇੜੇ, ਅਮਨ-ਸ਼ਾਂਤੀ ਅਤੇ ਖ਼ੁਸ਼ਹਾਲੀ ਲੈ ਕੇ ਆਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਵੇਂ ਸਾਲ ਵਿੱਚ ਵੀ ਮਹਾਨ ਆਜ਼ਾਦੀ ਘੁਲਾਟੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪੂਰੀ ਦ੍ਰਿੜ੍ਹਤਾ ਤੇ ਇਮਾਨਦਾਰੀ ਨਾਲ ਕੰਮ ਕੀਤਾ ਜਾਵੇਗਾ ਤਾਂ ਜੋ ਵਿਕਾਸ ਦਾ ਅਸਰ ਜ਼ਮੀਨੀ ਪੱਧਰ 'ਤੇ ਦਿਸੇ ਅਤੇ ਖ਼ਾਸ ਕਰਕੇ ਗ਼ਰੀਬ ਵਰਗ ਦੇ ਜੀਵਨ ਨੂੰ ਸੁਖਾਲਾ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਭਾਈਚਾਰਕ ਸਾਂਝ, ਸ਼ਾਂਤੀ ਅਤੇ ਸਦਭਾਵਨਾ ਦੇ ਬੰਧਨਾਂ ਨੂੰ ਮਜ਼ਬੂਤ ਕਰਨ ਦੇ ਨਾਲ ਵਿਕਾਸ ਤੇ ਖ਼ੁਸ਼ਹਾਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਜਾਵੇਗੀ। ਉਨ੍ਹਾਂ ਨੇ ਲੋਕਾਂ ਨੂੰ ਕੌਮੀ ਏਕਤਾ, ਸ਼ਾਂਤੀ, ਪਿਆਰ ਅਤੇ ਧਾਰਮਿਕ ਸਹਿਣਸ਼ੀਲਤਾ ਦੇ ਬੰਧਨਾਂ ਨੂੰ ਹੋਰ ਮਜ਼ਬੂਤ ਕਰਨ ਲਈ ਮਹਾਨ ਗੁਰੂਆਂ, ਸੰਤਾਂ ਅਤੇ ਪੀਰਾਂ-ਪੈਗ਼ੰਬਰਾਂ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਸੱਦਾ ਦਿੱਤਾ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਤ ਨਗਰ ਕੀਰਤਨ ਸਜਾਇਆ



ਗੁਰਦਾਸਪੁਰ (ਜਨਕ ਮਹਾਜਨ)- ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੇ ਸੰਬੰਧ ਵਿੱਚ ਪਿੰਡ ਭੈਣੀ ਪਸਵਾਲ ਦੇ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਸਿੰਘ ਸਭਾ ਚੜ੍ਹਦੀ ਪਤੀ ਪਿੰਡ ਭੈਣੀ ਪਸਵਾਲ ਤੋਂ ਅਰੰਭ ਹੋ ਕੇ ਪਿੰਡਾਂ ਭੈਣੀ ਮੀਲਮਾਂ, ਸੈਦੋਵਾਲ ਕਲਾਂ, ਪਿੰਡ ਨੰਗਲੀ, ਸ਼ਾਹੂ ਨੰਗਲ, ਜਾਤੀ ਸਰਾਏ, ਗੁਨੋਪੁਰ, ਸੈਦੋਵਾਲ ਖ਼ੁਰਦ, ਜਾਗੋਵਾਲ ਬੇਟ, ਕਠਾਣਾ ਤੋਂ ਹੁੰਦਾ ਹੋਇਆ ਵਾਪਸ ਅਰੰਭਕ ਸਥਾਨ 'ਤੇ ਸਮਾਪਤ ਹੋਇਆ। ਸੇਵਾ ਮੁਕਤ ਇਸਪੈਕਟਰ ਮਨਮੋਹਨ ਸਿੰਘ ਨੇ ਦੱਸਿਆ ਕਿ ਪ੍ਰਧਾਨ ਲਖਬੀਰ ਸਿੰਘ ਦੇ ਉਦਮ ਸਦਕਾ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਸਵੇਰੇ 10 ਵਜੇ ਦੇ ਕਰੀਬ ਆਰੰਭ ਹੋਇਆ ਜਿਸ ਵਿੱਚ ਹਾਥੀ, ਘੋੜੇ ਝਾਕੀਆਂ ਆਦਿ ਬੈਂਡ ਬਾਜੇ ਵਾਲਿਆਂ ਨੇ ਬੜੀ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਜਹਾਜ਼ ਰਾਹੀਂ ਫੁੱਲਾਂ ਦੀ ਵਰਖਾ ਵੀ ਕੀਤੀ ਗਈ। ਇਸ ਨਗਰ ਕੀਰਤਨ ਦਾ ਪਿੰਡ ਸੈਦੋਵਾਲ ਕਲਾਂ ਵਿਖੇ ਸਰਪੰਚ ਮਲਕੀਤ ਸਿੰਘ ਸਮੇਤ ਵੱਖ-ਵੱਖ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਪਿੰਡ ਦੇ ਸਰਪੰਚ ਜਸਪਾਲ ਸਿੰਘ, ਸਾਬਕਾ ਸਰਪੰਚ ਹਰਦੀਪ ਸਿੰਘ, ਮਨਮੋਹਨ ਸਿੰਘ, ਸੈਕਟਰੀ ਦਿਆ ਪਾਲ ਸਿੰਘ, ਸਰਬਜੀਤ ਸਿੰਘ, ਭੁਪਿੰਦਰ ਸਿੰਘ, ਮਨਜੀਤ ਸਿੰਘ, ਗੁਰਬਚਨ ਸਿੰਘ ਮੈਂਬਰ ਆਦਿ ਹਾਜ਼ਰ ਸਨ।

# ਤਖ਼ਤਾਂ ਦੇ ਜਥੇਦਾਰ ਸਾਹਿਬਾਨ ਦੀ ਸੇਵਾ ਦੇ ਨਿਯਮ ਘੜੇ ਜਾਣਾ ਸਮੇਂ ਦੀ ਮੁੱਖ ਲੋੜ : ਡਾ. ਨਿੱਜਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਪਿਛਲੇ ਕੁਝ ਦਿਨਾਂ ਤੋਂ ਸਿੱਖ ਕੌਮ ਅੰਦਰ ਚੱਲ ਰਹੇ ਵਿਵਾਦ ਉਪਰ ਚਿੰਤਾ ਜ਼ਾਹਰ ਕਰਦਿਆਂ ਡਾ. ਇੰਦਰਬੀਰ ਸਿੰਘ ਨਿੱਜਰ ਪ੍ਰਧਾਨ ਚੀਫ ਖ਼ਾਲਸਾ ਦੀਵਾਨ ਨੇ ਜਾਰੀ ਪ੍ਰੈੱਸ ਨੋਟ ਵਿੱਚ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪਿਛਲੀਆਂ ਮੀਟਿੰਗਾਂ ਵਿੱਚ ਜਿਵੇਂ ਜਥੇਦਾਰ ਹਰਪ੍ਰੀਤ ਸਿੰਘ ਦੀਆਂ ਕੁਝ ਦਿਨਾਂ ਲਈ ਸੇਵਾਵਾਂ ਮੁਅੱਤਲ ਕਰਕੇ ਉਨ੍ਹਾਂ ਖਿਲਾਫ ਤਿੰਨ ਮੈਂਬਰੀ ਜਾਂਚ ਕਮੇਟੀ ਬਿਠਾਉਣ ਦੇ ਫੈਸਲੇ ਹੋਏ ਸਨ ਉਨ੍ਹਾਂ ਫੈਸਲਿਆਂ ਤੋਂ ਸਿੱਖ ਭਾਵਨਾਵਾਂ ਬਹੁਤ ਦੁਖੀ ਹੋਈਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਅਤੇ ਹੋਰ ਪ੍ਰਮੁੱਖ ਅਹੁਦਿਆਂ ਦੇ ਸੇਵਾਦਾਰਾਂ ਦੇ ਸੇਵਾ ਨਿਯਮ ਨਹੀਂ ਘੜੇ ਜਾਂਦੇ ਉਦੋਂ ਤੱਕ ਕੌਮ ਲਈ ਅਜਿਹੀਆਂ ਮੁਸ਼ਕਲਾਂ ਆਉਣਾ ਸੁਭਾਵਿਕ ਹੈ।ਉਨ੍ਹਾਂ ਆਖਿਆ ਕਿ 29 ਮਾਰਚ 2000 ਨੂੰ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਬਤੌਰ ਅਕਾਲ ਤਖਤ ਜਥੇਦਾਰ ਇਹ ਹੁਕਮਨਾਮਾ ਜਾਰੀ ਕੀਤਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਲਦੀ ਤੋਂ ਜਲਦੀ ਗੁਰਮਤਿ ਸੋਚ ਵਾਲੇ ਮਾਹਿਰਾਂ ਦੀ ਕਮੇਟੀ ਦੀ ਸਥਾਪਨਾ ਕਰਕੇ ਤਖਤ ਸਾਹਿਬਾਨ ਦੇ ਜਥੇਦਾਰ ਅਤੇ ਮੁੱਖ ਗ੍ਰੰਥੀ ਸਾਹਿਬਾਨ ਦੇ ਸੇਵਾ ਨਿਯਮ ਜਿਵੇਂ ਕਿ ਨਿਯੁਕਤੀ ਲਈ ਯੋਗਤਾਵਾਂ, ਉਨ੍ਹਾਂ ਦਾ ਕਾਰਜ ਖੇਤਰ, ਕਾਰਜ ਵਿਧੀ, ਅਧਿਕਾਰ, ਜ਼ਿੰਮੇਵਾਰੀਆਂ ਅਤੇ ਸੇਵਾ ਮੁਕਤੀ ਆਦਿ ਦੇ ਨਿਯਮ ਨਿਰਧਾਰਿਤ ਕੀਤੇ ਜਾਣ।ਸ. ਜਗਜੀਤ ਸਿੰਘ, ਮੀਤ ਪ੍ਰਧਾਨ, ਚੀਫ ਖਾਲਸਾ ਦੀਵਾਨ ਨੇ ਕਿਹਾ ਕਿ ਜਦ ਤੱਕ ਤਖਤ ਸਾਹਿਬਾਨ ਦੇ ਜਥੇਦਾਰਾਂ ਦੇ ਅਧਿਕਾਰ ਅਤੇ ਹੋਰ ਸੇਵਾ ਨਿਯਮ ਨਿਰਧਾਰਤ ਨਹੀਂ ਕੀਤੇ ਜਾਣਗੇ ਉਦੋਂ ਤੱਕ ਸਿਆਸੀ ਲੋਕ ਆਪਣਾ ਪ੍ਰਭਾਵ ਪਾ ਕੇ ਮਨ ਮਰਜ਼ੀ ਦੇ ਫੈਸਲੇ ਕਰਵਾਉਂਦੇ ਰਹਿਣਗੇ ਅਤੇ ਇਸ ਤਰ੍ਹਾਂ ਅਕਾਲ ਤਖਤ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਬਾਰ-ਬਾਰ ਸੰਤੁਲਨ ਵਿਗੜਦਾ ਰਹੇਗਾ।ਉਨ੍ਹਾਂ ਆਖਿਆ ਕਿ ਚੀਫ ਖਾਲਸਾ ਦੀਵਾਨ ਸਮੁੱਚੇ ਖਾਲਸਾ ਪੰਥ ਨੂੰ ਇਹ ਅਪੀਲ ਕਰਦਾ ਹੈ ਕਿ ਸਾਨੂੰ ਸਭ ਇਕਜੁੱਟਤਾ ਦਿਖਾਉਂਦੇ ਹੋਏ ਇਸ ਹੁਕਮਨਾਮੇ ਨੂੰ ਲਾਗੂ ਕਰਵਾਉਣ ਲਈ ਯਤਨ ਕਰਨੇ ਚਾਹੀਦੇ ਹਨ।ਐਡੀਸ਼ਨਲ ਆਨਰੇਰੀ ਸਕੱਤਰ, ਸੁਖਜਿੰਦਰ ਸਿੰਘ ਪ੍ਰਿੰਸ ਨੇ ਗਿਆਨੀ ਹਰਪ੍ਰੀਤ ਸਿੰਘ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਅਸੀਂ ਜਥੇਦਾਰ ਸਾਹਿਬ ਦੇ ਨਾਲ ਪੂਰੀ ਦ੍ਰਿੜਤਾ ਨਾਲ ਖੜ੍ਹੇ ਹਾਂ ਅਤੇ ਭਵਿੱਖ ਵਿੱਚ ਵੀ ਕੌਮ ਦੀ ਸਿਰਮੌਰ ਸੰਸਥਾ ਚੀਫ ਖਾਲਸਾ ਦੀਵਾਨ ਆਪਣਾ ਫਰਜ਼ ਨਿਭਾਉਂਦੇ ਹੋਏ ਉਨ੍ਹਾਂ ਦੀਆਂ ਸੇਵਾਵਾਂ ਲਈ ਤਤਪਰ ਰਹੇਗੀ।



# ਕੁੜੀਆਂ ਦੀ ਜਨਮ ਦਰ ਵਧਾਉਣ ਲਈ ਯਤਨ ਜਾਰੀ : ਸਿਵਲ ਸਰਜਨ



ਗੁਰਦਾਸਪੁਰ (ਦਿਨੇਸ਼ ਕੁਮਾਰ)- ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਸਮਾਗਮ ਦਫਤਰ ਸਿਵਲ ਸਰਜਨ ਵਿਖੇ ਸਿਵਲ ਸਰਜਨ ਗੁਰਦਾਸਪੁਰ ਡਾ. ਭਾਰਤ ਭੂਸ਼ਨ ਦੀ ਅਗਵਾਈ ਹੇਠ ਕਰਵਾਇਆ ਗਿਆ। ਸਮਾਗਮ ਦਾ ਉਦੇਸ਼ ਕੁੜੀਆਂ ਦੀ ਜਨਮ ਦਰ ਵਧਾਉਣ ਲਈ ਉਪਰਾਲੇ ਕਰਨਾ ਸੀ।ਇਸ ਮੌਕੇ ਸਿਵਲ ਸਰਜਨ ਗੁਰਦਾਸਪੁਰ ਡਾ. ਭਾਰਤ ਭੂਸ਼ਨ ਨੇ ਕਿਹਾ ਕਿ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਤਹਿਤ ਕੁੜੀਆਂ ਦੀ ਜਨਮ ਦਰ ਵਿੱਚ ਵਾਧਾ ਹੋਇਆ ਹੈ, ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ। ਕੁੜੀਆਂ ਦੀ ਜਨਮ ਦਰ ਵਿੱਚ ਹੋਰ ਸੁਧਾਰ ਦਾ ਯਤਨ ਕੀਤਾ ਜਾ ਰਿਹਾ ਹੈ। ਕੁੜੀਆਂ ਲਈ ਸਰਕਾਰ ਵਲੋਂ ਜਾਰੀ ਸਕੀਮਾਂ ਬਾਲੜੀ ਰੱਖਿਆ ਯੋਜਨਾ, ਸੁਕੰਨਿਆ ਸਮਰਿੱਧੀ ਯੋਜਨਾ ਆਦਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। 0 ਤੋਂ 5 ਸਾਲ ਤੱਕ ਦੀਆਂ ਕੁੜੀਆਂ ਦੇ ਮੁਫ਼ਤ ਇਲਾਜ ਦੀ ਸਹੂਲੀਅਤ ਮੁਹਈਆ ਹੈ। ਕੁੜੀਆਂ ਦੀ ਬਿਹਤਰ ਦੇਖਭਾਲ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਪੀ ਸੀ ਪੀ ਐਨ ਡੀ ਟੀ ਐਕਟ ਤਹਿਤ ਲਿੰਗ ਨਿਰਧਾਰਨ ਟੈਸਟ ਕਰਨਾ ਅਪਰਾਧ ਹੈ। ਜੇਕਰ ਕੋਈ ਅਜਿਹਾ ਕਰਦਾ ਹੈ ਤਾਂ ਉਸ ਦੀ ਸੂਚਨਾ ਵਿਭਾਗ ਨੂੰ ਦਿੱਤੀ ਜਾਵੇ ਤਾਂ ਜੋ ਦੋਸ਼ੀਆਂ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾ ਸਕੇ। ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾ. ਤੇਜਿੰਦਰ ਕੌਰ ਨੇ ਕਿਹਾ ਕਿ ਅਟਰਾਸਾਊਂਡ ਸੈਂਟਰਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ।ਜੋ ਵੀ ਕੋਈ ਨਿਯਮਾਂ ਦੀ ਉਲੰਘਣਾ ਕਰੇਗਾ ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ।ਪਿੰਡ ਪੱਧਰ ਤੇ ਇਸ ਸਬੰਧੀ ਜਾਗਰੁਕਤਾ ਪੈਦਾ ਕੀਤੀ ਜਾਵੇ। ਡੀ ਐਮ ਸੀ ਡਾ. ਰੋਮੀ ਰਾਜਾ ਮਹਾਜਨ ਅਤੇ ਏ ਸੀ ਐਸ ਡਾ. ਪ੍ਰਭਜੋਤ ਕਲਸੀ ਨੇ ਕੁੜੀਆਂ ਦੇ ਇਲਾਜ ਅਤੇ ਬਿਹਤਰੀ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਮੁਫ਼ਤ ਸਕੀਮਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਬਲਾਕ ਪੱਧਰ 'ਤੇ ਸਮੇਂ ਸਮੇਂ 'ਤੇ ਕੁੜੀਆਂ ਅਤੇ ਮੁੰਡਿਆਂ ਦੀ ਜਨਮ ਦਰ ਦਾ ਬਿਓਰਾ ਇੱਕਠਾ ਕਰਕੇ ਬਦਲਾਅ ਲਈ ਚਰਚਾ ਕੀਤੀ ਜਾਵੇ। ਬੇਟੀ ਦੇ ਜਨਮ 'ਤੇ ਵੀ ਖ਼ੁਸ਼ੀ ਮਨਾਈ ਜਾਵੇ।ਇਸ ਮੌਕੇ ਡਾਕਟਰ ਜੋਤੀ, ਮਾਸ ਮੀਡੀਆ ਅਫਸਰ ਰੁਪਿੰਦਰਜੀਤ ਕੌਰ ਆਦਿ ਹਾਜ਼ਰ ਸਨ।

# ਸਾਥੀ ਨਿਰਮਲ ਸਿੰਘ ਬੋਪਾਰਾਏ ਦਾ ਸ਼ਰਧਾਂਜਲੀ ਸਮਾਗਮ ਤੇ ਰਾਜਨੀਤਿਕ ਕਾਨਫਰੰਸ ਅੱਜ

ਗੁਰਦਾਸਪੁਰ, ਧਾਰੀਵਾਲ (ਜਨਕ ਮਹਾਜਨ, ਮਨਦੀਪ ਸਿੰਘ ਵਿੱਕੀ)- ਗੌਰਮੈਂਟ ਟੀਚਰ ਯੂਨੀਅਨ, ਪੰਜਾਬ ਪੈਨਸ਼ਨਰ ਐਸੋਸੀਏਸ਼ਨ ਅਤੇ ਜਮਹੂਰੀ ਕਿਸਾਨ ਸਭਾ ਦੇ ਆਗੂ ਰਹੇ ਤੇ ਸਮਾਜਿਕ ਕਾਰਜਾਂ ਵਿੱਚ ਮੋਹਰੀ ਭੂਮਿਕਾ ਅਦਾ ਕਰਨ ਵਾਲੇ ਸਾਥੀ ਨਿਰਮਲ ਸਿੰਘ ਬੋਪਾਰਾਏ 19 ਦਸੰਬਰ 2024 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਹ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੇ ਜ਼ਿਲ੍ਹਾ ਆਗੂ ਵੀ ਸਨ। ਸਾਰੀ ਉਮਰ ਉਹ ਜਥੇਬੰਦੀਆਂ ਉਸਾਰ ਕੇ ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਜੂਝਦੇ ਰਹੇ। ਆਰ.ਐਮ.ਪੀ.ਆਈ. ਤਹਿਸੀਲ ਗੁਰਦਾਸਪੁਰ ਵੱਲੋਂ ਉਨ੍ਹਾਂ ਪ੍ਰਤੀ ਸ਼ਰਧਾਂਜਲੀ ਸਮਾਗਮ ਅਤੇ ਰਾਜਨੀਤਿਕ ਕਾਨਫਰੰਸ ਅੱਜ ਸਵੇਰੇ 11 ਵਜੇ ਰੁਲੀਆ ਰਾਮ ਕਲੋਨੀ ਸਥਿੱਤ ਸ਼ਹੀਦ ਬਲਜੀਤ ਸਿੰਘ ਭਵਨ ਜੇਲ੍ਹ ਰੋਡ ਗੁਰਦਾਸਪੁਰ ਵਿਖੇ ਹੋਵੇਗੀ। ਇਸ ਰਾਜਨੀਤਿਕ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਪਾਰਟੀ ਦੇ ਕੁੱਲ ਹਿੰਦ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਇਸ ਸਬੰਧੀ ਪਾਰਟੀ ਆਗੂਆਂ ਮੱਖਣ ਸਿੰਘ ਕੁਹਾੜ, ਸ਼ਿਵ ਕੁਮਾਰ, ਨੱਥਾ ਸਿੰਘ, ਧਿਆਨ ਸਿੰਘ ਠਾਕੁਰ, ਗੁਰਦਿਆਲ ਸਿੰਘ ਸੋਹਲ, ਹਰਜੀਤ ਸਿੰਘ ਕਾਹਲੋਂ, ਅਜੀਤ ਸਿੰਘ, ਠੱਕਰ ਸੰਧੂ, ਅਜੀਤ ਸਿੰਘ ਹੁੰਦਲ, ਜਗੀਰ ਸਿੰਘ ਸਲਾਚ, ਹੈਡਮਾਸਟਰ ਅਬਿਨਾਸ਼ ਸਿੰਘ, ਰਘਬੀਰ ਸਿੰਘ ਚਾਹਲ, ਅਮਰਜੀਤ ਸਿੰਘ ਸੈਣੀ, ਨਗਰ ਜਗਦੀਪ ਸਿੰਘ, ਜਗਜੀਤ ਸਿੰਘ ਨਵਾਂ ਪਿੰਡ, ਗੁਰਦੀਪ ਸਿੰਘ ਭੰਗੂ ਆਦਿ ਨੇ ਦੱਸਿਆ ਕਿ ਇਸ ਮੌਕੇ ਵਿਛੜੇ ਸਾਥੀ ਦੇ ਜਥੇਬੰਦਕ ਕਾਰਜਾਂ ਬਾਰੇ ਗੱਲ ਕਰਨ ਦੇ ਨਾਲ ਨਾਲ ਪੰਜਾਬ ਅਤੇ ਦੇਸ਼ ਦੀ ਅਜੋਕੀ ਸਥਿਤੀ ਅਤੇ ਭਾਰਤੀ ਜਨਤਾ ਪਾਰਟੀ ਦੀਆਂ ਫਿਰਕਾਪ੍ਰਸਤ ਫਾਸ਼ੀਵਾਦੀ ਕਾਰਵਾਈਆਂ ਨੂੰ ਵੀ ਬੇਨਕਾਬ ਕੀਤਾ ਜਾਵੇਗਾ। ਕੇਂਦਰ ਦੀਆਂ ਕਿਸਾਨ ਮਜ਼ਦੂਰ ਮੁਲਾਜ਼ਮ ਵਿਰੋਧੀ ਨੀਤੀਆਂ ਵਿਰੁੱਧ ਇੱਕ ਮੁੱਠ ਹੋ ਕੇ ਸੰਘਰਸ਼ ਕਰਨ ਬਾਰੇ ਵਿਚਾਰ ਚਰਚਾ ਹੋਵੇਗੀ।ਆਗੂਆਂ ਨੇ ਸਾਥੀ ਨਿਰਮਲ ਸਿੰਘ ਨਾਲ ਪਿਆਰ ਕਰਨ ਵਾਲੇ ਅਤੇ ਸਮੂਹ ਮਜ਼ਦੂਰਾਂ ਕਿਸਾਨਾਂ ਨੂੰ ਇਸ ਵਿੱਚ ਪੁੱਜਣ ਦੀ ਜ਼ੋਰਦਾਰ ਅਪੀਲ ਕੀਤੀ ਹੈ।

3-Jan-PAGE-12.qxd 1/2/2025 10:42 PM Page 1



# ਬਾਬਾ ਸਾਹਿਬ ਅੰਬੇਡਕਰ ਦਾ ਅਪਮਾਨ ਸਹਿਣ ਨਹੀਂ ਕੀਤਾ ਜਾਵੇਗਾ : ਆਗੂ



**ਫਿਲੌਰ (ਨਿਰਮਲ, ਹਰਜਿੰਦਰ ਕੌਰ ਚਾਹਲ)**

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਆਰ ਐਮ ਪੀ ਆਈ ਵੱਲੋਂ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ ਫੂਕ ਮੁਜ਼ਾਹਰਾ ਕੀਤਾ ਗਿਆ।ਜਿਸ ਦੀ ਅਗਵਾਈ ਜਸਵੀਰ ਸਿੰਘ ਭੋਲੀ ਅਤੇ ਜਰਨੈਲ ਫਿਲੌਰ ਨੇ ਕੀਤੀ।ਇਸ ਮੌਕੇ ਆਰ ਐਮ ਪੀ ਆਈ ਦੇ ਸੂਬਾਈ ਆਗੂ ਸਾਥੀ ਪਰਮਜੀਤ ਰੰਧਾਵਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਅੰਦਰ ਫਿਰਕੂ ਫਾਸੀਵਾਦ ਤਾਕਤਾਂ ਸੰਵਿਧਾਨ ਦਾ ਅਪਮਾਨ ਕਰ ਰਹੀਆਂ ਹਨ ਇਹ ਤਾਕਤਾਂ ਮਨੂੰ ਸਿਮਰਤੀ ਨੂੰ ਦੇਸ਼ ਅੰਦਰ ਲਾਗੂ ਕਰਨਾ ਚਾਹੁੰਦੀਆਂ ਹਨ।ਇਸ ਵੇਲੇ ਭਾਜਪਾ ਸਰਕਾਰ ਨੂੰ ਰੋਕਣਾ ਅਹਿਮ ਜਰੂਰੀ ਹੋ ਗਿਆ ਹੈ ਭਾਰਤੀ ਸੰਵਿਧਾਨ ਧਰਮ ਨਿਰਪੱਖ ਲੋਕਾਂ ਦੀ ਰਾਖੀ ਕਰਦਾ ਹੈ।ਕੇਂਦਰ ਦੀ ਸਰਕਾਰ ਲੋਕ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਬੇਲੋੜੇ ਬਿਆਨ ਦੇ ਰਹੀ ਹੈ, ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਦੇ ਵਿਰੁੱਧ ਭੱਦੀ ਸ਼ਬਦਾਵਲੀ ਵਰਤਣ ਵਾਲੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜੋ ਅੰਬੇਡਕਰ ਦਾ ਅਪਮਾਨ ਕੀਤਾ ਹੈ ਉਹ ਨਿੰਦਨ ਯੋਗ ਹੈ। ਮੁੱਦਿਆਂ ਤੋਂ ਧਿਆਨ ਭਟਕਾ ਕੇ ਆਮ ਜਨਤਾ ਨੂੰ ਗੁਮਰਾਹ ਕੀਤਾ ਹੈ ਇੱਕ ਵੱਡੇ ਅਹੁਦੇ ਤੇ ਬੈਠ ਕੇ ਅੰਬੇਦਕਰ ਦਾ ਅਪਮਾਨ ਕੀਤਾ ਹੈ ਜਿਸ ਤੋਂ ਸਰਕਾਰ ਦੀ ਮਾਨਸਿਕਤਾ ਦਾ ਪਤਾ ਚਲਦਾ ਹੈ। ਰੰਧਾਵਾ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਅਮਿਤ ਸ਼ਾਹ ਨੇ ਆਪਣੇ ਸ਼ਬਦ ਵਾਪਸ ਨਾ ਲਏ ਤਾਂ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਲਾਮਬੰਦ ਕਰਕੇ ਹੋਰ ਤਿੱਖਾ ਸੰਘਰਸ਼ ਕੀਤਾ ਜਾਵੇਗਾ।ਇਸ ਮੌਕੇ ਕੁਲਜੀਤ ਫਿਲੌਰ, ਪਾਰਸ, ਮੇਜਰ ਫਿਲੌਰ, ਹੰਸਰਾਜ, ਅੰਮ੍ਰਿਤ ਪਾਲ ਨੰਗਲ, ਐਡਵੋਕੇਟ ਸੰਜੀਵ ਭੋਰਾ, ਐਡਵੋਕੇਟ ਅਜੇ ਫਿਲੌਰ , ਗਗਨ ਦੀਪ, ਜੱਸਾ ਫਿਲੌਰ ਸੰਦੀਪ ਫਿਲੌਰ, ਸੰਨੀ ਜੱਸਲ, ਗੁਰਦੀਪ ਗੋਗੀ ਬੇਗਮਪੁਰ, ਪਰਸ਼ੋਤਮ ਕਤਪਾਲੋਂ, ਸਾਬੀ ਫਿਲੌਰ ਸ਼ਾਮਲ ਹੋਏ।

# ਦੂਜੀ 'ਆਨਲਾਈਨ ਐਨ ਆਰ ਆਈ ਮਿਲਣੀ' ਅੱਜ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਦੇਸ਼ 'ਚ ਪਹਿਲੀ ਅਤੇ ਵਿਲੱਖਣ ਸੇਵਾ ਦੀ ਲੜੀ ਤਹਿਤ ''ਦੂਜੀ ਆਨਲਾਈਨ ਐਨ.ਆਰ.ਆਈ ਮਿਲਣੀ'' 3 ਜਨਵਰੀ, ਸ਼ੁੱਕਰਵਾਰ ਨੂੰ ਸਵੇਰੇ 11:00 ਕੀਤੀ ਜਾਵੇਗੀ, ਜਿਸ ਵਿੱਚ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਸੁਣੀਆਂ ਜਾਣਗੀਆਂ ਅਤੇ ਉਨ੍ਹਾਂ ਦਾ ਹੱਲ ਕੀਤਾ ਜਾਵੇਗਾ।ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ. ਭਗਵੰਤ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪ੍ਰਵਾਸੀ ਪੰਜਾਬੀਆਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਲਗਾਤਾਰ ਠੋਸ ਕਦਮ ਚੁੱਕ ਰਹੀ ਹੈ ਤਾਂ ਜੋ ਬਿਨ੍ਹਾਂ ਕਿਸੇ ਖੱਜਲ ਖੁਆਰੀ ਤੋਂ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਛੇਤੀ ਅਤੇ ਸਾਰਥਕ ਹੱਲ ਕੀਤਾ ਜਾ ਸਕੇ।ਧਾਲੀਵਾਲ ਨੇ ਦੱਸਿਆ ਕਿ 3 ਜਨਵਰੀ ਨੂੰ ਸਵੇਰੇ 11:00 ਵਜੇ ਵੈਬ ਲਿੰਕ ਰਾਹੀਂ ਪ੍ਰਵਾਸੀ ਪੰਜਾਬੀ ਆਪਣੀਆਂ ਹਰ ਤਰ੍ਹਾਂ ਦੀਆਂ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਐਨ.ਆਰ.ਆਈ ਪੰਜਾਬੀ ਆਪਣੀਆਂ ਲਿਖਤੀ ਸ਼ਿਕਾਇਤਾਂ ਈਮੇਲ'ਤੇ ਵੀ ਭੇਜ ਸਕਦੇ ਹਨ।

# ਲਾਇਲਪੁਰ ਖ਼ਾਲਸਾ ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋਫੈਸਰ ਜਸਰੀਨ ਕੌਰ ਹੋਏ ਸੇਵਾ-ਮੁਕਤ



**ਜਲੰਧਰ (ਸ਼ੈਲੀ ਐਲਬਰਟ)**

ਵਿੱਦਿਆ ਦੇ ਖੇਤਰ ਦੀ ਨਾਮਵਰ ਸੰਸਥਾ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਸਮੂਹ ਸਟਾਫ (ਟੀਚਿੰਗ ਅਤੇ ਨਾਨ-ਟੀਚਿੰਗ) ਨੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀ ਅਗਵਾਈ ਵਿਚ ਵਾਈਸ-ਪ੍ਰਿੰਸੀਪਲ ਅਤੇ ਅੰਗਰੇਜੀ ਵਿਭਾਗ ਦੇ ਮੁਖੀ ਪ੍ਰੋ. ਜਸਰੀਨ ਕੌਰ ਦੀ ਰਿਟਾਇਰਮੈਂਟ ਮੌਕੇ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਵਿਦਾਇਗੀ ਪਾਰਟੀ ਦਿੱਤੀ ਗਈ। ਸਮਾਗਮ ਦੇ ਸ਼ੁਰੂ ਵਿੱਚ ਪ੍ਰੋ. ਜਸਰੀਨ ਕੌਰ ਅਤੇ ਉਨ੍ਹਾਂ ਦੇ ਜੀਵਨ ਸਾਥੀ ਦਾ ਸਵਾਗਤ ਗੁਲਦਸਤੇ ਦੇ ਕੇ ਕੀਤਾ ਗਿਆ। ਇਸ ਵਿਦਾਇਗੀ ਪਾਰਟੀ ਦੇ ਸ਼ੁਰੂਆਤ ਵਿਚ ਡਾ. ਗੀਤਾਂਜਲੀ ਮਹਾਜਨ ਵਲੋਂ ਪ੍ਰੋ. ਜਸਰੀਨ ਕੌਰ ਦੇ ਜੀਵਨ ਉਪਰ ਤਿਆਰ ਕੀਤੀ ਜਾਣਕਾਰੀ ਭਰਭੂਰ ਇਕ ਪੀ.ਪੀ.ਟੀ. ਪੇਸ਼ ਕੀਤੀ ਗਈ । ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਪ੍ਰੋ. ਜਸਰੀਨ ਕੌਰ ਦੇ ਅਧਿਆਪਨ ਕਾਲ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪ੍ਰੋ. ਜਸਰੀਨ ਕੌਰ ਨੇ ਕਾਲਜ ਵਿਖੇ 38 ਸਾਲ ਦੌਰਾਨ ਬਤੌਰ ਕਾਰਜਕਾਰੀ ਪ੍ਰਿੰਸੀਪਲ, ਡੀਨ, ਅਕਾਦਮਿਕ ਮਾਮਲੇ ਅਤੇ ਮੁਖੀ ਅੰਗਰੇਜੀ ਵਿਭਾਗ ਅਤੇ ਵਜੋਂ ਸੇਵਾ ਨਿਭਾਈ। ਇਸ ਸਮੇਂ ਦੌਰਾਨ ਉਨ੍ਹਾਂ ਸਮੇਂ-ਸਮੇਂ 'ਤੇ ਕਾਲਜ ਵਲੋਂ ਦਿੱਤੇ ਗਏ ਹੋਰ ਮਹੱਤਵਪੂਰਨ ਅਹੁਦਿਆਂ ਤੇ ਵੀ ਬੜੀ ਲਗਨ ਨਾਲ ਕੰਮ ਕੀਤਾ । ਉਨ੍ਹਾਂ ਕਿਹਾ ਕਿ ਉਹ ਇਕ ਚੰਗੇ ਅਧਿਆਪਕ ਹੀ ਨਹੀਂ ਸਗੋਂ ਵਧੀਆ ਇਨਸਾਨ ਵੀ ਹਨ, ਜੋ ਸਮੇਂ-ਸਮੇਂ 'ਤੇ ਸਟਾਫ ਅਤੇ ਵਿਦਿਆਰਥੀਆਂ ਦੀ ਹਰ ਸੰਭਵ ਮਦਦ ਕਰਦੇ ਰਹੇ ਹਨ। ਸਟਾਫ ਸੈਕਟਰੀ ਡਾ. ਰਛਪਾਲ ਸਿੰਘ ਸੰਧੂ ਨੇ ਵੀ ਸਟਾਫ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਪ੍ਰੋ. ਜਸਰੀਨ ਕੌਰ ਨੇ ਕਾਲਜ ਵਿਖੇ ਪੜ੍ਹਾਉਂਦਿਆਂ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ।ਕਾਲਜ ਵਲੋਂ ਪ੍ਰੋ. ਜਸਰੀਨ ਕੌਰ ਨੂੰ ਦਿੱਤਾ ਗਿਆ ਸ਼ੋਭਾ ਪੱਤਰ, ਉਹਨਾਂ ਦੀ ਉੱਤਰਾ ਅਧਿਕਾਰੀ ਡਾ. ਬਲਰਾਜ ਕੌਰ ਵਲੋਂ ਪੜ੍ਹਿਆ ਗਿਆ। ਪ੍ਰੋ. ਨਵਦੀਪ ਕੌਰ ਕਾਲਜ ਰਜਿਸਟਰਾਰ, ਡਾ. ਚਰਨਜੀਤ ਸਿੰਘ, ਡਾ. ਅੰਮ੍ਰਿਤਪਾਲ ਸਿੰਘ ਅਤੇ ਸੁਰਿੰਦਰ ਕੁਮਾਰ ਚਲੋਤਰਾ ਪੀ.ਏ. ਨੇ ਵੀ ਪ੍ਰੋ. ਜਸਰੀਨ ਕੌਰ ਦੇ ਤਜ਼ਰਬਿਆਂ ਨੂੰ ਸਾਰਿਆਂ ਨਾਲ ਸਾਂਝੇ ਕਰਦਿਆਂ ਉਨ੍ਹਾਂ ਦੀ ਲੰਮੀ ਉਮਰ, ਤੰਦਰੁਸਤੀ ਤੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ। ਪ੍ਰੋ. ਜਸਰੀਨ ਕੌਰ ਨੇ ਕਿਹਾ ਕਿ ਕਾਲਜ ਨੇ ਇਥੋਂ ਦੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਨੇ ਜਿਹੜਾ ਮਾਣ ਸਤਿਕਾਰ ਮੈਨੂੰ ਦਿੱਤਾ ਹੈ, ਉਸ ਨੂੰ ਸਾਰੀ ਜ਼ਿੰਦਗੀ ਨਹੀਂ ਭੁਲਾ ਸਕਦੀ ਅਤੇ ਉਨ੍ਹਾਂ ਦੀ ਦਿਲੀ ਇੱਛਾ ਹੈ ਕਿ ਇਹ ਕਾਲਜ ਸਦਾ ਦਿਨ ਦੁਗਣੀ ਤੇ ਰਾਤ ਚੌਗਣੀ ਤਰੱਕੀ ਕਰਦਾ ਰਹੇ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਜਦੋਂ ਵੀ ਕਦੇ ਕਾਲਜ ਨੂੰ ਮੇਰੀ ਜ਼ਰੂਰਤ ਮਹਿਸੂਸ ਹੋਵੇਗੀ ਮੈਂ ਹਾਜ਼ਰ ਰਹਾਂਗੀ। । ਇਸ ਸਮੇਂ ਸਮੂਹ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਮੈਂਬਰਾਂ ਨੇ ਉਹਨਾਂ ਦੇ ਚੰਗੇਰੇ ਭੱਵਿਖ ਦੀ ਕਾਮਨਾ ਕੀਤੀ । ਟੀਚਿੰਗ ਸਟਾਫ ਵਲੋਂ ਸਟੇਜ ਸੰਚਾਲਕ ਦੀ ਭੂਮਿਕਾ ਡਾ. ਰਛਪਾਲ ਸਿੰਘ ਸੰਧੂ ਨੇ ਅਤੇ ਨਾਨ-ਟੀਚਿੰਗ ਸਟਾਫ ਵਲੋਂ ਸਟੇਜ ਸੰਚਾਲਕ ਦੀ ਭੂਮਿਕਾ ਅਸ਼ਵਨੀ ਕੁਮਾਰ ਵਲੋਂ ਬਾਖੂਬੀ ਨਿਭਾਈ ਗਈ।

# ਪੁਲਸ ਨੇ ਇੱਕ ਘੰਟੇ 'ਚ ਲੱਭੀ ਗੁੰਮ ਹੋਈ ਨਬਾਲਗ ਲੜਕੀ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**

ਭਿੱਖੀਵਿੰਡ ਪੁਲਸ ਵੱਲੋਂ ਗੁੰਮ ਹੋਈ ਨਬਾਲਗ ਬੱਚੀ ਨੂੰ ਸੂਚਨਾ ਮਿਲਣ ਮਗਰੋਂ ਮਹਿਜ਼ ਇੱਕ ਘੰਟੇ 'ਚ ਲੱਭ ਕੇ ਵਾਰਿਸਾਂ ਹਵਾਲੇ ਕਰ ਦੇਣ ਦੀ ਖ਼ਬਰ ਸਾਹਮਣੇ ਆਈ ਹੈ। ਲੜਕੀ ਦੇ ਪਰਵਾਰ ਵੱਲੋਂ ਪੁਲਸ ਦੀ ਮੁਸਤੈਦੀ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਇਸ ਸੰਬੰਧੀ ਥਾਣਾ ਮੁਖੀ ਭਿੱਖੀਵਿੰਡ ਇੰਸਪੈਕਟਰ ਮਨੋਜ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਕੋਲ ਜਸਬੀਰ ਕੌਰ ਪੁੱਤਰੀ ਬਲਵਿੰਦਰ ਸਿੰਘ ਵਾਸੀ ਭਿੱਖੀਵਿੰਡ ਨਾਮਕ ਲੜਕੀ ਪਾਸੋਂ ਉਸ ਦੀ ਛੋਟੀ ਭੈਣ ਜਿਸ ਦੀ ਉਮਰ 12 ਸਾਲ ਹੈ, ਦੇ ਗੁੰਮ ਹੋ ਜਾਣ ਦੀ ਦਰਖ਼ਾਸਤ ਆਈ ਸੀ। ਐੱਸ ਐੱਚ ਓ ਨੇ ਦੱਸਿਆ ਕਿ ਲੜਕੀ ਘਰੋਂ ਭਿੱਖੀਵਿੰਡ ਮੰਦਰ 'ਚ ਮੱਥਾ ਟੇਕਣ ਗਈ ਸੀ, ਪ੍ਰੰਤੂ ਮੱਥਾ ਟੇਕਣ ਉਪਰੰਤ ਉਹ ਘਰ ਵਾਪਸ ਨਹੀਂ ਗਈ। ਸੂਚਨਾ ਮਿਲਣ ਮਗਰੋਂ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਉਨ੍ਹਾਂ ਗੁਪਤ ਸੂਤਰਾਂ ਤੋਂ ਜਾਣਕਾਰੀ ਇਕੱਤਰ ਕੀਤੀ ਤੇ ਟੀਮਾਂ ਬਣਾ ਕੇ ਲੜਕੀ ਦੀ ਭਾਲ ਸ਼ੁਰੂ ਕਰ ਦਿੱਤੀ। ਐੱਸ ਐੱਚ ਓ ਨੇ ਦੱਸਿਆ ਕਿ ਭਾਲ ਦੌਰਾਨ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਇੱਕ ਨਬਾਲਗ ਲੜਕੀ ਭਿੱਖੀਵਿੰਡ 'ਚ ਪੱਟੀ ਰੋਡ 'ਤੇ ਸਥਿਤ ਪੈਟਰੋਲ ਪੰਪ 'ਤੇ ਰੋ ਰਹੀ ਹੈ। ਸੂਚਨਾ ਮਿਲਣ ਤੋਂ ਤੁਰੰਤ ਬਾਅਦ ਉਨ੍ਹਾਂ ਦੀ ਟੀਮ ਮੌਕੇ 'ਤੇ ਪਹੁੰਚ ਕੇ ਲੜਕੀ ਨੂੰ ਥਾਣੇ ਲੈ ਆਈ। ਉਪਰੰਤ ਉਨ੍ਹਾਂ ਨੇ ਲੜਕੀ ਦੇ ਪਰਵਾਰ ਨੂੰ ਥਾਣੇ ਬੁਲਾਇਆ। ਥਾਣਾ ਮੁਖੀ ਨੇ ਦੱਸਿਆ ਕਿ ਥਾਣੇ ਪਹੁੰਚ ਕੇ ਜਦੋਂ ਲੜਕੀ ਦੇ ਪਰਵਾਰ ਨੇ ਆਪਣੀ ਬੱਚੀ ਨੂੰ ਸਹੀ ਸਲਾਮਤ ਦੇਖਿਆ ਤਾਂ ਉਨ੍ਹਾਂ ਨੇ ਭਿੱਖੀਵਿੰਡ ਪੁਲਸ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਮਹਿਲਾ ਮੁਲਾਜ਼ਮ ਪਰਮਜੀਤ ਕੌਰ, ਮੈਡਮ ਰਾਜਵਿੰਦਰ ਕੌਰ, ਸਬ-ਇੰਸਪੈਕਟਰ ਗੁਰਦੀਪ ਸਿੰਘ, ਮੁੱਖ ਮੁਨਸ਼ੀ ਸ਼ਿੰਗਾਰਾ ਸਿੰਘ ਆਦਿ ਹਾਜ਼ਰ ਸਨ।



# ਸਰਕਾਰੀ ਪ੍ਰਾਇਮਰੀ ਸਕੂਲ ਬਕਨੌਰ 'ਚ ਚੋਰੀ

**ਪਠਾਨਕੋਟ, ( ਬਲਵਿੰਦਰ ਸਿੰਘ ਬਿੱਲਾ )**-ਸਰਕਾਰੀ ਪ੍ਰਾਇਮਰੀ ਸਕੂਲ ਬਕਨੌਰ ਵਿੱਚ ਬੀਤੇ ਕੱਲ੍ਹ ਚੋਰਾਂ ਵੱਲੋਂ ਸਕੂਲ ਦੇ ਤਾਲੇ ਤੋੜ ਕੇ ਸਕੂਲ ਅੰਦਰ ਪਿਆ ਸਮਾਨ ਚੋਰੀ ਕਰ ਲਿਆ ਗਿਆ। ਸਕੂਲ ਮੁਖੀ ਸ੍ਰੀਮਤੀ ਸ਼ਿਸ਼ਟਾ ਦੇਵੀ ਦੇਵੀ ਨੇ ਦੱਸਿਆ ਕਿ ਸਕੂਲ ਵਿੱਚ ਛੁੱਟੀਆਂ ਚੱਲ ਰਹੀਆਂ ਸਨ ਅਤੇ ਇੱਕ ਜਨਵਰੀ ਨੂੰ ਸਕੂਲ ਖੁੱਲ੍ਹਣੇ ਸੀ, ਜਿਸ ਕਾਰਨ ਮਿਡ ਡੇ ਮੀਲ ਵਰਕਰਾਂ ਵੱਲੋਂ ਬੀਤੇ ਕੱਲ੍ਹ ਸਕੂਲ ਵਿੱਚ ਬਰਤਨਾਂ ਦੀ ਸਾਫ਼ ਸਫ਼ਾਈ ਲਈ ਸਕੂਲ ਨੂੰ ਖੋਲ੍ਹਿਆ ਗਿਆ ਤਾਂ ਸਕੂਲ ਦੇ ਕਮਰਿਆਂ ਦੇ ਤਾਲੇ ਟੁੱਟੇ ਹੋਏ ਸਨ। ਉਨ੍ਹਾਂ ਵੱਲੋਂ ਤੁਰੰਤ ਇਸ ਦੀ ਜਾਣਕਾਰੀ ਉਨ੍ਹਾਂ ਨੂੰ ਤੇ ਪਿੰਡ ਦੇ ਸਰਪੰਚ ਨੂੰ ਦਿੱਤੀ ਗਈ। ਜਦੋਂ ਉਨ੍ਹਾਂ ਵੱਲੋਂ ਸਕੂਲ ਜਾ ਕੇ ਦੇਖਿਆ ਗਿਆ ਤਾਂ ਸਕੂਲ ਅੰਦਰੋਂ ਸੱਤ ਕਵਿੰਟਲ ਚਾਵਲ, ਤਿੰਨ ਕਵਿੰਟਲ ਕਣਕ, ਇੱਕ ਐਲ.ਈ.ਡੀ ਅਤੇ ਇੱਕ ਗੈਸ ਸਿਲੰਡਰ ਗਾਇਬ ਸਨ। ਘਟਨਾ ਦੀ ਜਾਣਕਾਰੀ ਤੁਰੰਤ ਪੁਲਸ ਨੂੰ ਦਿੱਤੀ ਗਈ ਅਤੇ ਪੁਲਸ ਮੁਲਾਜ਼ਮਾਂ ਵੱਲੋਂ ਸਕੂਲ ਦਾ ਦੌਰਾ ਕਰਕੇ ਘਟਨਾ ਦਾ ਜਾਇਜ਼ਾ ਲਿਆ ਗਿਆ।



# ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਵੱਲੋਂ ਸਰਕਾਰ ਖਿਲਾਫ਼ ਤਿੱਖੀ ਨਾਅਰੇਬਾਜ਼ੀ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਵੱਲੋਂ ਸਰਕਾਰ ਦੇ ਖਿਲਾਫ਼ ਤਿੱਖੀ ਨਾਅਰੇਬਾਜ਼ੀ ਕੀਤੀ ਗਈ। ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਏਟਕ ਦੇ ਪ੍ਰਧਾਨ ਬਲਬੀਰ ਸਿੰਘ , ਅੰਮ੍ਰਿਤਪਾਲ ਸਿੰਘ ਅਤੇ ਕਰਮਚਾਰੀ ਦਲ ਪ੍ਰਧਾਨ ਮਨੋਹਰ ਸਿੰਘ ਲੌਂਗੀਆ ਦੀ ਪ੍ਰਧਾਨਗੀ ਹੇਠ ਰੋਸ ਰੈਲੀ ਕੀਤੀ ਅਤੇ ਵੱਖ-ਵੱਖ ਯੂਨੀਅਨਾਂ ਦੇ ਅਹੁਦੇਦਾਰ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਏਟਕ ਦੇ ਜਨਰਲ ਸਕੱਤਰ ਬਿਕਰਮਜੀਤ ਸਿੰਘ,ਐਕਟਿੰਗ ਪ੍ਰਧਾਨ ਮਲਕੀਤ ਸਿੰਘ,ਮੀਤ ਪ੍ਰਧਾਨ ਰਾਮ ਜੀ ਦਾਸ ਕਰਮਚਾਰੀ ਦਲ ਦੇ ਸੋਡੀ ਸਿੰਘ ਇੰਸਪੈਕਟਰ ਯੂਨੀਅਨ ਦੇ ਤਿਲਕ ਰਾਜ, ਰਣਜੀਤ ਸਿੰਘ ਪੰਜਾਬ ਰੋਡਵੇਜ਼ ਪਨਬੱਸ ਬੀ ਕੰਟਰੈਕਟ ਵਰਕਰ ਯੂਨੀਅਨ 1/19 ਅਜੈਬ ਸਿੰਘ ਕੰਡਕਟਰ ਯੂਨੀਅਨ ਰਮਨਦੀਪ ਸਿੰਘ ਪੰਜਾਬ ਰੋਡਵੇਜ਼ ਦੀਆਂ ਮੰਗਾਂ ਸਬੰਧੀ ਦੱਸਿਆ ਕਿ ਪਿਛਲੇ ਸਮੇਂ ਪੰਜਾਬ ਰੋਡਵੇਜ਼ ਦੇ ਫਲੀਟ ਵਿੱਚ 2407 ਬੱਸਾਂ ਸੀ।ਹੁਣ ਦੇ ਸਮੇਂ ਘੱਟ ਹੁੰਦੀ ਹੁੰਦੀ 1000 ਬੱਸ ਹੀ ਰਹਿ ਗਈ ਹੈ, ਉਹਨਾਂ ਵਿੱਚੋਂ ਵੀ ਕਈ ਬੱਸਾਂ ਸਪੇਅਰ ਪਾਰਟ ਨਾ ਹੋਣ ਕਾਰਨ ਵਰਕਸ਼ਾਪ ਦੇ ਵਿੱਚ ਖੜੀਆਂ ਹਨ। ਪੰਜਾਬ ਰੋਡਵੇਜ਼ ਵਿੱਚ 10000 ਦੇ ਕਰੀਬ ਨਵੀਆਂ ਬੱਸਾਂ ਪਾਈਆਂ ਜਾਣ। ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ,ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, ਪੈਂਡਿੰਗ ਪ੍ਰਮੋਸ਼ਨਾਂ ਕੀਤੀਆਂ ਜਾਨ।ਸਾਂਝੀ ਐਕਸ਼ਨ ਕਮੇਟੀ ਦੇ ਕੀਤੇ ਫੈਸਲੇ 'ਤੇ 18 ਡੀਪੂਆਂ ਵਿੱਚ ਗੇਟ ਰੈਲੀਆਂ ਕੀਤੀਆਂ ਗਈਆਂ। ਚਾਰ ਜਨਵਰੀ ਨੂੰ ਟ੍ਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ ਦੀ ਰਿਹਾਇਸ਼ ਪੱਟੀ ਜਾਣ 'ਤੇ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨੀਸ਼ ਕੁਮਾਰ,ਗੁਰਜੀਤ ਸਿੰਘ,ਜਰਨੈਲ ਰਾਮ,ਗੁਰਚਰਨ ਸਿੰਘ,ਮਨਦੀਪ ਸਿੰਘ,ਸਤਨਾਮ ਸਿੰਘ ,ਵਰਿੰਦਰ ਸਿੰਘ,ਬਲਰਾਜ ਸਿੰਘ, ਸੁਰਜੀਤ ਸਿੰਘ ਆਦਿ ਹਾਜ਼ਰ ਸਨ।





ਪੁਲਸ ਚੌਕੀ ਅਤੇ ਨਵਾਂ ਸ਼ਹਿਰ- ਫ਼ਗਵਾੜਾ ਰੋਡ 'ਤੇ ਪੁਲਸ ਨਾਕਾ ਮੇਹਲੀ ਵਿਖੇ ਚੈਕਿੰਗ ਦੌਰਾਨ ਚੌਕੀ ਇੰਚਾਰਜ ਏ ਐਸ ਆਈ ਅਸ਼ੋਕ ਲੋਹਟੀਆ,ਏ ਐਸ ਆਈ ਸੋਢੀ ਰਾਮ,ਏ ਐਸ ਆਈ ਹਰਜੀਤ ਸਿੰਘ, ਏ ਐਸ ਆਈ ਜਸਵੀਰ ਸਿੰਘ ਵਾਹਨਾਂ ਦੀ ਤਲਾਸ਼ੀ ਕਰਦੇ ਹੋਏ। (ਫੋਟੋ ਤੇ ਵੇਰਵਾ : ਅਵਤਾਰ ਕਲੇਰ, ਬੰਗਾ)

# ਠੰਢ ਕਾਰਨ ਲੋਕ ਆਪਣੇ ਘਰਾਂ 'ਚ ਕੈਦ



**ਦੀਨਾਨਗਰ, (ਸੰਜੀਵ)**-ਪਹਾੜੀ ਖੇਤਰਾਂ ਦੇ ਨਾਲ-ਨਾਲ ਮੈਦਾਨੀ ਖੇਤਰਾਂ ਵਿੱਚ ਵੀ ਠੰਢ ਨੇ ਤਬਾਹੀ ਮਚਾ ਦਿੱਤੀ ਹੈ। ਠੰਢੀਆਂ ਹਵਾਵਾਂ ਨੇ ਲੋਕਾਂ ਦਾ ਬੁਰਾ ਹਾਲ ਕਰ ਦਿੱਤਾ ਹੈ। ਸਵੇਰ ਵੇਲੇ ਸੰਘਣੀ ਧੁੰਦ ਕਾਰਨ ਜਿੱਥੇ ਸੜਕਾਂ 'ਤੇ ਆਵਾਜਾਈ ਪ੍ਰਭਾਵਿਤ ਹੋਈ, ਉਥੇ ਸੂਰਜ ਵੀ ਨਹੀਂ ਨਿਕਲ ਸਕਿਆ। ਜਿਸ ਕਾਰਨ ਠੰਢ ਬਰਕਰਾਰ ਰਹੀ।ਦੁਪਹਿਰ 1 ਵਜੇ ਤੱਕ ਸੰਘਣੀ ਧੁੰਦ ਛਾਈ ਰਹੀ। ਸਵੇਰ ਦਾ ਮੌਸਮ ਦੇਖ ਕੇ ਲਗਦਾ ਸੀ ਕਿ ਧੁੱਪ ਨਿਕਲੇਗੀ ਪਰ ਸਾਰਾ ਦਿਨ ਸੂਰਜ ਦੇਵਤਾ ਨਜ਼ਰ ਨਹੀਂ ਆਇਆ। ਦਿਨ ਵੇਲੇ ਲੋਕ ਵਾਹਨਾਂ ਦੀਆਂ ਹੈੱਡਲਾਈਟਾਂ ਜਗਾ ਕੇ ਆਉਂਦੇ-ਜਾਂਦੇ ਦੇਖੇ ਗਏ। ਦਿਨ ਭਰ ਬੱਦਲਵਾਈ ਅਤੇ ਠੰਢੀਆਂ ਹਵਾਵਾਂ ਚੱਲਣ ਕਾਰਨ ਤਾਪਮਾਨ ਕਾਫ਼ੀ ਘੱਟ ਰਿਹਾ।ਲੋਕ ਬਦਲਵੇਂ ਪ੍ਰਬੰਧ ਕਰਕੇ ਅੱਗ ਬਾਲ ਕੇ ਆਪਣੇ ਆਪ ਨੂੰ ਠੰਢ ਤੋਂ ਬਚਾਉਂਦੇ ਦੇਖੇ ਗਏ। ਸਰਦੀ ਦਾ ਕਹਿਰ ਇੰਨਾ ਜ਼ਿਆਦਾ ਹੈ ਕਿ ਲੋਕ ਆਪਣੇ ਘਰਾਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਅਤੇ ਬਾਜ਼ਾਰਾਂ ਵਿੱਚ ਵੀ ਚਹਿਲ ਪਹਿਲ ਘੱਟ ਵੇਖਣ ਨੂੰ ਮਿਲੀ। ਦੂਜੇ ਪਾਸੇ ਡਾਕਟਰ ਵੀ ਬੱਚਿਆਂ ਅਤੇ ਬਜ਼ੁਰਗਾਂ ਨੂੰ ਠੰਢ ਤੋਂ ਬਚਣ ਦੀ ਸਲਾਹ ਦੇ ਰਹੇ ਹਨ।

# ਆਰ ਐੱਮ ਪੀ ਆਈ ਨੇ ਅਮਿਤ ਸ਼ਾਹ ਦਾ ਫੂਕਿਆ ਪੁਤਲਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਡਾਕਟਰ ਭੀਮਰਾਓ ਅੰਬੇਡਕਰ ਸਾਹਿਬ ਖਿਲਾਫ ਅਪਸ਼ਬਦ ਬੋਲਣ ਅਤੇ ਘੱਟ ਗਿਣਤੀਆਂ ਖਿਲਾਫ ਹਮਲੇ ਕਰਨ ਵਿਰੁੱਧ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਆਰ ਐਮ ਪੀ ਆਈ ਵੱਲੋਂ ਬਜਾਰਾ ਵਿੱਚ ਰੋਸ ਪ੍ਰਦਰਸ਼ਨ ਕਰਕੇ ਬਹੋੜੀ ਚੌਂਕ ਵਿਖੇ ਪੁਤਲਾ ਸਾੜਿਆ ਗਿਆ ਅਤੇ ਮੰਤਰੀ ਮੰਡਲ ਤੋਂ ਬਰਖਾਸਤ ਕਰਨ ਦੀ ਮੰਗ ਕੀਤੀ ਗਈ । ਇਸ ਦੀ ਅਗਵਾਈ ਜਰਨੈਲ ਸਿੰਘ ਰਸੂਲਪੁਰ, ਮੀਨਾ ਕੌਰ ਚੀਮਾ, ਸਰਪੰਚ ਚੀਮਾ ਖੁਰਦ, ਬੁੱਧ ਸਿੰਘ ਪੱਖੋਕੇ ਨੇ ਕੀਤੀ। ਇਸ ਤੋਂ ਪਹਿਲਾਂ ਗਾਂਧੀ ਪਾਰਕ ਤਰਨ ਤਾਰਨ 'ਚ ਇਕੱਤਰ ਹੋਏ ਸਰਗਰਮ ਵਰਕਰਾਂ ਨੂੰ ਸੰਬੋਧਨ ਕਰਦਿਆਂ ਆਰ ਐਮ ਪੀ ਆਈ ਦੇ ਜ਼ਿਲ੍ਹਾ ਵਿੱਤ ਸਕੱਤਰ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਆਰ ਐਸ ਐਸ ਦੇ ਇਸ਼ਾਰਿਆਂ 'ਤੇ ਘੱਟ ਗਿਣਤੀਆਂ, ਦਲਿਤਾਂ, ਮੁਸਲਮਾਨਾਂ, ਈਸਾਈਆਂ ਖਾਸ ਕਰ ਔਰਤਾਂ 'ਤੇ ਜਾਨ ਲੇਵਾ ਹਮਲੇ ਕੀਤੇ ਜਾ ਰਹੇ ਹਨ । ਸੰਵਿਧਾਨ ਨੂੰ ਤੋੜਨ ਲਈ ਮਨਸੂਬੇ ਘੜੇ ਜਾ ਰਹੇ ਹਨ । ਦਲਿਤ ਸਮਾਜ ਦੇ ਰਹਿਬਰਾਂ ਖਿਲਾਫ ਅਪਸ਼ਬਦ ਬੋਲੇ ਜਾ ਰਹੇ ਹਨ । ਉਨ੍ਹਾਂ ਕਿਹਾ ਕਿ ਬਹੁਧਰਮੀ ਦੇਸ਼ ਦੇ ਲੋਕਾਂ ਨੂੰ ਧਰਮਾਂ ਜਾਤਾਂ ਦੇ ਨਾਂ 'ਤੇ ਲੜਾਇਆ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਗੈਰਵਿਗਿਆਨਕ ਗੱਲਾਂ ਕਰਕੇ ਮੰਨੂ ਸਿਮਰਤੀ ਲਾਗੂ ਕਰਨ ਲਈ ਅੱਡੀ ਚੋਟੀ ਦਾ ਜੋਰ ਲਾਇਆ ਜਾ ਰਿਹਾ ਹੈ । ਪੰਡੋਰੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਨੀਤੀਆਂ ਵਿੱਚ ਕੋਈ ਅੰਤਰ ਨਹੀਂ । ਇਨ੍ਹਾਂ ਦੋਹਾਂ ਦੀਆਂ ਨੀਤੀਆਂ ਲੋਕ ਵਿਰੋਧੀ ਸਾਬਤ ਹੋਈਆਂ ਹਨ । ਇਸ ਮੌਕੇ ਨਰਿੰਦਰ ਸਿੰਘ ਰਟੋਲ, ਕਰਮ ਸਿੰਘ ਪੰਡੋਰੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੀ ਨਵਉਦਾਰਵਾਦੀ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰ ਰਹੀ ਹੈ, ਜਿਨ੍ਹਾਂ ਨੀਤੀਆਂ ਕਾਰਨ ਰੁਜ਼ਗਾਰ ਦੇ ਵਸੀਲੇ ਖਤਮ ਹੋ ਰਹੇ ਹਨ। ਲੋਕਾਂ ਨਾਲ ਕੀਤੀਆਂ ਗਰੰਟੀਆਂ ਨੂੰ ਪੂਰਿਆ ਨਹੀਂ ਕੀਤਾ ਜਾ ਰਿਹਾ । ਮਨਰੇਗਾ ਸਕੀਮ ਦਾ ਲਾਭ ਆਪਣੇ ਚਹੇਤਿਆਂ ਨੂੰ ਦਿੱਤਾ ਜਾ ਰਿਹਾ ਹੈ । ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕੀਤਾ ਜਾਵੇ, ਕੰਮ ਮੰਗਦੇ ਸਾਰੇ ਵਰਕਰਾਂ ਨੂੰ ਕੰਮ ਦਿੱਤਾ ਜਾਵੇ ਅਤੇ ਦਿਹਾੜੀ ਸੱਤ ਸੌ ਰੁਪਏ ਦਿੱਤੀ ਜਾਵੇ । ਇਸ ਮੌਕੇ ਮਾਸਟਰ ਗੁਰਪ੍ਰੀਤ ਸਿੰਘ ਠੱਠੀਆ, ਬਲਵਿੰਦਰ ਸਿੰਘ ਦਬੁਰਜੀ, ਗੁਰਭੇਜ ਸਿੰਘ ਭੱਟੀ, ਜੋਗਿੰਦਰ ਸਿੰਘ ਜਵੰਦਾ, ਦਲਬੀਰ ਸਿੰਘ ਬਾਗੜੀਆ, ਕੁਲਦੀਪ ਸਿੰਘ ਰਟੋਲ, ਗੁਰਵੇਲ ਸਿੰਘ ਚੀਮਾ, ਬਗੀਚਾ ਸਿੰਘ ਗੰਡੀਵਿੰਡ ਆਦਿ ਨੇ ਸੰਬੋਧਨ ਕੀਤਾ ।



# ਮੋਹਾਲੀ-ਵਾਕ ਮਾਲ ਦੇ ਫੂਡ ਕੋਰਟ 'ਚ ਖੁੱਲ੍ਹਿਆ ਅੰਮ੍ਰਿਤਸਰੀ ਐੱਕਸਪ੍ਰੈਸ ਬਰਾਂਡ



**ਮੋਹਾਲੀ (ਗੁਰਜੀਤ ਬਿੱਲਾ)**

ਮੋਹਾਲੀ-ਵਾਕ ਮਾਲ, ਫੇਜ਼-8 ਦੀ ਤੀਜੀ ਮੰਜ਼ਲ ਦੀ ਫੂਡ ਕੋਰਟ ਵਿੱਚ ਖੁੱਲ੍ਹੇ ਅੰਮ੍ਰਿਤਸਰੀ ਐਕਸਪ੍ਰੈਸ ਬਰਾਂਡ ਦਾ ਉਦਘਾਟਨ ਮੋਹਾਲੀ ਸ਼ਹਿਰ ਦੇ ਸਮਾਜ ਸੇਵੀ ਹਰਿੰਦਰ ਪਾਲ ਸਿੰਘ ਹੈਰੀ ਵੱਲੋਂ ਕੀਤਾ ਗਿਆ।ਇਸ ਮੌਕੇ ਇਸ ਬਰਾਂਡ ਦੇ ਮਾਲਕ ਨਵਨੀਤ ਜੈਨ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਬਰਾਂਡ ਹਰੇਕ ਪੰਜਾਬੀ ਦੇ ਮਨ ਨੂੰ ਛੂੰਹਦਾ ਹੈ, ਇਸ ਦਾ ਲੋਗੋ ਇੱਕ ਹੱਸਮੁੱਖ, ਮੋਟੀਆਂ ਮੁੱਛਾਂ ਵਾਲਾ ਦਸਤਾਰਧਾਰੀ ਆਦਮੀ ਖੁੱਲ੍ਹੀਆਂ ਬਾਹਾਂ ਨਾਲ ਮਹਿਮਾਨਾਂ ਦਾ ਸੁਆਗਤ ਕਰਦਾ ਹੈ।ਅੰਮ੍ਰਿਤਸਰੀ ਐਕਸਪ੍ਰੈਸ ਵਿੱਚ ਮੱਖਣ ਅਤੇ ਘਿਓ ਨਾਲ ਬਣੇ ਕੁਲਚੇ, ਚੂਰ-ਚੂਰ ਨਾਨ ਅਤੇ ਸੁੱਕੇ ਮੇਵੇ, ਮੱਕੀ, ਮਸ਼ਰੂਮ, ਹਰੀਆਂ ਸਬਜ਼ੀਆਂ, ਸਾਗ ਅਤੇ ਪਾਲਕ ਵਰਗੀਆਂ ਸਮੱਗਰੀਆਂ ਸ਼ਾਮਲ ਹਨ, ਜੋ ਭਾਰਤੀ ਸਟ੍ਰੀਟ ਫੂਡ ਵਿੱਚ ਤਾਜ਼ਾ ਵਿਭਿੰਨਤਾ ਲਿਆਉਂਦੀਆ ਹਨ। ਉੱਤਰੀ ਭਾਰਤ ਵਿੱਚ 40 ਤੋਂ ਵੱਧ ਮਾਲਾਂ ਵਿੱਚ ਮੌਜੂਦਗੀ ਦੇ ਨਾਲ ਅੰਮ੍ਰਿਤਸਰੀ ਐਕਸਪ੍ਰੈਸ ਇਹਨਾਂ ਸਥਾਨਾਂ ਵਿੱਚ ਸਭ ਤੋਂ ਵੱਧ ਪਸੰਦੀਦਾ ਅਤੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਆਊਟਲੈਟਾਂ ਵਿੱਚੋਂ ਇੱਕ ਬਣ ਗਿਆ ਹੈ।

ਕਾਰਜਕਾਰੀ ਨਿਰਦੇਸ਼ਕ ਨਵਨੀਤ ਜੈਨ ਨੇ ਮਾਣ ਨਾਲ ਸਾਂਝਾ ਕਰਦੇ ਹੋਏ ਕਿਹਾ ਕਿ ਬ੍ਰਾਂਡ ਨੂੰ ਹਾਲ ਹੀ ਵਿੱਚ ਟਾਈਮਜ਼ ਹਾਸਪਿਟੈਲਿਟੀ ਆਈਕਨਜ਼ ਦੁਆਰਾ 'ਆਈਕਨਿਕ ਕੁਲਚਾ ਬ੍ਰਾਂਡ' ਵਜੋਂ ਮਾਨਤਾ ਦਿੱਤੀ ਗਈ ਹੈ।ਇਸ ਮੌਕੇ ਸਮਾਜ ਸੇਵੀ ਹਰਿੰਦਰ ਪਾਲ ਸਿੰਘ ਹੈਰੀ ਨੇ ਮੌਜੂਦਾ ਭੋਜਨ ਨੂੰ ਚਖਦਿਆਂ ਕਿਹਾ ਕਿ ਅੰਮ੍ਰਿਤਸਰੀ ਐਕਸਪ੍ਰੈਸ ਨੇ ਹਾਲ ਹੀ ਵਿੱਚ ਜੋ ਚੰਡੀਗੜ੍ਹ-ਮੋਹਾਲੀ, ਵਿੱਚ ਇਹ ਇੱਕ ਨਵਾਂ ਆਊਟਲੈਟ ਲਾਂਚ ਕੀਤਾ ਹੈ ਇਸ ਦਾ ਟਰਾਈ ਸਿਟੀ ਨਿਵਾਸੀ ਭਰਭੂਰ ਅਨੰਦ ਮਾਣਨਗੇ।

# ਸਰਬੱਤ ਦੇ ਭਲੇ ਲਈ ਸੁਖਮਨੀ ਸਾਹਿਬ ਦੇ ਜਾਪ ਕਰਵਾਏ

**ਪੱਟੀ, (ਬਲਦੇਵ ਸਿੰਘ ਸੰਧੂ/ ਸ਼ਮਸ਼ੇਰ ਸਿੰਘ ਯੋਧਾ)**-ਨਵੇਂ ਸਾਲ ਦੇ ਆਰੰਭ ਤੇ ਸਰਬੱਤ ਦੇ ਭਲੇ ਦੀ ਸੇਵਾ ਕੇਂਦਰ ਦੇ ਸਟਾਫ ਵੱਲੋਂ ਪੱਟੀ ਦੇ ਸੇਵਾ ਕੇਂਦਰ ਅੰਦਰ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਵਾਏ ਗਏ, ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ।ਸੇਵਾ ਕੇਂਦਰ ਦੇ ਜ਼ਿਲ੍ਹਾ ਮੈਨੇਜਰ ਸਾਹਿਲ ਜੋਸ਼ੀ, ਸਹਾਇਕ ਜ਼ਿਲ੍ਹਾ ਮੈਨੇਜਰ ਰਮਨਦੀਪ ਸਿੰਘ, ਹਨੀ ਕੁਮਾਰ ਸੀਨੀਅਰ ਉਪਰੇਟਰ ਸੇਵਾ ਕੇਂਦਰ ਪੱਟੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਜਿਥੇ ਆਮ ਲੋਕਾਂ ਵੱਲੋਂ ਨਵੇ ਵਰ੍ਹੇ ਦੀ ਸ਼ੁਰੂਆਤ ਗੁਰੂਘਰ ਨਤਮਸਤਕ ਹੋ ਕੇ ਕੀਤੀ ਜਾ ਰਹੀ ਹੈ ਤਾਂ ਉਹਨਾ ਵੱਲੋਂ ਵਿਚਾਰ ਕੀਤਾ ਗਿਆ ਕਿ ਕਿਉਂ ਨਾ ਗੁਰੂ ਸਾਹਿਬ ਦੇ ਚਰਨ ਆਪਣੇ ਸੇਵਾ ਕੇਂਦਰ ਵਿਚ ਪਵਾ ਕੇ ਦਫਤਰ ਨੂੰ ਪਵਿੱਤਰ ਕੀਤਾ ਜਾਵੇ। ਸ੍ਰੀ ਸੁਖਮਨੀ ਸਾਹਿਬ ਦੇ ਅਖੰਡ ਜਾਪ ਕਰਵਾਏ ਗਏ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸ਼ਰਨਜੀਤ ਸਿੰਘ, ਨਵਤੇਜ ਸਿੰਘ, ਜਗਦੀਪ ਸਿੰਘ, ਸਪਨਾ ਸ਼ਰਮਾ, ਕਿਰਨਦੀਪ ਕੌਰ, ਜਸਪ੍ਰੀਤ ਕੌਰ ਸਮੂਹ ਸਟਾਫ ਪੱਟੀ ਆਦਿ ਸਨ।



# ਆਈ ਕੇ ਜੀ ਪੀ ਟੀ ਯੂ ਦੇ ਦੋ ਅਧਿਕਾਰੀ ਸੇਵਾਮੁਕਤ ਹੋਏ



**ਜਲੰਧਰ (ਸ਼ੈਲੀ ਐਲਬਰਟ)**

ਆਈ.ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ ਪੀ.ਟੀ ਯੂ) ਦੇ ਦੋ ਅਧਿਕਾਰੀ 31 ਦਸੰਬਰ 2024 ਨੂੰ ਸੇਵਾਮੁਕਤ ਹੋਏ। ਇਨ੍ਹਾਂ ਅਧਿਕਾਰੀਆਂ ਵਿੱਚ ਯੂਨੀਵਰਸਿਟੀ ਦੇ ਕਾਰਜਕਾਰੀ ਇੰਜੀਨੀਅਰ ਹਰਵਿੰਦਰ ਪਾਲ ਸਿੰਘ ਅਤੇ ਡਿਪਟੀ ਰਜਿਸਟਰਾਰ (ਸੀਨੀਅਰ ਸਕੇਲ) ਰਜਿੰਦਰ ਡੋਗਰਾ ਸ਼ਾਮਲ ਹਨ। ਦੋਵਾਂ ਅਧਿਕਾਰੀਆਂ ਦੀ ਸੇਵਾਮੁਕਤੀ ਮੌਕੇ ਯੂਨੀਵਰਸਿਟੀ ਵਿੱਚ ਸੇਵਾ ਮੁਕਤੀ ਸਮਾਗਮ ਕਰਵਾਇਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਯੂਨੀਵਰਸਿਟੀ ਦੇ ਉਪ-ਕੁਲਪਤੀ (ਵਾਈਸ ਚਾਂਸਲਰ) ਪ੍ਰੋ. (ਡਾ.) ਸੁਸ਼ੀਲ ਮਿੱਤਲ ਸਨ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਰਜਿਸਟਰਾਰ ਡਾ.ਐਸ.ਕੇ. ਮਿਸ਼ਰਾ ਸ਼ਾਮਿਲ ਹੋਏ। ਵਾਈਸ ਚਾਂਸਲਰ ਪ੍ਰੋ.(ਡਾ.) ਮਿੱਤਲ ਨੇ ਦੋਵਾਂ ਅਧਿਕਾਰੀਆਂ ਨੂੰ ਸੇਵਾ ਮੁਕਤੀ ਤੋਂ ਬਾਅਦ ਅਗਲੇ ਪੜਾਅ ਲਈ ਸ਼ੁਭਕਾਮਨਾਵਾਂ ਦਿੱਤੀਆਂ। ਰਜਿਸਟਰਾਰ ਡਾ. ਮਿਸ਼ਰਾ ਨੇ ਦੋਵਾਂ ਅਧਿਕਾਰੀਆਂ ਵੱਲੋਂ ਆਪੋ-ਆਪਣੇ ਵਿਭਾਗਾਂ ਵਿੱਚ ਕੀਤੇ ਚੰਗੇ ਕੰਮਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਚੰਗੇਰੇ ਭਵਿੱਖ ਦੀ ਕਾਮਨਾ ਕੀਤੀ । ਇਸ ਮੌਕੇ ਵਿਚਾਰ ਸਾਂਝੇ ਕਰਨ ਲਈ ਰੱਖੇ ਗਏ ਓਪਨ ਹਾਊਸ ਦੌਰਾਨ ਯੂਨੀਵਰਸਿਟੀ ਦੇ ਕੰਟਰੋਲਰ ਆਫ਼ ਐਗਜ਼ਾਮੀਨੇਸ਼ਨ (ਪ੍ਰੀਖਿਆ ਕੰਟਰੋਲਰ) ਡਾ. ਪਰਮਜੀਤ ਸਿੰਘ ਅਤੇ ਵਿੱਤ ਅਧਿਕਾਰੀ ਡਾ. ਸੁਖਬੀਰ ਸਿੰਘ ਵਾਲੀਆ ਨੇ ਦੋਵਾਂ ਅਧਿਕਾਰੀਆਂ ਨਾਲ ਕੀਤੇ ਕੰਮਾਂ ਸੰਬੰਧੀ ਤਜ਼ਰਬੇ ਸਾਂਝੇ ਕੀਤੇ । ਸਵਾਗਤੀ ਭਾਸ਼ਣ ਡਿਪਟੀ ਰਜਿਸਟਰਾਰ ਐਚ.ਆਰ ਡਾ.ਨਿਤਿਆ ਸ਼ਰਮਾ ਨੇ ਦਿੱਤਾ। ਸਮਾਗਮ ਦਾ ਆਯੋਜਨ ਯੂਨੀਵਰਸਿਟੀ ਦੇ ਮਨੁੱਖੀ ਸਰੋਤ ਵਿਭਾਗ ਵੱਲੋਂ ਕੀਤਾ ਗਿਆ। ਮੰਚ ਸੰਚਾਲਨ ਡਿਪਟੀ ਰਜਿਸਟਰਾਰ ਲੋਕ ਸੰਪਰਕ ਰਜਨੀਸ਼ ਸ਼ਰਮਾ ਨੇ ਕੀਤਾ। ਇਸ ਮੌਕੇ ਯੂਨੀਵਰਸਿਟੀ ਦੇ ਡੀਨ ਡਾ. ਆਰ.ਪੀ.ਐਸ.ਬੇਦੀ, ਡਾ. ਬਲਕਾਰ ਸਿੰਘ, ਡਾ. ਹਿਤੇਸ਼ ਸ਼ਰਮਾ, ਡਾ. ਸਤਬੀਰ ਸਿੰਘ ਅਤੇ ਹੋਰ ਅਧਿਕਾਰੀ, ਫੈਕਲਟੀ ਮੈਂਬਰ, ਸਟਾਫ਼ ਮੈਂਬਰ ਹਾਜ਼ਰ ਸਨ ।

# 'ਪਹਿਲੀ ਅਧਿਆਪਕ ਅਤੇ ਹੋਰ ਨਾਟਕ' ਲੋਕ ਅਰਪਣ

**ਜਲੰਧਰ**—ਕੁਲਵੰਤ ਕੌਰ ਨਗਰ ਦੇ ਦੂਜੇ ਨਾਟ ਸੰਗ੍ਰਹਿ 'ਪਹਿਲੀ ਅਧਿਆਪਕ ਅਤੇ ਹੋਰ ਨਾਟਕ' ਦਾ ਲੋਕ ਅਰਪਣ ਨਿਵੇਕਲੇ ਅੰਦਾਜ਼ ਵਿਚ ਹੋਇਆ।ਵਿਸ਼ੇਸ਼ ਮੁਲਾਕਾਤ ਦੌਰਾਨ ਕੁਲਵੰਤ ਕੌਰ ਨਗਰ ਬਿਆਨਦੀ ਹੈ ਕਿ ਵੇਖਣ ਵਿਚ ਆਇਆ ਕਿ ਲੇਖਕਾਂ ਦਾ ਸੁਪਨਾ ਹੁੰਦਾ ਹੈ ਕਿ ਉਹਨਾਂ ਦੀ ਕਿਤਾਬ ਦੇ ਰਿਲੀਜ਼ ਸਮਾਰੋਹ ਵੇਲੇ ਨਾਮਵਰ ਲੇਖਕਾਂ ਨੂੰ ਇਕੱਠਾ ਕੀਤਾ ਜਾਵੇ।ਤਰੀਫਾਂ, ਜਸ਼ਨ ਅਤੇ ਮਿੱਠੀ ਸਲੂਣੀ ਪਾਰਟੀ ਦਾ ਦੌਰ ਚਲਦਾ ਹੈ। ਕਿਤਾਬ ਨੂੰ ਵਿਆਹ ਦੇ ਸ਼ੱਕਰ ਪਾਰਿਆਂ ਵਾਂਗ ਵੰਡ ਦਿੱਤਾ ਜਾਂਦਾ ਹੈ।ਕੁਝ ਕਿਤਾਬਾਂ ਕਿਤਾਬਾਂ ਵੇਚਣ ਵਾਲਿਆਂ ਨੂੰ ਵੀ ਦੇ ਦਿੱਤੀਆਂ ਜਾਂਦੀਆਂ ਨੇ।ਅੱਗੇ ਕਿਤਾਬ ਵਿਕਰੇਤਾ ਕੀ ਕਰਦੇ ਨੇ ਇਹ 'ਅੱਲ੍ਹਾ'ਜਾਣੇ।ਕਵਿਤਾਵਾਂ, ਗ਼ਜ਼ਲਾਂ ਕਹਾਣੀਆਂ ਜੀਵਨੀਆਂ, ਸਵੈ-ਜੀਵਨੀਆਂ ਤੇ ਨਾਵਲ ਆਮ ਕਰਕੇ ਪਾਠਕ ਲੈ ਜਾਂਦੇ ਨੇ।ਨਾਟ-ਸੰਗ੍ਰਹਿ ਦੀ ਗੱਲ ਕਰੀਏ ਤਾਂ ਇਸ ਨੂੰ ਜ਼ਿਆਦਾਤਰ ਰੰਗ-ਮੰਚ ਨਾਲ ਜੁੜੇ ਲੋਕ ਹੀ ਖ਼ਰੀਦਦੇ ਨੇ ਪਰ ਕਿਤਾਬ ਵਿਚ ਜਿਨ੍ਹਾਂ ਦੀ ਗੱਲ ਹੁੰਦੀ ਹੈ ਜਿਨ੍ਹਾਂ ਤੱਕ ਪਹੁੰਚਣੀ ਚਾਹੀਦੀ ਹੈ ਉਹਨਾਂ ਤੱਕ ਨਹੀਂ ਪੁੱਜਦੀ।ਕੁਲਵੰਤ ਕੌਰ ਨਗਰ ਦਾ ਇਹ ਨਾਟ ਸੰਗ੍ਰਹਿ ਚਿੰਤਨ ਪ੍ਰਕਾਸ਼ਨ ਲੁਧਿਆਨਾ ਨੇ ਛਾਪਿਆ ਹੈ।ਇਸ ਦੀ ਵਿਲੱਖਣ ਘੁੰਡ ਚੁਕਾਈ ਦੀ ਖ਼ੂਬ ਚਰਚਾ ਹੈ।ਇਹ ਕਿਤਾਬ ਲੋਕਾਂ ਨੇ ਲੋਕਾਂ ਨੂੰ ਸਮਰਪਿਤ ਕੀਤੀ ਹੈ। ਇਸਦੇ ਮੁੱਖ ਮਹਿਮਾਨ ਕਿਰਤੀ ਸਨ।ਇਹ ਕਿਤਾਬ ਬੇਜ਼ਮੀਨੇ ਮਜ਼ਦੂਰਾਂ ਅਤੇ ਪਿੰਡ ਮੁਠੱਡਾ ਕਲਾ ਦੇ ਪੰਚਾਇਤੀ ਘੋਲ ਨੂੰ ਸਮਰਪਿਤ ਕੀਤੀ ਗਈ ਹੈ।ਪਿੰਡ ਮੁਠੱਡਾ ਕਲਾਂ ਦਾ ਪੰਚਾਇਤੀ ਘੋਲ ਲੰਬਾ ਸਮਾਂ ਚੱਲਦਾ ਰਿਹਾ ਹੈ। ਪਿੰਡ ਮੁਠੱਡਾ ਕਲਾਂ ਦੇ ਮਜ਼ਦੂਰਾਂ ਦਾ ਕਿਸਾਨੀ ਅੰਦੋਲਨ ਦੌਰਾਨ ਵੀ ਵੱਡਾ ਯੋਗਦਾਨ ਰਿਹਾ ਹੈ।ਉਹ ਵੱਡੇ ਪੱਧਰ 'ਤੇ ਰੈਲੀਆਂ ਕਰਦੇ ਅਤੇ ਜਾਗੋ ਕੱਢਦੇ ਰਹੇ।ਮੁਠੱਡਾ ਕਲਾਂ ਵਿਖੇ ਵਿਸ਼ਾਲ ਮਜ਼ਦੂਰ ਕਿਸਾਨ ਰੈਲੀ ਵੀ ਹੋਈ।ਇਸ ਪਿੰਡ ਦੇ ਸੰਘਰਸ਼ੀ ਮਜ਼ਦੂਰਾਂ ਤੇ ਕਿਸਾਨਾਂ ਨੇ ਇਸ ਕਿਤਾਬ ਨੂੰ ਜੀ ਆਇਆ ਆਖਿਆ ਹੈ। ਆਮ ਲੋਕਾਂ ਨੇ ਇਕੱਠੇ ਹੋ ਕੇ ਇਸ ਕਿਤਾਬ ਨੂੰ ਆਪਣੇ ਹੱਥੀ ਲੋਕ ਅਰਪਣ ਕੀਤਾ ਹੈ। ਕਿਤਾਬ ਦਾ ਸਾਰਾ ਐਡੀਸ਼ਨ ਹੀ ਲੋਕਾਂ ਰਾਏ ਕਰਕੇ ਲੈ ਲਿਆ ਹੈ।ਕਿਰਤੀ ਲੋਕ ਆਪਣੇ ਆਪ ਨੂੰ ਇਸਦੇ ਪਾਤਰ ਮਹਿਸੂਸ ਕਰਦੇ ਹਨ । ਉਹ ਇਸ ਨੂੰ ਆਪੋ ਆਪਣੇ ਘਰ ਨਹੀਂ ਰੱਖਣਗੇ ਸਗੋਂ ਆਪਣੇ ਰਿਸ਼ਤੇਦਾਰਾਂ ਨੂੰ ਵੀ ਪੜ੍ਹਾਉਣਗੇ ਤੇ ਦੱਸਣਗੇ ਕਿ ਆਪਣੇ ਹੱਕਾਂ ਲਈ ਸੰਘਰਸ਼ ਕਿਵੇਂ ਕਰਨਾ ਹੈ।ਦਰਸ਼ਨ ਖਟਕੜ ਜੀ ਦਾ ਲਿਖਿਆ ਮੁੱਖਬੰਦ ਉਚੇਚੇ ਤੌਰ 'ਤੇ ਪਿੰਡ ਵਾਸੀਆਂ ਨੂੰ ਪੜ੍ਹ ਕੇ ਸੁਣਾਇਆ ਗਿਆ। ਲੋਕਾਂ ਨੇ ਸਾਹ ਰੋਕ ਕੇ ਸੁਣਿਆ। ਪਿੰਡ ਦੀ ਸਰਪੰਚ ਮਨਜੀਤ ਕੌਰ ਨੇ ਦੱਸਿਆ ਹੈ ਕਿ ਜਿਹੜੀਆਂ ਔਰਤਾਂ ਕਿਤਾਬ ਦੇ ਰਿਲੀਜ਼ ਸਮਾਰੋਹ ਵਿੱਚ ਨਹੀਂ ਪਹੁੰਚ ਸਕੀਆਂ ਉਹ ਨਰਾਜ਼ ਹੋ ਰਹੀਆਂ ਹਨ ਕਿ ਉਹਨਾਂ ਨੂੰ ਦੱਸਿਆ ਕਿਉਂ ਨਹੀਂ? ਸ਼ਾਇਦ ਇਹ ਪਹਿਲੀ ਨਾਟਕਾਂ ਦੀ ਕਿਤਾਬ ਹੈ ਜਿਹੜੀ ਇਸ ਅੰਦਾਜ਼ ਵਿਚ ਉਹਨਾਂ ਹੱਥਾਂ ਤੱਕ ਪਹੁੰਚਣ ਦੀ ਬਜਾਏ ਉਹਨਾਂ ਦੇ ਹੱਥ ਕਿਤਾਬ ਤੱਕ ਪੁੱਜੇ ਹਨ ਜਿਨ੍ਹਾਂ ਲਈ ਇਹ ਲਿਖੀ ਗਈ ਹੈ। ਉਹਨਾਂ ਕਿਰਤੀ ਹੱਥਾਂ ਨੇ ਕਿਰਤੀਆਂ ਨੂੰ ਇਹ ਕਿਤਾਬ ਅਰਪਣ ਕੀਤੀ ਹੈ। ਹੈਰਾਨੀ ਦੀ ਗੱਲ ਹੈ ਕਿ ਸਾਰੇ ਪਿੰਡ ਵਾਸੀ ਕੈਮਰੇ ਵਿੱਚ ਨਹੀਂ ਆ ਰਹੇ ਸੀ ਇਸ ਕਰਕੇ ਕਈ ਗਰੁੱਪ ਫੋਟੋਆਂ ਖਿੱਚਣੀਆਂ ਪਈਆਂ। ਪਿੰਡ ਦੇ ਵਿਦੇਸ਼ਾਂ 'ਚ ਬੈਠੇ ਨੌਜਵਾਨ ਵੀ ਕਿਤਾਬ ਦੀ ਪੀਡੀਐਫ ਮੰਗ ਰਹੇ ਹਨ, ਵਧਾਈਆਂ ਦੇ ਰਹੇ ਹਨ ਅਤੇ ਨਾਟਕ ਵਿੱਚ ਆਪਣਾ ਰੋਲ ਖੋਜ ਰਹੇ ਹਨ। ਜਦੋਂ ਲੋਕਾਂ ਨੂੰ ਲੱਗਦਾ ਹੈ ਕਿ ਕਿਤਾਬਾਂ 'ਚ ਉਹਨਾਂ ਦੀ ਆਪਣੀ ਗੱਲ ਹੈ ਤਾਂ ਉਹ ਕਿਤਾਬਾਂ ਨੂੰ ਜ਼ਰੂਰ ਪੜ੍ਹਦੇ ਹਨ। ਕੁਲਵੰਤ ਕੌਰ ਦਾ ਕਹਿਣਾ ਹੈ ਕਿ ਮੇਰੀ ਜ਼ਿੰਦਗੀ ਦੀ ਇਹ ਅਨਮੋਲ ਯਾਦ ਹੈ। ਅਮੁੱਲਾ ਨਜ਼ਰਾਨਾ ਹੈ। ਉਸਨੇ ਲੋਕ ਅਰਪਣ ਸਮਾਰੋਹ ਉਪਰੰਤ ਆਪਣੇ ਸੰਬੋਧਨ ਵਿਚ ਕਿਹਾ 'ਸੱਚ ਹੈ ਕਿ ਕਿਰਤ ਕਰਨ ਵਾਲੇ ਲੋਕ ਜਦੋਂ ਜਾਗਦੇ ਨੇ ਤਾਂ ਸਾਰਾ ਜਗ ਚਾਨਣ-ਚਾਨਣ ਹੋ ਜਾਂਦਾ ਹੈ'।ਜ਼ਿਕਰਯੋਗ ਹੈ ਕਿ ਕੁਲਵੰਤ ਕੌਰ ਨਗਰ ਦਾ ਜੀਵਨ ਸਾਥੀ ਜਸਵਿੰਦਰ ਪੱਪੀ, ਬੇਟੀ ਨਰਗਿਸ ਅਤੇ ਬੇਟਾ ਅੰਮ੍ਰਿਤ ਸਾਰਾ ਪਰਵਾਰ ਰੰਗ ਮੰਚ ਨੂੰ ਸਮਰਪਿਤ ਹੈ।ਸਮੂਹ ਨਗਰ ਨੂੰ ਨਵੇਂ ਵਰ੍ਹੇ ਪੁਸਤਕ ਪ੍ਰੇਮੀਆਂ, ਲੇਖਕਾਂ ਰੰਗ ਕਰਮੀਆਂ ਵੱਲੋਂ ਵਿਲੱਖਣ ਮੁਬਾਰਕ ਭੇਜੀ ਗਈ ਕਿ ਨਵੇਂ ਵਰ੍ਹੇ ਨੂੰ ਇਉਂ ਵੀ ਮੁਬਾਰਕ ਕਹਿਣ ਦੀ ਜਾਚ ਮੁਠੱਡਾ ਕਲਾਂ ਅਤੇ ਮਾਨਵਤਾ ਕਲਾ ਮੰਚ ਨਗਰ ਤੋਂ ਸਿੱਖਣੀ ਚਾਹੀਦੀ ਹੈ।ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਨੇ ਸੰਗਰਾਮੀ ਵਿਰਾਸਤ ਨੂੰ ਪ੍ਰਨਾਏ ਪਿੰਡ ਮੁਠੱਡਾ ਕਲਾਂ ਅਤੇ ਕੁਲਵੰਤ ਕੌਰ ਨਗਰ ਨੂੰ ਮੁਬਾਰਕ ਦਿੱਤੀ।



# ਜੀ ਜੀ ਐੱਸ ਬਾਕਸਿੰਗ ਕਲੱਬ ਬਖਤਪੁਰ ਦੇ ਖਿਡਾਰੀਆਂ ਸੂਬਾ ਪੱਧਰ 'ਤੇ ਤਮਗੇ ਜਿੱਤੇ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਚੱਲ ਰਹੇ ਜੀਜੀਐੱਸ ਬਾਕਸਿੰਗ ਕਲੱਬ ਦੇ ਖਿਡਾਰੀਆਂ ਨੇ ਸੂਬਾ ਪੱਧਰੀ ਅਤੇ ਇੰਟਰ ਕਾਲਜ ਬਾਕਸਿੰਗ ਅਤੇ ਕਿੱਕ ਬਾਕਸਿੰਗ ਮੁਕਾਬਲਿਆਂ ਵਿੱਚ ਜਿੱਤਾਂ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ, ਸਕੂਲ ਅਤੇ ਕਲੱਬ ਦਾ ਨਾਮ ਰੌਸ਼ਨ ਕੀਤਾ ਹੈ। ਇਸ ਬਾਬਤ ਸਕੂਲ ਦੇ ਪ੍ਰਿੰ. ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਕਲੱਬ ਦੀ ਖਿਡਾਰਨ ਗੁਰਪ੍ਰੀਤ ਕੌਰ ਨੇ ਖੇਡਾਂ ਵਤਨ ਪੰਜਾਬ ਦੀਆਂ ਸੂਬਾ ਪੱਧਰੀ ਕਿੱਕ ਬਾਕਸਿੰਗ ਵਿੱਚ ਸੋਨੇ ਦਾ ਤਮਗਾ ਅਤੇ ਇੰਟਰ ਕਾਲਜ ਬਾਕਸਿੰਗ ਵਿੱਚ ਚਾਂਦੀ ਦਾ; ਮਨਜੀਤ ਕੌਰ ਨੇ ਇੰਟਰ ਕਾਲਜ ਬਾਕਸਿੰਗ ਵਿੱਚ ਚਾਂਦੀ ਦਾ, ਖੇਡਾਂ ਵਤਨ ਪੰਜਾਬ ਦੀਆਂ ਸੂਬਾ ਪੱਧਰੀ ਵਿੱਚੋਂ ਕਿੱਕ ਬਾਕਸਿੰਗ ਵਿੱਚ ਕਾਂਸੇ ਦਾ; ਜਗਤੇਸ਼ਵਰ ਸਿੰਘ ਨੇ ਸੂਬਾ ਪੱਧਰੀ 68ਵੀਆਂ ਸਕੂਲ ਖੇਡਾਂ ਵਿੱਚੋਂ ਬਾਕਸਿੰਗ ਵਿੱਚ ਚਾਂਦੀ ਦਾ ਅਤੇ ਖੇਡਾਂ ਵਤਨ ਪੰਜਾਬ ਦੀਆਂ ਕਿੱਕ ਬਾਕਸਿੰਗ ਵਿੱਚ ਕਾਂਸੇ ਦਾ; ਤਾਨੀਆ ਨੇ ਸੂਬਾ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਬਾਕਸਿੰਗ ਵਿੱਚ ਚਾਂਦੀ ਦਾ ਅਤੇ 68ਵੀਆਂ ਸਕੂਲ ਖੇਡਾਂ ਬਾਕਸਿੰਗ ਵਿੱਚ ਕਾਂਸੇ ਦਾ; ਸੁਖਲੀਨ ਕੌਰ ਨੇ ਸੂਬਾ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਕਿੱਕ ਬਾਕਸਿੰਗ ਅਤੇ 68ਵੀਆਂ ਸਕੂਲ ਖੇਡਾਂ ਕਿੱਕ ਬਾਕਸਿੰਗ ਵਿੱਚ ਚਾਂਦੀ ਦੇ ਤਮਗੇ; ਸੁਖਮਨੀਜਪਜੀਤ ਕੌਰ ਨੇ ਸੂਬਾ ਪੱਧਰੀ 68ਵੀਆਂ ਸਕੂਲ ਖੇਡਾਂ ਬਾਕਸਿੰਗ ਵਿੱਚ ਕਾਂਸੇ ਦਾ; ਸਿਨੇਹਾ ਨੇ 68ਵੀਆਂ ਸਕੂਲ ਖੇਡਾਂ ਕਿੱਕ ਬਾਕਸਿੰਗ ਵਿੱਚ ਕਾਂਸੇ ਦਾ ਤਮਗਾ ਹਾਸਲ ਕਰਕੇ ਆਪਣੇ ਮਾਤਾ-ਪਿਤਾ ਸਕੂਲ ਅਤੇ ਕਲੱਬ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸਕੂਲ ਡਾਇਰੈਕਟਰ ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਮੈਡਮ ਰਣਜੀਤ ਕੌਰ ਅਤੇ ਮੈਡਮ ਸੁਖਮੀਤ ਕੌਰ ਨੇ ਇਨ੍ਹਾਂ ਬੱਚਿਆਂ ਅਤੇ ਕੋਚ ਨਵਤੇਜ ਸਿੰਘ ਨੂੰ ਮੁਬਾਰਕਬਾਦ ਦਿੱਤੀ ਅਤੇ ਅਗਾਂਹ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਵਿਖੇ 35 ਰੋਜ਼ਾ ਧਾਰਮਿਕ ਜੋੜ ਮੇਲਾ ਸ਼ੁਰੂ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ ਵਿਖੇ ਸੰਤ ਬਾਬਾ ਨਰਿੰਦਰ ਸਿੰਘ-ਸੰਤ ਬਾਬਾ ਬਲਵਿੰਦਰ ਸਿੰਘ ਸੰਪਰਦਾਇ ਕਾਰ ਸੇਵਾ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਤੇ ਜਥੇਦਾਰ ਬਾਬਾ ਗੁਰਮੀਤ ਸਿੰਘ ਨਡਾਲੋਂ ਵਾਲਿਆਂ ਦੀ ਦੇਖ-ਰੇਖ ਹੇਠ ਸੰਤ ਬਾਬਾ ਨਿਧਾਨ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ 35 ਰੋਜ਼ਾ ਧਾਰਮਿਕ ਜੋੜ ਮੇਲਾ 1 ਜਨਵਰੀ ਤੋਂ 4 ਫਰਵਰੀ ਤੱਕ ਮਨਾਇਆ ਜਾ ਰਿਹਾ ਹੈ। ਜਥੇਦਾਰ ਬਾਬਾ ਗੁਰਮੀਤ ਸਿੰਘ ਨਡਾਲੋਂ ਵਾਲਿਆਂ ਨੇ ਦੱਸਿਆ ਕਿ 1 ਜਨਵਰੀ ਦਿਨ ਬੁੱਧਵਾਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਦੀਆਂ ਲੜੀਆਂ ਆਰੰਭ ਹੋਣਗੀਆਂ ਤੇ ਉਨ੍ਹਾਂ ਦੇ ਭੋਗ 4 ਫਰਵਰੀ ਨੂੰ ਪਾਏ ਜਾਣਗੇ, 21 ਜਨਵਰੀ ਤੋਂ 29 ਜਨਵਰੀ ਤੱਕ ਦੁਪਹਿਰ ਨੂੰ 12 ਤੋਂ 4 ਵਜੇ ਤੱਕ ਰੋਜ਼ਾਨਾ ਨਾਮ ਸਿਮਰਨ ਜਾਪ ਹੋਵੇਗਾ, 30 ਜਨਵਰੀ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਤੋਂ ਸਵੇਰੇ 8 ਵਜੇ ਆਰੰਭ ਹੋ ਕੇ ਅਜਨੋਹਾ, ਨੰਗਲ-ਠੰਡਲ-ਚੈੜ, ਜਲਵੇਹੜਾ, ਪਾਂਸ਼ਟਾ, ਕੁੱਕੋਵਾਲ, ਮਾਇਓਪੱਟੀ, ਬੱਡੋਂ, ਪੰਜੌੜ ਤੋਂ ਹੁੰਦਾ ਹੋਇਆ ਉਕਤ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਵੇਗਾ। ਇਸ ਮੌਕੇ ਢਾਡੀ ਗਿਆਨੀ ਦੀਦਾਰ ਸਿੰਘ ਸੰਗਤਪੁਰ ਵਾਲੇ ਤੇ ਢਾਡੀ ਗਿਆਨੀ ਗੁਰਮੇਲ ਸਿੰਘ ਬਘਾਣੇ ਵਾਲੇ ਗੁਰਬਾਣੀ ਗੁਰਇਤਿਹਾਸ ਸਰਵਣ ਕਰਵਾਉਣਗੇ, 1 ਫਰਵਰੀ ਤੋਂ 4 ਫਰਵਰੀ ਸਵੇਰ ਤੱਕ 24 ਘੰਟੇ ਅਖੰਡ ਨਾਮ ਸਿਮਰਨ ਜਾਪ ਹੋਵੇਗਾ, 4 ਫਰਵਰੀ ਨੂੰ ਨਾਮ ਸਿਮਰਨ ਜਾਪ ਤੇ ਸ੍ਰੀ ਅਖੰਡ ਪਾਠ ਸਾਹਿਬ ਦੀਆਂ ਚੱਲ ਰਹੀਆਂ ਲੜੀਆਂ ਦੇ ਭੋਗ ਪਾਏ ਜਾਣਗੇ, ਉਪਰੰਤ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਕਵੀਸ਼ਰ ਭਾਈ ਕੇਵਲ ਸਿੰਘ ਮਹਿਤਾ, ਢਾਡੀ ਭਾਈ ਮਿਲਖਾ ਸਿੰਘ ਮੌਜੀ, ਕਥਾਵਾਚਕ ਭਾਈ ਮਨਦੀਪ ਸਿੰਘ ਪਟਿਆਲੇ ਵਾਲੇ, ਕਵੀਸ਼ਰ ਭਾਈ ਚਾਨਣ ਸਿੰਘ ਬੀ. ਏ. ਸੁਰਵਿੰਡ ਵਾਲੇ, ਭਾਈ ਰਣਜੋਧ ਸਿੰਘ ਨਡਾਲੋਂ, ਭਾਈ ਸੁਖਦੇਵ ਸਿੰਘ ਨਡਾਲੋਂ, ਮੁੱਖ ਗ੍ਰੰਥੀ ਭਾਈ ਅਕਾਸ਼ਦੀਪ ਸਿੰਘ ਬਾਸਰਕੇ ਗਿੱਲਾਂ ਆਈਆਂ ਸੰਗਤਾਂ ਨੂੰ ਗੁਰਬਾਣੀ ਕੀਰਤਨ, ਕਥਾ, ਢਾਡੀ ਵਾਰਾਂ ਤੇ ਕਵੀਸ਼ਰੀ ਵਾਰਾਂ ਰਾਹੀਂ ਨਿਹਾਲ ਕਰਨਗੇ।

# ਪ੍ਰਕਾਸ਼ ਪੁਰਬ ਸੰਬੰਧੀ ਤੀਜੀ ਪ੍ਰਭਾਤ ਫੇਰੀ ਸਜਾਈ, ਨਗਰ ਕੀਰਤਨ 6 ਨੂੰ

**ਅੱਡਾ ਸਰਾਂ ( ਜਸਵੀਰ ਕਾਜਲ)**

ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਬ੍ਰਹਮ ਗਿਆਨੀ ਬਾਬਾ ਬਿਸ਼ਨ ਸਿੰਘ ਪਿੰਡ ਕੰਧਾਲਾ ਜੱਟਾਂ ਤੋਂ ਤੀਜੀ ਪ੍ਰਭਾਤ ਫੇਰੀ ਸਜਾਈ ਗਈ।ਪ੍ਰਭਾਤ ਦੀ ਆਰੰਭਤਾ ਗੁਰਦੁਆਰਾ ਸਾਹਿਬ ਤੋਂ ਹੋਈ ਗੁਰਦੁਆਰਾ ਸ੍ਰੀ ਰਵਿਦਾਸ ਸਭਾ, ਗੁਰਦੁਆਰਾ ਸਿੰਘ ਸਭਾ, ਗੁਰਦੁਆਰਾ ਬਾਬਾ ਬਿਸ਼ਨ ਸਿੰਘ ਚੜ੍ਹਦੀ ਪੱਤੀ ਅਤੇ ਪੂਰੇ ਨਗਰ ਦੀ ਪਰਿਕਰਮਾ ਕਰਦੇ ਹੋਏ ਗੁਰਦੁਆਰਾ ਸਾਹਿਬ ਵਿਖੇ ਸਮਾਪਤੀ ਹੋਈ।ਨਗਰ ਦੀਆਂ ਸੰਗਤਾਂ ਵੱਲੋਂ ਪ੍ਰਭਾਤ ਫੇਰੀ ਵਿੱਚ ਚਾਹ ਪਕੌੜੇ ਮਠਿਆਈਆਂ ਦੇ ਲੰਗਰ ਲਗਾਏ ਗਏ।ਪ੍ਰਬੰਧਕ ਮੈਂਬਰਾਂ ਨੇ ਦੱਸਿਆ ਕਿ 4 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 6 ਜਨਵਰੀ ਸਵੇਰੇ 10 ਵਜੇ ਭੋਗ ਉਪਰੰਤ ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੀ ਦੀ ਛਤਰ ਛਾਇਆ ਹੇਠ, ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਇਆ ਜਾਵੇਗਾ, ਜਿਸ ਵਿੱਚ ਪੰਥ ਦੇ ਮਹਾਨ ਢਾਡੀ ਗੁਲਜਾਰ ਸਿੰਘ ਖੇੜਾ ਅੰਮ੍ਰਿਤਸਰ ਢਾਡੀ ਜੱਥਾ ਅਤੇ ਜੋਗਿੰਦਰ ਸਿੰਘ ਗੁਰਦਾਸਪੁਰੀ ਕਵੀਸ਼ਰ ਜਥਾ ਆਈਆਂ ਹੋਈਆਂ ਸੰਗਤਾਂ ਨੂੰ ਕਥਾ ਵਿਚਾਰਾਂ , ਢਾਡੀ ਵਾਰਾਂ ਰਾਹੀਂ ਗੁਰ ਇਤਿਹਾਸ ਨਾਲ ਜੋੜਣਗੇ ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ , ਕੈਪਟਨ ਸੁਰਿੰਦਰ ਸਿੰਘ ਸੀ ਏ, ਮਨਜੀਤ ਸਿੰਘ ਖਜਾਨਚੀ, ਇੰਦਰਜੀਤ ਸਿੰਘ, ਤਜਿੰਦਰ ਸਿੰਘ ਖਜਾਨਚੀ, ਸੁਰਿੰਦਰ ਸਿੰਘ ਗੁਗਲੀ,ਸੁਖਨਿੰਦਰ ਸਿੰਘ, ਦਰਸ਼ਨ ਸਿੰਘ, ਗੁਰਮੇਲ ਸਿੰਘ, ਇੰਦਰਜੀਤ ਸਿੰਘ, ਅਜੀਤ ਸਿੰਘ। ਗਿਆਨੀ ਰਣਜੀਤ ਸਿੰਘ ਮੁੱਖ ਗ੍ਰੰਥੀ, ਗਿਆਨੀ ਅਵਤਾਰ ਸਿੰਘ ,ਕੁਲਵੰਤ ਸਿੰਘ, ਗੁਰਮੇਲ ਸਿੰਘ, ਗੁਰਵਿੰਦਰ ਸਿੰਘ ਗਿੱਤਾ ਪ੍ਰਧਾਨ ਗੁਰਦੁਆਰਾ ਚੜ੍ਹਦੀ ਪੱਤੀ, ਕੈਪਟਨ ਹਰੀ ਉਮ ਸਿੰਘ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ, ਜਗੀਰ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ, ਲੰਬਰਦਾਰ ਭੁਪਿੰਦਰ ਸਿੰਘ, ਸਿਮਰਨਜੀਤ ਸਿੰਘ, ਦਲਜੀਤ ਸਿੰਘ, ਗਿਆਨੀ ਦਤਾਰ ਸਿੰਘ, ਸਰਵਣ ਸਿੰਘ ਪੰਚ, ਇੰਦਰਜੀਤ ਸਿੰਘ ਇੰਦਾ, ਜਸਵੀਰ ਸਿੰਘ ਸੀਰਾ ਅਤੇ ਹੋਰ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

